Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6SOC2



Vol 17 * Issue 193 Daily Newspaper Wednesday, October 10, 2018 Tel: 905-793-2202 Fax: 905-793-2282 news@punjabipost.ca



## ਅੰਦਰ ਪੜ੍ਹੋ

ਬਰੈਂਪਟਨ ਨਿਵਾਸੀਆਂ ਵਲੋਂ ਲਿੰਡਾ ਜਾਫਰੀ ਲਈ ਵੱਡੀ ਰੈਲੀ 14 ਅਕਤੂਬਰ ਨੂੰ


ਪੰਨਾ 5

ਮਨਜੀਤ ਸਿੰਘ ਜੀ ਕੇ ਦਾ ਦਿੱਲੀ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ


ਪੰਨਾ 6


# ਭਾਰਤੀ ਪ੍ਰਧਾਨ ਮੰਤਰੀ ਮੋਦੀ ਨਾਲ ਊਰਜਾ ਖੇਤਰ ਵਿਕਸਤ ਕਰਨ ਬਾਰੇ ਸ਼ੀਅਰ ਨੇ ਕੀਤੀ ਗੱਲਬਾਤ



ਓਟਵਾ, 9 ਅਕਤੂਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਂਡਰੀਊ ਸ਼ੀਅਰ ਨੇ ਦੱਸਿਆ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਦੌਰਾਨ ਉਨ੍ਹਾਂ ਆਖਿਆ ਕਿ ਭਾਰਤ ਦੀਆਂ ਊਰਜਾ ਸਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਉਹ ਕੈਨੇਡੀਅਨ ਤੇਲ ਤੇ ਗੈਸ ਉੱਥੇ ਭੇਜਣ ਲਈ ਰਾਹ ਲੱਭਣਾ ਚਾਹੁੰਦੇ ਹਨ।

ਸ਼ੀਅਰ ਨੇ ਦੱਸਿਆ ਕਿ ਮੰਗਲਵਾਰ ਨੂੰ ਨਵੀਂ ਦਿੱਲੀ ਵਿੱਚ ਮੋਦੀ ਨਾਲ ਮੀਟਿੰਗ ਦੌਰਾਨ ਉਨ੍ਹਾਂ ਇਹੋ ਸੁਨੇਹਾ ਦਿੱਤਾ ਸੀ। ਇੱਕ ਹਫਤੇ ਲਈ ਭਾਰਤ ਦੇ ਦੌਰੇ ਉੱਤੇ ਗਏ ਵਿਰੋਧੀ ਧਿਰ ਦੇ ਆਗੂ ਭਾਰਤ ਨਾਲ ਆਰਥਿਕ ਸਬੰਧਾਂ ਦੇ ਨਾਲ ਨਾਲ ਕਾਰੋਬਾਰੀ ਸਬੰਧ ਵੀ ਮਜ਼ਬੂਤ ਕਰਨੇ ਚਾਹੁੰਦੇ ਹਨ। ਸ਼ੀਅਰ ਨੇ ਆਖਿਆ ਕਿ ਉਨ੍ਹਾਂ ਭਾਰਤੀ ਆਗੂ ਨੂੰ ਦੱਸਿਆ ਕਿ ਉਹ ਊਰਜਾ ਸੈਕਟਰ ਨੂੰ ਵਿਕਸਤ ਕਰਨ ਲਈ ਪੂਰੀ ਤਰ੍ਹਾਂ ਗੰਭੀਰ ਹਨ ਤੇ ਭਾਰਤੀ ਮਾਰਕਿਟ ਤੱਕ ਤੇਲ ਲਿਆਉਣਾ ਚਾਹੁੰਦੇ ਹਨ। ਇਸ ਦੇ ਨਾਲ ਹੀ ਉਹ ਅਸਫਲ ਹੋਈ ਐਨਰਜੀ ਈਸਟ ਪਾਈਪਲਾਈਨ ਨੂੰ ਵੀ ਮੁੜ ਸੁਰਜੀਤ ਕਰਨਾ ਚਾਹੁੰਦੇ ਹਨ। ਇਸ ਪਾਈਪਲਾਈਨ ਰਾਹੀਂ ਕੈਨੇਡੀਅਨ ਤੇਲ ਪੂਰਬੀ ਤੱਟ ਤੱਕ ਪਹੁੰਚਣਾ ਸੀ ਤੇ ਉਸ ਤੋਂ ਅਗਾਂਹ ਇਸ ਨੂੰ ਭਾਰਤ ਭੇਜਿਆ ਜਾ ਸਕਦਾ ਸੀ। ...ਬਾਕੀ ਪੰਨਾ 8 'ਤੇ

ਪੰਜਾਬੀ ਪੋਸਟ ਵਿਸ਼ੇਸ਼ ਆਰਟੀਕਲ

# ਪੀਲ ਖੇਤਰ ਲਈ ਡਾਲਰਾਂ ਦੀ ਘਾਟ ਬਾਰੇ ਮੁਜਰਮਾਨਾ ਚੁੱਪ-2

**YOUR "FAIR SHARE" IS NOT IN MY WALLET!**

ਅਸੀਂ ਕੱਲ ਦੇ ਆਰਟੀਕਲ ਵਿੱਚ ਗੱਲ ਕੀਤੀ ਸੀ ਕਿ ਪਾਠਕਾਂ ਨਾਲ ਸਾਂਝਾ ਕੀਤਾ ਜਾਵੇਗਾ ਕਿ ਪੀਲ ਰੀਜਨ ਨੂੰ ਮਿਲਣ ਵਾਲੇ ਘੱਟ ਡਾਲਰਾਂ ਬਾਰੇ ਆਵਾਜ਼ ਚੁੱਕਣ ਲਈ ਕੀਤੇ ਜਾਣ ਵਾਲੇ ਨੱਬੇ ਹਜ਼ਾਰੀ ਸਿਖ਼ਰ ਸੰਮੇਲਨ ਦਾ ਕੀ ਬਣਿਆ? ਨੱਬੇ ਹਜ਼ਾਰੀ ਸੰਮੇਲਨ ਇਸ ਲਈ ਕਿਉਂਕਿ 905 ਸਿਖ਼ਰ ਸੰਮੇਲਨ (905 Summit) ਉੱਤੇ ਖਰਚ ਕਰਨ ਲਈ ਪੀਲ ਰੀਜਨ ਨੇ ਆਪਣੇ ਬੱਜਟ ਵਿੱਚ 90 ਹਜ਼ਾਰ ਡਾਲਰ ਨਿਰਧਾਰਤ ਕੀਤੇ ਸਨ। ਹੈਰਾਨੀ ਦੀ ਗੱਲ ਇਹ ਰਹੀ ਕਿ 905 ਸਿਖ਼ਰ ਸੰਮੇਲਨ 13 ਨਵੰਬਰ 2017 ਨੂੰ ਕੀਤਾ ਜਾਣਾ ਸੀ ਪਰ 14 ਸਤੰਬਰ 2017 ਨੂੰ ਹੋਈ ਰੀਜਨਲ ਕਾਉਂਸਲ ਦੀ ਮੀਟਿੰਗ ਵਿੱਚ ਇਸਨੂੰ ਰੱਦ ਕਰਨ ਲਈ ਮਤਾ ਪਾਸ ਕਰ ਦਿੱਤਾ ਗਿਆ। ਕਾਰਣ?

ਸਿਟੀ ਸਟਾਫ ਵੱਲੋਂ ਰੀਜਨਲ ਕਾਉਂਸਲ ਨੂੰ ਦੱਸਿਆ ਗਿਆ ਕਿ ਪ੍ਰੋਵਿੰਸ਼ੀਅਲ ਅਤੇ ਫੈਡਰਲ ਸਰਕਾਰਾਂ ਵੱਲੋਂ ਉਹ ਅੰਕੜੇ ਹੀ ਨਹੀਂ ਦਿੱਤੇ ਗਏ ਜਿਹਨਾਂ ਦੇ ਆਧਾਰ ਉੱਤੇ ਇਹਨਾਂ ਦਾਤਾਵਾਂ ਨੂੰ ਦੱਸਿਆ ਜਾ ਸਕਦਾ ਕਿ ਪੀਲ ਰੀਜਨ ਨਾਲ ਫੰਡਾਂ ਨੂੰ ਲੈ ਕੇ ਕਿੰਨਾ ਧੱਕਾ ਕੀਤਾ ਜਾਂਦਾ ਹੈ। ਮਿਸੀਸਾਗਾ ਦੀ ਮੇਅਰ ਬੌਨੀ ਕਰੌਂਬੀ ਵੱਲੋਂ ਸਟਾਫ ਵੱਲੋਂ ਕੀਤੀ 905 ਸਿਖ਼ਰ ਸੰਮੇਲਨ ਨਾ ਕਰਵਾਉਣ ਦੀ ਸਿਫਾਰਸ਼ ਦੀ ਪ੍ਰੋੜਤਾ ਕੀਤੀ ਗਈ। ਬਰੈਂਪਟਨ ਮੇਅਰ ਵੀ ਸਹਿਮਤ ਹੋਏ ਜਿਵੇਂ ਕਿ ਹੋਰ ਬਹੁ ਗਿਣਤੀ ਰੀਜਨਲ ਕਾਉਂਸਲਰ ਸਹਿਮਤ ਹੋਏ। ਚਰਚਿਤ ਕਾਉਂਸਲਰ ਕੈਰੋਲਿਨ ਪੈਰਿਸ਼ ਨੇ ਹੈਰਾਨੀ ਪ੍ਰਗਟ ਕੀਤੀ ਸੀ ਕਿ ਜੇ ਸੰਮੇਲਨ ਨੂੰ ਅਜਿਹੇ ਆਧਾਰ ਉੱਤੇ ਰੱਦ ਕਰਨਾ ਸੀ ਤਾਂ ਪਿਛਲੇ ਸਾਲਾਂ ਤੋਂ ਕੀਤੀ ਜਾ ਰਹੀ ਤਿਆਰੀ ਦਾ ਕੀ ਬਣਿਆ? ...ਬਾਕੀ ਪੰਨਾ 8 'ਤੇ

# ਸੰਯੁਕਤ ਰਾਸ਼ਟਰ ਵਿੱਚ ਅਮਰੀਕਾ ਦੀ ਸਫੀਰ ਨਿੱਕੀ ਹਾਲੇ ਨੇ ਅਸਤੀਫਾ ਦੇਣ ਦਾ ਕੀਤਾ ਐਲਾਨ



ਵਾਸ਼ਿੰਗਟਨ, 9 ਅਕਤੂਬਰ (ਪੋਸਟ ਬਿਊਰੋ) : ਸੰਯੁਕਤ ਰਾਸ਼ਟਰ ਵਿੱਚ ਅਮਰੀਕਾ ਦੀ ਸਫੀਰ ਨਿੱਕੀ ਹਾਲੇ ਵੱਲੋਂ ਮੰਗਲਵਾਰ ਨੂੰ ਇਹ ਐਲਾਨ ਕੀਤਾ ਗਿਆ ਕਿ 2018 ਦੇ ਅੰਤ ਵਿੱਚ ਉਹ ਆਪਣੇ ਇਸ ਅਹੁਦੇ ਤੋਂ ਅਸਤੀਫਾ ਦੇ ਦੇਵੇਗੀ। ਰਾਸ਼ਟਰਪਤੀ ਟਰੰਪ ਨੇ ਪਹਿਲਾਂ ਤੋਂ ਹੀ ਇਹ ਵਿਚਾਰ ਵਟਾਂਦਰਾ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਹਾਲੇ ਦੀ ਥਾਂ ਕੌਣ ਲਵੇਗਾ?

ਟਰੰਪ ਵੱਲੋਂ ਨਿੱਕੀ ਹਾਲੇ ਦਾ ਅਸਤੀਫਾ ਮਨਜ਼ੂਰ ਕਰ ਲਿਆ ਗਿਆ ਹੈ ਤੇ ਉਨ੍ਹਾਂ ਪੱਤਰਕਾਰਾਂ ਨਾਲ ਮਿਲਣੀ ਦੌਰਾਨ ਦੱਸਿਆ ਕਿ ਹਾਲੇ ਨੇ ਕਈ ਮਹੀਨੇ ਪਹਿਲਾਂ ਹੀ ਇਹ ਦੱਸ ਦਿੱਤਾ ਸੀ ਕਿ ਉਹ ਦੋ ਸਾਲ ਤੋਂ ਵੀ ਘੱਟ ਸਮੇਂ ਲਈ ਇਹ ਸੇਵਾ ਨਿਭਾਉਣੀ ਚਾਹੁੰਦੀ ਹੈ। ...ਬਾਕੀ ਪੰਨਾ 8 'ਤੇ

# ਹਾਦਸਾਗ੍ਰਸਤ ਹੋਈ ਲੀਮੋ ਸੜਕ ਉਤੇ ਆਉਣ ਦੇ ਕਾਬਲ ਹੀ ਨਹੀਂ ਸੀ : ਗਵਰਨਰ



ਨਿਊ ਯੌਰਕ, 9 ਅਕਤੂਬਰ (ਪੋਸਟ ਬਿਊਰੋ) : ਇੱਕ ਸਟੋਰ ਦੇ ਬਾਹਰ ਹਾਦਸਾਗ੍ਰਸਤ ਹੋਈ ਲੋੜ ਨਾਲੋਂ ਵੱਡੀ ਲਿਮੋਜ਼ਿਨ, ਜਿਸ ਕਾਰਨ 20 ਲੋਕ ਮਾਰੇ ਗਏ, ਅਜੇ ਪਿਛਲੇ ਮਹੀਨੇ ਸੇਫਟੀ ਜਾਂਚ ਵਿੱਚ ਅਸਫਲ ਰਹੀ ਸੀ। ਸੋਮਵਾਰ ਨੂੰ ਨਿਊ ਯੌਰਕ ਦੇ ਗਵਰਨਰ ਨੇ ਆਖਿਆ ਕਿ ਇਸ ਗੱਡੀ ਨੂੰ ਤਾਂ ਸੜਕ ਉੱਤੇ ਹੋਣਾ ਹੀ ਨਹੀਂ ਸੀ ਚਾਹੀਦਾ। ਇਸ ਦੇ ਡਰਾਈਵਰ ਕੋਲ ਵੀ ਸਹੀ ਲਾਇਸੰਸ ਨਹੀਂ ਸੀ। ਇਸ ਗੱਡੀ ਦੀ ਮਾਲਕ ਪ੍ਰੈਸਟੀਜ਼ ਲਿਮੋਜ਼ਿਨ ਨੂੰ ਬੰਦ ਕਰਨ ਦੀ ਸਟੇਟ ਤੇ ਫੈਡਰਲ ਅਧਿਕਾਰੀਆਂ ਵੱਲੋਂ ਤਿਆਰੀ ਵੀ ਕੀਤੀ ਜਾ ਰਹੀ ਸੀ। ...ਬਾਕੀ ਪੰਨਾ 8 'ਤੇ


PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Bed Bug Control
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME, AUTO, BUSINESS, TRUCKING, R.E.S.P, COMMERCIAL
CONNEX Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat 416-845-1352
1332 Khalsa Dr, Unit # 11, Mississauga | Axel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination 5yrs follow you up Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration, Real Estate, Family Law, Business Closing, Corporate, Wills & Estate, Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755 www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator
647.990.3205


MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Toronto Pest Arrest
Pest Control Residential /Commercial/Industrial
Specialist in Bed Bed Bugs & Cockroaches Services
Ants, Rats, Mice, Centipedes Bed Bugs, Spider, Beetle & Cockroaches Control
(Insured & Licensed)
Discount For Seniors Single Mothers & Students
SAME DAY SERVICE & 100% SATISFACTION GUARANTEED
CALL FOR FREE ESTIMATES : 647-515-8000
ਅਸੀਂ ਪੰਜਾਬੀ ਬੋਲਦੇ ਹਾਂ

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator) 647-339-3926
UNMARKED VEHICLE AVAILABLE
Email: aristopest@gmail.com
www.aristopestcontrol.com


RE-ELECT LINDA JEFFREY
TOGETHER WE CAN DO MORE
Election Day:
Monday, October 22, 10:00am - 8:00pm
Advance Voting:
October 2 - 13
✓ Safer community
✓ Attract and create jobs
✓ Improve Transit and fight gridlock
For more information:
info@lindajeffrey.ca
Facebook.com/BramptonLinda
Volunteering: LindaJeffrey.ca
www.lindajeffrey.ca
@LindaJeffrey
289-201-0609


chatr MOBILE
NOW GET
4GB 4.5GB DATA
ON OUR $40/MO. PLAN
AUTO-PAY BONUS
LET'S GET GOING
CHATRMOBILE.COM
VISIT OUR LOCATION TODAY!
379 MAIN ST. N., BRAMPTON,
(905) 451-0379
2456 LAKE SHORE BLVD W.,
(416) 259-3654
chatr AUTHORIZED DEALER
Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

# ਹਰਕੀਰਤ ਸਿੰਘ ਨੇ ਕਾਮਯਾਬੀ ਨਾਲ ਆਪਣੀ ਚੋਣ ਮੁਹਿੰਮ ਆਰੰਭੀ







ਬੀਤੇ ਸ਼ੁਕਰਵਾਰ ਸਕੂਲ ਟ੍ਰਸਟੀ ਹਰਕੀਰਤ ਸਿੰਘ ਨੇ ਬੜੀ ਕਾਮਯਾਬੀ ਨਾਲ ਆਪਣੀ ਚੋਣ ਮੁਹਿੰਮ ਦਾ ਆਰੰਭ ਕੀਤਾ ਜਿਹੜੇ ਕਿ ਇਸ ਵਾਰ ਵਾਰਡ ਨੰਬਰ 9 ਅਤੇ 10 ਤੋਂ ਸਿਟੀ ਕੌਂਸਲਰ ਦੀ ਚੋਣ ਲੜ ਰਹੇ ਹਨ। ਖਚਾ ਖਚ ਭਰੇ ਅਤੇ ਰੌਚਿਕਤਾ ਭਰਪੂਰ ਇਸ ਸਮਾਗਮ ਵਿੱਚ 300 ਦੇ ਕਰੀਬ ਬ੍ਰੈਂਪਟਨ ਵਾਸੀ ਸ਼ਾਮਿਲ ਹੋਏ ਅਤੇ ਇਸ ਸਮਾਗਮ ਦੌਰਾਨ ਹਰਕੀਰਤ ਸਿੰਘ ਨੇ ਵਧੀਆ ਬਰੈਂਪਟਨ ਦੀ ਸਿਰਜਣਾ ਲਈ ਆਪਣੀ ਨੀਤੀ ਦਾ ਐਲਾਨ ਕੀਤਾ ।

ਬ੍ਰੈਂਪਟਨ ਸ਼ਹਿਰ ਨੂੰ ਇੱਕ ਉਤਸ਼ਾਹ-ਪੂਰਕ ਸ਼ਹਿਰ ਸਿਰਜਣ ਲਈ ਜਰੂਰਤ ਹੈ ਕਿ ਅਸੀ ਅਜਿਹੇ ਲੋਕਾਂ ਦੀ ਚੋਣ ਕਰੀਏ ਜਿਹੜੇ ਸ਼ਹਿਰ ਦੀ ਭਲਾਈ ਲਈ ਆਪਣੀਆਂ ਨੀਤੀਆਂ ਲੋਕਾਂ ਅੱਗੇ ਲਿਆਉਣ। ਸਾਨੂੰ ਅਜਿਹੇ ਕੌਂਸਲਰਾਂ ਦੀ ਲੋੜ ਹੈ ਜਿਹੜੇ ਸਾਡੀਆਂ ਪ੍ਰਾਪਰਟੀ ਟੈਕਸ, ਉਚੇਰੀ ਸਿਖਿਆ, ਅਪਰਾਧ ਅਤੇ ਪਬਲਿਕ ਟ੍ਰਾਂਜਿਟ ਵਰਗੀਆਂ ਮੁਸ਼ਕਿਲਾਂ ਦਾ ਹੱਲ ਕੱਢ ਸਕਣ। ਸਾਨੂੰ ਅਜਿਹੇ ਪ੍ਰਤੀਨਿਧੀਆਂ ਦੀ ਜਰੂਰਤ ਹੈ ਜਿਹਨਾਂ ਦਾ ਆਪਣੇ ਵਾਰਡਾਂ ਦਾ ਲੰਬੇ ਸਮੇ ਤੋਂ ਗਹਿਰਾ ਰਿਸ਼ਤਾ ਰਿਹਾ ਹੈ ਨਾ ਕਿ ਉਹਨਾਂ ਨੂੰ ਜੋ ਕਿ ਵਾਰਡ ਵਿੱਚ ਸਿਰਫ ਵੋਟਾਂ ਮੌਕੇ ਹੀ ਦਿਖਾਈ ਦਿੰਦੇ ਹਨ।

ਹਰਕੀਰਤ ਸਿੰਘ ਨੂੰ ਆਪਣਾ ਸਹਿਯੋਗ ਦੇਣ ਲਈ ਮੇਅਰ ਲਿੰਡਾ ਜਾਫਰੀ, ਬ੍ਰੈਂਪਟਨ ਨਾਰਥ ਤੋਂ ਐਮ ਪੀ ਪੀ ਕੈਵਿਨ ਯਾਰਡੇ ਅਤੇ ਸਿਟੀ ਕੌਂਸਲਰ ਗੁਰਪ੍ਰੀਤ ਸਿੰਘ ਢਿਲੋਂ ਨੇ ਵੀ ਇਸ ਸਮਾਗਮ ਵਿੱਚ ਆਪਣੀ ਹਾਜ਼ਰੀ ਲਵਾਈ। ਮਿਊਂਸਪਲ ਚੋਣਾਂ ਲੜ ਰਹੇ ਦੂਜੇ ਉਮੀਦਵਾਰ ਜਿਵੇਂ ਬੱਲ ਗੋਸਲ, ਬਲਬੀਰ ਸੋਹੀ, ਖੁਸ਼ਪਾਲ ਪਵਾਰ,ਹਰਪ੍ਰੀਤ ਹੰਸਰਾ, ਸੰਦੀਪ ਸਿੰਘ, ਜਸ਼ਨ ਸਿੰਘ, ਅਸ਼ਮਨ ਖਰੌਡ, ਹਰਜੀਤ ਗਿੱਲ ਅਤੇ ਸੀਆ ਲੱਖਣਪਾਲ ਵੀ ਇਸ ਮੌਕੇ ਤੇ ਸ਼ਾਮਿਲ ਸਨ। ਇਹ ਚੋਣਾਂ 22 ਅਕਤੂਬਰ ਨੂੰ ਹੋ ਰਹੀਆਂ ਹਨ ਅਤੇ 13 ਅਕਤੂਬਰ ਦਿਨ ਸ਼ਨੀਵਾਰ ਅਡਵਾਂਸ ਪੋਲਿੰਗ ਦਾ ਆਖਰੀ ਦਿਨ ਹੋਵੇਗਾ।

VOTE Rohit Sidhu ☑
City Councillor Wards 9&10




"Brampton is my home – I was born in the GTA, raised and educated in Brampton. I have years of experience as an insurance broker and an Honours Political Science degree from the University of Ottawa. I understand the issues that all demographics face – our youth, our families, and our seniors. My goal is to provide the residents of Brampton with fair taxation, responsible spending, and full transparency from City Hall." - Rohit Sidhu.


- Freeze property taxes.
- Advocate for insurance reform.
- Reduce traffic gridlock & create effective means of transportation.
- Demand increased health-care spending and plan for a new hospital to be built in Brampton.
- Improve community safety & awareness - work to end the rise in violence.

| www.rohitsidhu.com | 416-999-1300 |

ELECTION DAY: OCTOBER 22, 2018
ADVANCE POLLS: SATURDAY OCTOBER 6 & 13
(Brampton Soccer Centre & Gore Meadows Community Centre)

Ride Ontario's Heritage Railway

SPECIAL RIDES
FALL COLOURS TOURS




Sept 29 & 30th,
October 6, 7, 8, October 13 & 14

ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜ਼ਾਰਾ ਯਾਨੀ ਪਤਝੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ

ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ





Ask about on-board Birthday Parties!

ਇਥੇ ਮਨਮੋਹਣੇ ਪਾਰਕਾਂ ਵਿੱਚ ਪਿਕਨਿਕ ਦਾ ਨਜ਼ਾਰਾ ਲੈਣ ਲਈ Visit ਕਰੋ: www.tottenhamconservation.com
For complete information, fares & schedules, please visit southsimcoerailway.ca

GPS 44 . 01 . 19 N
79 . 48 . 27 W

or call 905.936.5815

VISA MasterCard Interac

# Harpreet Singh HANSRA

Candidate - City Councillor WARDS 3&4 BRAMPTON

**What I Want for Brampton:**

- More Transit Service
- Crime Reduction
- Job Creation
- No More Private Bailouts
- Keep Taxes Down
- Increased Healthcare

TAX PAYERS DESERVE BETTER ACCOUNTABILITY FROM THEIR COUNCILLOR






Advance Polls Oct 13th

ELECTION DAY OCTOBER 22ND

647-914-4740
www.harpreethansra.ca
teamhansra@gmail.com
fb.com/harpreethansra

# ASIAN FOOD CENTRE




SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



## ਅੱਜ ਨਾਮਾ

ਪਹਿਲੇ ਈ ਕੇਸ ਨਵਾਜ਼ ਦੇ ਨਹੀਂ ਮੁੱਕੇ,
ਨਵੀਂ ਉਲਝਣ ਵਿੱਚ ਲੱਤ ਅੜਾ ਬੈਠਾ।
ਮੁੰਬਈ ਹਮਲੇ ਦਾ ਦੱਬਿਆ ਸੱਚ ਸੀਗਾ,
ਪੜ੍ਹਨ ਕਿੱਸਾ ਉਹ ਸੱਥ ਵਿੱਚ ਜਾ ਬੈਠਾ।
ਲੱਗਾ ਖੂਨ ਜਰਨੈਲਾਂ ਦੀ ਦਿੱਖ ਉੱਪਰ,
ਪਰਦਾ ਉਹਦਾ ਸੀ ਜਿਵੇਂ ਉਠਾ ਬੈਠਾ।
ਇਹ ਨਾ ਸੋਚਿਆ ਪਵੇਗੀ ਖੇਡ ਮਹਿੰਗੀ,
ਮਗਰ ਭੂੰਡਾਂ ਦੀ ਖੱਖਰ ਜਿਹੀ ਪਾ ਬੈਠਾ।
ਵੇਖਣ ਲੋਕ ਪਏ ਤਰਸ ਦੀ ਅੱਖ ਕਰ ਕੇ,
ਜਦ ਵੀ ਜਾਂਦਾ ਅਦਾਲਤ ਦੇ ਵੱਲ ਮੀਆਂ।
ਮੁੜ-ਮੁੜ ਦੰਦ ਕਰੀਚ ਕੇ ਮਿਲਣ ਫੌਜੀ,
ਜਿਨ੍ਹਾਂ ਕੋਲੋਂ ਨਹੀਂ ਹੁੰਦਾ ਈ ਝੱਲ ਮੀਆਂ।

ਤੀਸ ਮਾਰ ਖਾਂ

# ਬਰੈਂਪਟਨ ਨਿਵਾਸੀਆਂ ਵਲੋਂ ਲਿੰਡਾ ਜਾਫਰੀ ਲਈ ਵੱਡੀ ਰੈਲੀ 14 ਅਕਤੂਬਰ ਨੂੰ

ਬਰੈਪਟਨ, 9 ਅਕਤੂਬਰ (ਪੋਸਟ ਬਿਊਰੋ)- 22 ਅਕਤੂਬਰ ਨੂੰ ਆ ਰਹੀਆਂ ਮਿਉਂਸਪਲ ਚੋਣਾਂ ਦੇ ਮੱਦੇਨਜ਼ਰ ਬਰੈਂਪਟਨ ਨਿਵਾਸੀਆਂ ਵਲੋਂ 14 ਤਰੀਕ ਨੂੰ ਸਪ੍ਰਿੰਜਾ ਬੈਂਕੁਇਟ ਹਾਲ ਵਿਖੇ ਇਕ ਵੱਡੀ ਰੈਲੀ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਰੈਲੀ ਦਾ ਮਕਸਦ ਲਿੰਡਾ ਜਾਫਰੀ ਜੋ ਕਿ ਦੂਜੀ ਟਰਮ ਵਾਸਤੇ ਮੇਅਰ ਦੇ ਅਹੁਦੇ ਲਈ ਚੋਣ ਮੈਦਾਨ ਵਿਚ ਹਨ, ਲਈ ਇਕਜੁਟ ਹੋ ਕੇ ਹਿਮਾਇਤ ਕਰਨਾ ਹੈ। ਸਪ੍ਰਿੰਜਾ ਬੈਕੁਇਟ ਹਾਲ 510 ਡੀਅਰ ਹਰਟਸ ਡਰਾਈਵ ਉਤੇ ਸਥਿਤ ਹੈ, ਜੋ ਕਿ ਗੋਰ ਵੇ ਐਂਡ ਕੁਵੀਨ ਦੇ ਨਜ਼ਦੀਕ ਪੈਂਦਾ ਹੈ। ਇਸ ਰੈਲੀ ਦੇ ਆਯੋਜਕ ਏਸ਼ੀਅਨ ਫੂਡ ਸੈਂਟਰ ਤੋਂ ਮੇਜਰ ਸਿੰਘ ਨੱਤ ਨੇ ਸਾਡੇ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਸਮੇਂ ਸਾਡਾ ਸ਼ਹਿਰ ਬਰੈਂਪਟਨ ਬਹੁਤ ਹੀ ਨਾਜ਼ੁਕ ਫੈਸਲਾ



ਕਰਨ ਦੀ ਸਥਿਤੀ ਉਤੇ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਅਸੀ ਉਸ ਉਮੀਦਵਾਰ ਦੀ ਇਕਜੁਟ ਹੋ ਕੇ ਹਿਮਾਇਤ ਕਰਨੀ ਚਾਹੁੰਦੇ ਹਾਂ, ਜਿਹੜਾ ਕਿ ਬਰੈਂਪਟਨ ਨੂੰ ਸਹੀ ਰਾਹ ਉਤੇ ਰੱਖ ਸਕੇ। ਮੇਜਰ ਨੱਤ ਨੇ ਕਿਹਾ ਕਿ ਲਿੰਡਾ ਜਾਫਰੀ ਜੋ ਪਿਛਲੇ ਕਈ ਦਹਾਕਿਆਂ ਤੋ ਬਰੈਂਪਟਨ ਵਿਚ ਰਹਿ ਰਹੀ ਹੈ, ਨੇ ਬਤੌਰ ਸਿਟੀ ਕੌਂਸਲਰ ਤੋ ਲੈ ਕੇ ਮਿਨਿਸਟਰ ਦੀਆਂ ਸੇਵਾਵਾਂ ਉਨ੍ਹਾਂ ਨੇ ਬਰੈਂਪਟਨ ਨੂੰ ਦਿੱਤੀਆਂ ਹਨ ਤੇ ਅਸੀਂ ਲਿੰਡਾ ਜਾਫਰੀ ਨੂੰ ਇਕ ਮੌਕਾ ਹੋਰ ਦੇਣਾ ਚਾਹੁੰਦੇ ਹਾਂ। ਇਸੇ ਤਰ੍ਹਾਂ ਜਗਦੀਸ਼ ਗਰੇਵਾਲ ਨੇ ਦੱਸਿਆ ਕਿ ਭਾਵੇਂ ਬਰੈਂਪਟਨ ਵਿਚ ਇਸ ਸਮੇਂ ਸਭ ਕੁੱਝ ਚੰਗਾ ਨਹੀ ਹੈ, ਪਰ ਫੇਰ ਵੀ ਜੋ ਉਮੀਦਵਾਰ ਇਸ ਸਮੇਂ ਚੋਣ ਮੈਦਾਨ ਵਿਚ ਹਨ, ਉਨ੍ਹਾਂ ਵਿਚੋਂ ਜੋ ਬਰੈਂਪਟਨ ਨੂੰ ਸਹੀ ਰਾਹ ਉਤੇ ਰੱਖ ਸਕਦਾ ਹੈ, ਉਹ ਸਿਰਫ਼ ਲਿੰਡਾ ਜਾਫਰੀ ਹੀ ਹੈ। ਉਨ੍ਹਾਂ ਕਿਹਾ ਕਿ ਬਾਕੀ ਉਮੀਦਵਾਰ ਭਾਵੇ ਚੰਗੇ ਤਜਰ-ਬੇਕਾਰ ਤੇ ਲਿਆਕਤ ਰੱਖਦੇ ਹਨ, ਪਰ ਇਹ ਸਮਾਂ ਹੈ ਕਿ ਇਕ ਵਾਰ ਫੇਰ ਲਿੰਡਾ ਜਾਫਰੀ ਨੂੰ ਮੌਕਾ ਦਿੱਤਾ ਜਾਵੇ। ਉਨ੍ਹਾਂ ਸਾਰੇ ਬਰੈਂਪਟਨ ਨਿਵਾਸੀਆ ਨੂੰ ਖੁੱਲਾ ਸੱਦਾ ਦਿੱਤਾ ਕਿ ਇਸ ਮੀਟ ਐਂਡ ਗ੍ਰੀਟ ਰੈਲੀ ਵਿਚ ਪਹੁੰਚ ਕੇ ਆਪਣੀ ਇਕਜੁਟਤਾ ਦਿਖਾਉਦਿਆਂ ਬਰੈਂਪਟਨ ਲਈ ਸਹੀ ਮੇਅਰ ਚੁਣਨ ਲਈ ਚੱਲ ਰਹੀ ਮੁਹਿੰਮ ਵਿਚ ਆਪਣਾ ਹਿੱਸਾ ਪਾਈਏ। ਉਨ੍ਹਾਂ ਸਾਰੀਆਂ ਸੀਨੀਅਰ ਸੰਸਥਾਵਾਂ ਤੇ ਖੇਡ ਕਲੱਬਾਂ ਨੂੰ ਵੀ ਸੱਦਾ ਦਿੱਤਾ ਕਿ ਉਹ ਇਸ ਮੁਹਿੰਮ ਵਿਚ ਆਪਣੀ ਹਾਜ਼ਰੀ ਲਗਵਾ ਕੇ ਆਪਣਾ ਯੋਗਦਾਨ ਪਾਉਣ। ਇਸ ਰੈਲੀ ਦਾ ਸਮਾਂ ਸ਼ਾਮ 4 ਵਜੇ ਤੋਂ ਲੈ ਕੇ 6 ਵਜੇ ਤੱਕ ਦਾ ਹੈ। ਚਾਹ ਪਾਣੀ ਦਾ ਬੰਦੋਬਸਤ ਹੋਵੇਗਾ। ਜਿਆਦਾ ਜਾਣਕਾਰੀ ਲਈ 416-970-5005 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਧਮਾਕੇ ਵਿੱਚ ਮਾਰੀ ਗਈ ਮਹਿਲਾ ਦਾ ਪਤੀ ਮਰਡਰ ਤੇ ਅਗਜ਼ਨੀ ਦੇ ਮਾਮਲੇ ਵਿੱਚ ਚਾਰਜ

ਓਨਟਾਰੀਓ, 9 ਅਕਤੂਬਰ (ਪੋਸਟ ਬਿਊਰੋ) : ਕਿਚਨਰ, ਓਨਟਾਰੀਓ ਵਿੱਚ ਇੱਕ ਘਰ ਵਿੱਚ ਹੋਏ ਧਮਾਕੇ ਮਗਰੋਂ ਮ੍ਰਿਤਕ ਮਿਲੀ ਮਹਿਲਾ ਦੇ ਪਤੀ ਨੂੰ ਫਰਸਟ ਡਿਗਰੀ ਮਰਡਰ ਤੇ ਅਗਜ਼ਨੀ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ।

58 ਸਾਲਾ ਊਡੋ ਹਾਨ ਨੂੰ ਆਪਣੀ ਪਤਨੀ ਐਂਦਰਾ ਹਾਨ ਦੀ ਮੌਤ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ। 22 ਅਗਸਤ ਨੂੰ ਟੋਰਾਂਟੋ ਤੋਂ 110 ਕਿਲੋਮੀਟਰ ਪੱਛਮ ਵੱਲ ਕਿਚਨਰ ਵਿੱਚ ਸਵੇਰੇ 8:00 ਵਜੇ ਇੱਕ ਘਰ ਵਿੱਚ ਜ਼ੋਰਦਾਰ ਧਮਾਕਾ ਹੋਇਆ ਤੇ ਘਰ ਦੇ ਬੈਕਯਾਰਡ ਤੋਂ ਇੱਕ ਮਹਿਲਾ ਦੀ ਲਾਸ਼ ਮਿਲੀ। ਇਸ ਧਮਾਕੇ ਵਿੱਚ ਊਡੋ ਹਾਨ ਵੀ ਜ਼ਖ਼ਮੀ ਹੋਇਆ ਤੇ ਉਸ ਨੂੰ ਹੈਲੀਕਾਪਟਰ ਰਾਹੀਂ ਹੈਮਿਲਟਨ ਦੇ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਉਸ ਨੂੰ ਹਸਪਤਾਲ ਵਿੱਚ ਮੈਡੀਕਲ ਕੇਅਰ ਵਿੱਚ ਰੱਖਿਆ ਗਿਆ।

ਮੰਗਲਵਾਰ ਨੂੰ ਉਸ ਨੂੰ ਟੈਲੀਫੋਨ ਰਾਹੀਂ ਕਿਚਨਰ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਹਿਰਾਸਤ ਵਿੱਚ ਰਹਿੰਦੇ ਸਮੇਂ ਊਡੋ ਹਾਨ ਨੂੰ ਬਹੁਤੇ ਲੋਕਾਂ ਨਾਲ ਸੰਪਰਕ ਕਰਨ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ। ਹੁਣ ਉਸ ਦੀ ਅਗਲੀ ਪੇਸ਼ੀ 12 ਅਕਤੂਬਰ ਨੂੰ ਹੈ।

# ਬਰੈਂਪਟਨ ਵਿੱਚ ਇਮਾਰਤ ਨੂੰ ਲੱਗੀ ਅੱਗ

ਬਰੈਂਪਟਨ, 9 ਅਕਤੂਬਰ (ਪੋਸਟ ਬਿਊਰੋ) : ਬਰੈਂਪਟਨ ਵਿੱਚ ਐਤਵਾਰ ਰਾਤ ਨੂੰ ਇੱਕ ਫੂਡ ਵੰਡਣ ਵਾਲੀ ਫੈਸਿਲਿਟੀ ਵਿੱਚ ਲੱਗੀ ਜ਼ਬਰਦਸਤ ਅੱਗ ਕਾਰਨ ਸਾਰੀ ਇਮਾਰਤ ਸੜ ਕੇ ਸੁਆਹ ਹੋ ਗਈ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ।

ਹਾਈਵੇਅ 407 ਤੇ ਡਿਕਸੀ ਰੋਡ ਵਾਲੇ ਇਲਾਕੇ ਵਿੱਚ ਵੈਸਟਵਿਨ ਕੋਰਟ ਸਥਿਤ ਟੀਐਨਟੀ ਫੂਡਜ਼ ਇੰਟਰਨੈਸ਼ਨਲ ਦੀ ਛੱਤ ਨੂੰ ਚੀਰਦੀਆਂ ਹੋਈਆਂ ਅੱਗ ਦੀਆਂ ਲਪਟਾਂ ਬਾਹਰ ਤੱਕ ਜਾ ਰਹੀਆਂ ਸਨ। ਇਹ ਇੱਕ ਪਰਿਵਾਰ ਵੱਲੋਂ ਚਲਾਇਆ ਜਾਣ ਵਾਲਾ



ਪੋਲਟਰੀ ਪ੍ਰੋਸੈਸਿੰਗ ਪਲਾਂਟ ਹੈ ਜਿਸ ਦੀ ਇੱਕ ਬ੍ਰਾਂਚ ਮਿਸੀਸਾਗਾ ਵਿੱਚ ਵੀ ਹੈ। ਪੁਲਿਸ ਨੇ ਦੱਸਿਆ ਕਿ ਹਾਦਸੇ ਸਮੇਂ ਇਮਾਰਤ ਵਿੱਚ ਕੋਈ ਵੀ ਮੁਲਾਜ਼ਮ ਮੌਜੂਦ ਨਹੀਂ ਸੀ ਤੇ ਨਾ ਹੀ ਕਿਸੇ ਦੇ ਜ਼ਖ਼ਮੀ ਹੋਣ ਦੀ ਹੀ ਕੋਈ ਖਬਰ ਹੈ। ਰਾਤੀਂ 9:30 ਵਜੇ ਲੱਗੀ ਅੱਗ ਕਾਰਨ ਸੰਘਣਾਂ ਧੂੰਆਂ ਚਾਰੇ ਪਾਸੇ ਫੈਲ ਗਿਆ ਤੇ ਇਹ ਨਾਲ ਲੱਗਦੇ ਹਾਈਵੇਅ 401 ਉੱਤੇ ਵੀ ਫੈਲ ਗਿਆ। ਪੀਲ ਰੀਜਨਲ ਪੁਲਿਸ ਨੂੰ ਸਾਰਿਆਂ ਨੂੰ ਇਸ ਅੱਗ ਬਾਰੇ ਐਲਰਟ ਕਰਨਾ ਪਿਆ। ਦੇਰ ਰਾਤ ਤੱਕ ਬਰੈਂਪਟਨ ਦਾ ਫਾਇਰ ਅਮਲਾ ਅੱਗ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਰਿਹਾ। ਪੁਲਿਸ ਨੇ ਸਵੇਰੇ 6:00 ਵਜੇ ਤੱਕ ਸਾਰਾ ਇਲਾਕਾ ਖਾਲੀ ਕਰਵਾਇਆ। ਅੱਗ ਲੱਗਣ ਦੇ ਕਾਰਨਾ ਦਾ ਪਤਾ ਲਾਉਣ ਦੀ ਪੁਲਿਸ ਕੋਸ਼ਿਸ਼ ਕਰ ਰਹੀ ਹੈ।

# ਪੈਟ੍ਰਿਕ ਬ੍ਰਾਊਨ ਉਤੇ ਧੋਖਾਧੜੀ ਦੀ ਜਾਂਚ ਪ੍ਰਤੀ ਉਠ ਰਹੇ ਹਨ ਸਵਾਲ



ਬਰੈਂਪਟਨ, 9 ਅਕਤੂਬਰ (ਪੋਸਟ ਬਿਊਰੋ)- 2017 ਵਿਚ ਹੈਮਿਲਟਨ ਵੈਸਟ ਐਂਡ ਐਨਕਾਸਟਰ ਡੰਡਾਸ ਦੀ ਪੀਸੀ ਪਾਰਟੀ ਵਲੋਂ ਕਰਵਾਈ ਗਈ ਨਾਮੀਨੇਸ਼ਨ ਉਸ ਸਮੇ ਵਿਵਾਦਾਂ ਵਿਚ ਘਿਰ ਗਈ ਸੀ, ਜਦੋ ਇਸ ਨਾਮੀਨੇਸ਼ਨ ਵਿਚੋਂ ਹਾਰੇ ਹੋਏ ਇਕ ਉਮੀਦਵਾਰ ਨੇ ਪਾਰਟੀ ਉਤੇ ਕਈ ਤਰ੍ਹਾਂ ਦੇ ਦੋਸ਼ ਲਗਾ ਦਿੱਤੇ। ਇਨ੍ਹਾਂ ਦੋਸ਼ਾਂ ਮਗਰੋ ਹੈਮਿਲਟਨ ਦੀ ਪੁਲਸ ਵਲੋਂ ਪੀਸੀ ਪਾਰਟੀ ਦੇ ਕੁੱਝ ਅਹੁਦੇਦਾਰਾਂ ਉਤੇ ਕ੍ਰਿਮੀਨਲ ਇਨਵੈਟੀਗੇਸ਼ਨ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮੁੱਦੇ ਨੂੰ ਲੈ ਕੇ ਬਰੈਂਪਟਨ ਤੋ ਮੇਅਰ ਲਈ ਉਮੀਦਵਾਰ ਲਿੰਡ ਜਾਫਰੀ ਨੇ ਵਾਰ-ਵਾਰ ਪੈਟ੍ਰਿਕ ਬ੍ਰਾਊਨ ਉਤੇ ਤਿੱਖੇ ਸਵਾਲ ਕੀਤੇ ਹਨ ਤੇ ਉਨ੍ਹਾਂ ਕਿਹਾ ਹੈ ਕਿ ਪੈਟ੍ਰਿਕ ਬ੍ਰਾਊਨ ਦਾ ਨਾਮ ਹਾਲੇ ਵੀ ਇਸ ਨਾਮੀਨੇਸ਼ਨ ਦੀ ਕ੍ਰਿਮੀਨਲ ਫਰਾਡ ਐਂਡ ਫਰਾਡਰੀ ਇੰਵੈਸਟੀਗੇਸ਼ਨ ਵਿਚ ਚੱਲ ਰਿਹਾ ਹੈ। ਇਸ ਸਬੰਧੀ ਇਕ ਸਥਾਨਕ ਅਖ਼ਬਾਰ ਨਾਲ ਗੱਲਬਾਤ ਕਰਦਿਆਂ ਪੈਟ੍ਰਿਕ ਬ੍ਰਾਊਨ ਨੇ ਕਿਹਾ ਕਿ ਮੈਨੂੰ ਕਦੇ ਵੀ ਹੈਮਿਲਟਨ ਦੀ ਪੁਲਸ ਨੇ ਇੰਟਰਵਿਊ ਲਈ ਨਹੀਂ ਬੁਲਾਇਆ ਤੇ ਮੈ ਉਨ੍ਹਾਂ ਨਾਲ ਖੁਦ ਗੱਲ ਕਰ ਚੁੱਕਿਆ ਹਾਂ ਕਿ ਜਦੋ ਵੀ ਮੇਰੀ ਇੰਟਰਵਿਊ ਕਰਨੀ ਹੈ, ਮੈ ਖੁਦ ਆਪ ਤੁਹਾਡੇ ਨਾਲ ਇੰਟਰਵਿਊ ਕਰਨ ਲਈ ਹਾਜ਼ਰ ਹੋਵਾਂਗਾ। ਪੈਟ੍ਰਿਕ ਬ੍ਰਾਊਨ ਅਸਿੱਧੇ ਤੌਰ ਉਤੇ ਇਹ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਨ੍ਹਾਂ ਦਾ ਨਾਮ ਇਸ ਫਰਾਡਰੀ ਇੰਵੈਸਟੀਗੇਸ਼ਨ ਵਿਚ ਨਹੀ ਹੈ, ਪਰ ਦੂਸਰੇ ਪਾਸੇ ਪੁਲਸ ਵਲੋਂ ਭੇਜੀ ਗਈ ਇਕ ਈਮੇਲ ਰਾਹੀ ਦੱਸਿਆ ਗਿਆ ਕਿ ਕਿਸੇ ਦਾ ਨਾਮ ਇਸ ਇੰਵੈਸਟੀਗੇਸ਼ਨ ਵਿਚੋਂ ਬਾਹਰ ਨਹੀ ਕੱਢਿਆ ਗਿਆ। ਵੱਖ ਵੱਖ ਕਰਵਾਈਆਂ ਗਈਆਂ ਡੀਬੇਟਸ ਦੌਰਾਨ ਪੈਟ੍ਰਿਕ ਬ੍ਰਾਉਨ ਉਪਰ ਇਸ ਮਸਲੇ ਨੂੰ ਲੈ ਕੇ ਵਿਰੋਧੀ ਉਮੀਦਵਾਰਾਂ ਵਲੋਂ ਤਿੱਖੇ ਹਮਲੇ ਕੀਤੇ ਗਏ, ਪਰ ਪੈਟ੍ਰਿਕ ਬ੍ਰਾਊਨ ਵਲੋਂ ਕਿਸੇ ਵੀ ਸਿੱਧਾ ਜਵਾਬ ਨਹੀ ਦਿੱਤਾ ਗਿਆ। ਯਾਦ ਰਹੇ ਕਿ ਪੀਸੀ ਪਾਰਟੀ ਦੀ ਇਸ ਨਾਮੀਨੇਸ਼ਨ ਵਿਚ ਬੈਲੇਟ ਸਟਫਿੰਗ ਦੀਆਂ ਖ਼ਬਰਾਂ ਛਪੀਆਂ ਸਨ ਤੇ ਇਕ ਸਰਕਾਰ ਚਿਹਰੇ ਨੂੰ ਇਹ ਕਹਿ ਕੇ ਪ੍ਰਚਾਰਿਆ ਗਿਆ ਸੀ ਕਿ ਉਸ ਇਲਾਕੇ ਲਈ ਉਹ ਡੈਮੋਗ੍ਰਾਫੀਕਲੀ ਫਿਟ ਨਹੀਂ ਹੈ। ਕੁੱਝ ਲੋਕ ਹੁਣ ਪੈਟ੍ਰਿਕ ਬ੍ਰਾਊਨ ਉਤੇ ਵੀ ਇਹੋ ਸਵਾਲ ਖੜ੍ਹੇ ਕਰਦੇ ਹਨ ਕਿ ਨਾਮੀਨੇਸ਼ਨ ਪੇਪਰ ਫਾਇਲ ਕਰਨ ਤੋਂ ਕੁੱਝ ਘੰਟੇ ਪਹਿਲਾਂ ਬਰੈਪਟਨ ਸ਼ਹਿਰ ਵਿਚ ਆਪਣਾ ਘਰ ਰੈਂਟ ਲੈਣ ਵਾਲਾ ਸਾਡੇ ਇਸ ਸ਼ਹਿਰ ਵਿਚ ਡੈਮੋਗ੍ਰਾਫੀਕਲੀ ਫਿਟ ਕਿਵੇ ਹੈ?

# ਯੂ ਪੀ ਸਰਕਾਰ ਦੀ ਭਾਜਪਾ ਮੰਤਰੀ ਰੀਤਾ ਬਹੁਗੁਣਾ ਜੋਸ਼ੀ ਦੇ ਗੈਰ ਜਮਾਨਤੀ ਵਾਰੰਟ ਜਾਰੀ

ਨਵੀਂ ਦਿਲੀ, 9 ਅਕਤੂਬਰ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੀ ਕੈਬਨਿਟ ਮੰਤਰੀ ਰੀਤਾ ਬਹੁਗੁਣਾ ਜੋਸ਼ੀ ਖਿਲਾਫ ਇੱਕ ਕੇਸ ਵਿੱਚ ਤੁਰਤ ਸੁਣਵਾਈ ਲਈ ਬਣੀ ਇਲਾਹਾਬਾਦ ਦੀ ਇਕ ਵਿਸ਼ੇਸ਼ ਅਦਾਲਤ ਨੇ ਗੈਰ ਜਮਾਨਤੀ ਵਾਰੰਟ ਜਾਰੀ ਕਰਨ ਦਾ ਆਦੇਸ਼ ਦਿਤਾ ਹੈ। ਰੀਤਾ ਬਹੁਗੁਣਾ ਜੋਸ਼ੀ ਉੱਤੇ ਚੋਣ ਜ਼ਾਬਤੇ ਦੀ ਉਲੰਘਣਾ ਦੇ ਮਾਮਲੇ ਵਿਚ ਇਹ ਵਾਰੰਟ ਜਾਰੀ ਕੀਤਾ ਗਿਆ ਹੈ। ਇਸ ਕੇਸ ਬਾਰੇ ਕਈ ਵਾਰ ਅਦਾਲਤ ਵਿਚ ਹਾਜ਼ਰ ਹੋਣ ਦੇ ਆਦੇਸ਼ ਦੇਣ ਪਿੱਛੋਂ ਵੀ ਪੇਸ਼ ਨਾ ਹੋਣ ਉੱਤੇ ਰੀਤਾ ਦੇ ਖਿਲਾਫ ਵਿਸ਼ੇਸ਼ ਅਦਾਲਤ ਨੇ ਗੈਰ ਜ਼ਮਾਨਤੀ ਵਾਰੰਟ ਜਾਰੀ ਕਰਨ ਦੇ ਆਦੇਸ਼ ਦਿਤੇ ਹਨ।



ਪਤਾ ਲੱਗਾ ਹੈ ਕਿ ਸਾਲ 2010 ਦੀ ਇੱਕ ਘਟਨਾ ਨਾਲ ਸਬੰਧਤ ਕੇਸ ਲਖਨਊ ਵਿਚ ਸਾਲ 2011 ਤੋਂ ਹੀ ਵਿਚਾਰ ਅਧੀਨ ਹੈ। ਇਸ ਕੇਸ ਦੀ ਸੁਣਵਾਈ ਕਰ ਰਹੇ ਵਿਸ਼ੇਸ਼ ਜੱਜ ਨੇ ਕਿਹਾ ਕਿ 14 ਫਰਵਰੀ 2011 ਨੂੰ ਅਦਾਲਤ ਨੇ ਇਸ ਕੇਸ ਦੇ ਸਬੰਧ ਵਿੱਚ ਸੰਮਨ ਜਾਰੀ ਕੀਤੇ ਸਨ। ਉਸ ਤੋਂ ਬਾਅਦ ਤੈਅ ਮਿਤੀ ਉੱਤੇ ਕਈ ਸੰਮਨ ਜਾਰੀ ਹੋਏ। 18 ਅਗਸਤ 2017 ਨੂੰ 10,000 ਰੁਪਏ ਦਾ ਜਮਾਨਤੀ ਵਾਰੰਟ ਵੀ ਜਾਰੀ ਹੋਇਆ ਸੀ। ਵਿਸ਼ੇਸ਼ ਜੱਜ ਪਵਨ ਕੁਮਾਰ ਨੇ ਹੁਕਮ ਦਿਤਾ ਹੈ ਕਿ ਉੱਤਰ ਪ੍ਰਦੇਸ਼ ਦੀ ਕੈਬਨਿਟ ਮੰਤਰੀ ਰੀਤਾ ਬਹੁਗੁਣਾ ਜੋਸ਼ੀ ਨੂੰ 31 ਅਕਤੂਬਰ ਨੂੰ ਖੁਦ ਕੋਰਟ ਵਿਚ ਹਾਜ਼ਰ ਹੋਣਾ ਪਵੇਗਾ। ਆਦੇਸ਼ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਹ ਸਬੂਤਾਂ ਨੂੰ ਨਸ਼ਟ ਜਾਂ ਪ੍ਰਭਾਵਿਤ ਨਹੀ ਕਰੇਗੀ।

ਵਰਨਣ ਯੋਗ ਹੈ ਕਿ ਵਜੀਰਗੰਜ ਥਾਣੇ ਵਿਚ ਸਾਲ 2010 ਵਿਚ ਇਹ ਕੇਸ ਓਦੋਂ ਦਰਜ਼ ਹੋਇਆ ਸੀ, ਜਦੋਂ ਰੀਤਾ ਬਹੁਗੁਣਾ ਜੋਸ਼ੀ ਉੱਤਰ ਪ੍ਰਦੇਸ਼ ਦੀ ਕਾਂਗਰਸ ਦੀ ਪ੍ਰਧਾਨ ਹੁੰਦੀ ਸੀ। ਰੀਤਾ ਬਹੁਗੁਣਾ ਉੱਤੇ ਦੋਸ਼ ਹੈ ਕਿ ਉਸ ਨੇ ਧਾਰਾ 144 ਲਾਗੂ ਹੋਣ ਦੇ ਬਾਵਜੂਦ ਵਿਧਾਨ ਸਭਾ ਵਿੱਚ ਦਾਖਲ ਹੋ ਕੇ ਕਾਨੂੰਨ ਤੋੜਿਆ ਤੇ ਜਦੋਂ ਪੁਲਿਸ ਨੇ ਉਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨਾਂ ਦੇ ਸਮਰਥਕਾਂ ਨੇ ਪੁਲਿਸ ਨਾਲ ਹੱਥਪਪਾਈ ਕੀਤੀ। ਇਸ ਦੇ ਨਾਲ ਹੀ ਤੋੜਫੋੜ ਅਤੇ ਅੱਗ ਲਾਉਣ ਦੀਆਂ ਘਟਨਾਵਾਂ ਵੀ ਹੋਈਆਂ। ਇਸ ਕੇਸ ਵਿਚ 17 ਸੰਤਬਰ 2018 ਤੱਕ 12 ਵਾਰ ਸੁਣਵਾਈ ਹੋਈ ਤੇ ਇਨਾਂ 12 ਸੁਣਵਾਈਆਂ ਦੌਰਾਨ ਰੀਤਾ ਬਹੁਗੁਣਾ ਜੋਸ਼ੀ ਇਕ ਵਾਰ ਵੀ ਅਦਾਲਤ ਵਿਚ ਨਹੀਂ ਆਈ ਸੀ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲਿਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
○ Automatic & Manual Trucks
● 1 on 1 Training
○ Forklift Training
Reach Truck
Forklift $79 Recertification
Counterbalance
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

# ਮਨਜੀਤ ਸਿੰਘ ਜੀ ਕੇ ਦਾ ਦਿੱਲੀ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ

## * ਜੀ ਕੇ ਕਹਿੰਦਾ: ਅਸਤੀਫਾ ਨਹੀਂ ਦਿੱਤਾ, ਚਾਰਜ ਹੀ ਸੌਂਪਿਐ



ਨਵੀਂ ਦਿੱਲੀ, 9 ਅਕਤੂਬਰ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਦਿੱਲੀ ਇਕਾਈ ਦੇ ਮੁਖੀ ਮਨਜੀਤ ਸਿੰਘ ਜੀ ਕੇ ਨੇ ਬੀਤੀ ਰਾਤ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਤੇ ਅਚਾਨਕ ਉਨ੍ਹਾਂ ਦੇ ਫੋਨ ਬੰਦ ਆਉਣ ਲੱਗ ਪਏ। ਇਸ ਨਾਲ ਮੰਗਲਵਾਰ ਸਵੇਰ ਤੱਕ ਸਸਪੈਂਸ ਬਣਿਆ ਰਿਹਾ ਸੀ, ਪਰ ਇਸ ਦੇ ਬਾਅਦ ਉਨ੍ਹਾ ਨੇ ਅਚਾਨਕ ਕੁਝ ਮੀਡੀਆ ਚੈਨਲਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਨੇ ਅਸਤੀਫਾ ਨਹੀਂ ਦਿੱਤਾ, ਸਿਰਫ ਜ਼ਿਮੇਵਾਰੀਆਂ ਹੀ ਆਪਣੇ ਸੀਨੀਅਰ ਮੀਤ ਪ੍ਰਧਾਨ ਨੂੰ ਸੌਂਪੀਆਂ ਹਨ।

ਰਾਜਸੀ ਦ੍ਰਿਸ਼ ਤੋਂ ਅਚਾਨਕ ਲਾਂਭੇ ਹੋਣ ਅਤੇ ਫੋਨ ਵੀ ਬੰਦ ਕਰ ਲੈਣ ਨਾਲ ਜਦੋਂ ਮਨਜੀਤ ਸਿੰਘ ਜੀ ਕੇ ਬਾਰੇ ਇਹ ਚਰਚਾ ਹਰ ਪਾਸੇ ਚੱਲ ਪਈ ਕਿ ਉਸ ਨੇ ਪਾਰਟੀ ਨਾਲ ਮੱਤਭੇਦਾਂ ਕਾਰਨ ਅਸਤੀਫਾ ਦੇ ਦਿੱਤਾ ਹੈ ਤਾਂ ਉਨ੍ਹਾਂ ਨੇ ਸਾਹਮਣੇ ਆ ਕੇ ਇਹ ਕਹਿ ਦਿੱਤਾ ਕਿ ਉਨ੍ਹਾਂ ਨੇ ਅਸਤੀਫਾ ਨਹੀਂ ਦਿੱਤਾ। ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਕੁਝ ਨਿੱਜੀ ਰੁਝੇਵਿਆਂ ਕਾਰਨ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਵਜੋਂ ਆਪਣੀਆਂ ਤਾਕਤਾਂ ਅਗਲੇ 10-12 ਦਿਨਾਂ ਦੇ ਲਈ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੂੰ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਕਦਮ ਉਨ੍ਹਾਂ ਪੰਜਾਬ, ਹਿਮਾ-ਚਲ, ਪਟਨਾ ਤੇ ਅਗਲੇ ਦਿਨਾਂ ਵਿੱਚ ਵਿਦੇਸ਼ ਦੌਰੇ ਲਈ ਪੁੱਟਿਆ ਹੈ। ਇਸੇ ਦੇ ਨਾਲ ਉਨ੍ਹਾਂ ਇਹ ਕਹਿ ਕੇ ਅੰਦਰੂਨੀ ਸਥਿਤੀ ਦੀ ਝਲਕ ਵੀ ਦੇ ਦਿੱਤੀ ਕਿ ਅੱਜ ਕੱਲ੍ਹ ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਆਗੂਆਂ ਤੇ ਨਵੀਂ ਪੀੜ੍ਹੀ ਦੇ ਆਗੂਆਂ ਵਿਚਾਲੇ ਸੋਚ ਦਾ ਇੱਕ ਪਾੜਾ ਪੈ ਚੁੱਕਾ ਹੈ, ਜਿਸ ਨੂੰ ਦੂਰ ਕਰਨਾ ਚਾਹੀਦਾ ਹੈ।

ਵਰਨਣ ਯੋਗ ਹੈ ਕਿ ਮਨਜੀਤ ਸਿੰਘ ਜੀ ਕੇ ਇਸ ਤੋਂ ਪਹਿਲਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੀਆਂ ਘਟਨਾਵਾਂ ਅਤੇ ਡੇਰਾ ਸੱਚਾ ਸੌਦਾ ਸਿਰਸਾ ਬਾਰੇ ਅਕਾਲੀ ਦਲ ਦੇ ਫ਼ੈਸਲਿਆਂ ਬਾਰੇ ਪਾਰਟੀ ਦੀ ਅਜੋਕੀ ਲੀਡਰਸ਼ਿਪ ਨਾਲੋਂ ਆਪਣੀ ਵੱਖਰੀ ਅਤੇ ਕਾਫੀ ਨਾਰਾਜ਼ਗੀ ਵਾਲੀ ਸੁਰ ਵਾਲੀ ਕਈ ਵਾਰ ਪੇਸ਼ ਕਰ ਜਾਂਦੇ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਅਜੋਕੇ ਰਾਜਸੀ ਮੁੱਦਿਆਂ ਬਾਰੇ ਇੱਕ ਜ਼ਿੰਮੇਵਾਰ ਆਗੂ ਹੋਣ ਕਰਕੇ ਉਹ ਆਪਣੀ ਗੱਲ ਪਾਰਟੀ ਅੰਦਰ ਹੀ ਰੱਖਣਗੇ। ਇਹ ਗੱਲ ਯਾਦ ਕਰਨ ਵਾਲੀ ਹੈ ਕਿ ਪਿਛਲੇ ਸਾਲ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਇੱਕਦਮ ਪਿੱਛੋਂ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵੀ ਮਨਜੀਤ ਸਿੰਘ ਜੀ ਕੇ ਨੇ ਆਪਣੇ ਬਲ-ਬੂਤੇ ਅਗਵਾਈ ਕਰ ਕੇ ਲੜੀਆਂ ਤੇ ਜਿੱਤੀਆਂ ਸਨ ਅਤੇ ਬਾਦਲ ਪਰਿਵਾਰ ਨੂੰ ਉਨ੍ਹਾਂ ਚੋਣਾਂ ਦੇ ਸਮੁੱਚੇ ਪ੍ਰਚਾਰ ਤੋਂ ਦੂਰ ਰੱਖਿਆ ਸੀ, ਕਿਉਂਕਿ ਬੇਅਦਬੀ ਕਾਂਡ ਅਤੇ ਪੰਜਾਬ ਵਿੱਚ ਡਰੱਗ ਦੇ ਕੇਸਾਂ ਕਾਰਨ ਓਦੋਂ ਸਿੱਖ ਸੰਗਤ ਵਿੱਚ ਬਾਦਲ ਪਰਵਾਰ ਦਾ ਵਿਰੋਧ ਹਰ ਪਾਸੇ ਭਾਰੂ ਸੀ, ਜਿਸ ਕਰਕੇ ਪਿਤਾ-ਪੁੱਤਰ ਦੀਆਂ ਤਸਵੀਰਾਂ ਵੀ ਬਾਦਲ ਧੜੇ ਦੇ ਮਨਜਿੰਦਰ ਸਿੰਘ ਸਿਰਸਾ ਅਤੇ ਦੋ-ਚਾਰ ਹੋਰ ਉਮੀਦਵਾਰਾਂ ਤੋਂ ਬਿਨਾਂ ਦਿੱਲੀ ਕਮੇਟੀ ਲਈ ਬਹੁਤੇ ਅਕਾਲੀ ਉਮੀਦਵਾਰਾਂ ਨੇ ਪੋਸਟਰਾਂ ਅਤੇ ਬੈਨਰਾਂ ਉੱਤੇ ਨਹੀਂ ਲਾਈਆਂ ਸਨ।

ਇਸ ਦੌਰਾਨ ਬਾਦਲ ਅਕਾਲੀ ਦਲ ਵਿੱਚੋਂ ਬਾਗ਼ੀ ਹੋਏ ਫਿਰਦੇ ਦਿੱਲੀ ਗੁਰਦੁਆਰਾ ਕਮੇਟੀ ਮੈਂਬਰ ਗੁਰਮੀਤ ਸਿੰਘ ਸ਼ੰਟੀ (ਸਾਬਕਾ ਜਨਰਲ ਸਕੱਤਰ) ਨੇ ਕਿਹਾ ਹੈ ਕਿ ਮਨਜੀਤ ਸਿੰਘ ਜੀ ਕੇ ਨੂੰ ਪੰਥ ਨਾਲ ਹਮਦਰਦੀ ਸੀ ਤਾਂ ਉਸ ਨੂੰ ਉਸ ਵੇਲੇ ਅਸਤੀਫਾ ਦੇਣਾ ਚਾਹੀਦਾ ਸੀ, ਜਦੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਸੱਚਾ ਸੌਦਾ ਡੇਰੇ ਦੇ ਮੁਖੀ ਰਾਮ ਰਹੀਮ ਨੂੰ ਮੁਆਫੀਨਾਮਾ ਦਿੱਤਾ ਸੀ। ਦੂਸਰੇ ਪਾਸੇ ਪੰਥਕ ਸੇਵਾ ਦੇ ਬੁਲਾਰੇ ਹਰਮਿੰਦਰ ਸਿੰਘ ਆਹਲੂਵਾਲੀਆ ਨੇ ਕਿਹਾ ਕਿ ਸਾਰਾ ਨਾਟਕ ਮਨਜੀਤ ਸਿੰਘ ਜੀ ਕੇ ਵੱਲੋਂ ਹਾਈ ਕਮਾਂਡ ਅਤੇ ਭਾਜਪਾ ਤੋਂ ਆਪਣੇ ਲਈ ਲੋਕ ਸਭਾ ਟਿਕਟ ਲੈਣ ਵਾਸਤੇ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਕਿ ਦਿੱਲੀ ਕਮੇਟੀ ਨੂੰ ਜੀ ਕੇ ਨੇ ਲੁੱਟਿਆ ਵੀ ਹੈ ਅਤੇ ਪਿਛਲੇ ਛੇ ਸਾਲਾਂ ਵਿੱਚ ਗੁਰੂ ਕੀ ਗੋਲਕ ਨੂੰ ਬਾਦਲਾਂ ਨੂੰ ਲੁਟਾਇਆ ਵੀ ਹੈ।

# ਗੁਪਤਵਾਸ ਤੋਂ ਅਚਾਨਕ ਨਿਕਲੇ ਢੀਂਡਸਾ ਨੇ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੀ ਮੰਗ ਚੁੱਕੀ

ਅੰਮ੍ਰਿਤਸਰ, 9 ਅਕਤੂਬਰ, (ਪੋਸਟ ਬਿਊਰੋ)- ਬਾਦਲ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਦੇ ਬਾਅਦ ਕਈ ਦਿਨ ਗਾਇਬ ਹੋਏ ਰਹੇ ਅਤੇ ਅੱਜ ਅਚਾਨਕ ਸ੍ਰੀ ਹਰਿਮੰਦਰ ਸਾਹਿਬ ਆ ਪਹੁੰਚੇ ਪਾਰਲੀਮੈਂਟ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੇ ਬਰਗਾੜੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੀ ਮੰਗ ਅੱਜ ਕੱਲ੍ਹ ਸਮੁੱਚਾ ਸਿੱਖ ਪੰਥ ਕਰਦਾ ਪਿਆ ਹੈ। ਮਾਝਾ ਜ਼ੋਨ ਦੇ ਟਕਸਾਲੀ ਆਗੂ ਅਤੇ ਪਾਰਲੀਮੈਂਟ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ, ਸਾਬਕਾ ਐੱਮ ਪੀ ਡਾ. ਰਤਨ ਸਿੰਘ ਅਜਨਾਲਾ, ਸਾਬਕਾ ਮੰਤਰੀ ਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਕਮੇਟੀ ਸੇਵਾ ਸਿੰਘ ਸੇਖਵਾਂ ਅਤੇ ਮਨਮੋਹਨ ਸਿੰਘ ਸਠਿਆਲਾ ਦੇ ਪਟਿਆਲਾ ਰੈਲੀ ਵਿਚ ਨਾ ਪਹੁੰਚਣ ਤੇ ਮਾਝੇ ਵਿਚਲੇ ਟਕਸਾਲੀ ਆਗੂਆਂ ਦੇ ਬਾਗ਼ੀ ਹੋਣ ਬਾਰੇ ਢੀਂਡਸਾ ਨੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਹੈ।



ਅੱਜ ਅਚਾਨਕ ਮੱਥਾ ਟੇਕਣ ਆਏ ਢੀਂਡਸਾ ਨੇ ਕਿਹਾ ਕਿ ਹਰ ਪਾਰਟੀ ਆਪਣੇ ਕੀਤੇ ਕੰਮਾਂ ਦਾ ਮੁਲੰਕਣ ਕਰਦੀ ਹੈ, ਇਸ ਲਈ ਅਕਾਲੀ ਦਲ ਨੂੰ ਵੀ ਆਪਣੇ ਅੰਦਰ ਆ ਰਹੇ ਨਿਘਾਰ ਬਾਰੇ ਵਿਚਾਰ ਚਰਚਾ ਤੇ ਮੁਲੰਕਣ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਿਹਤ ਠੀਕ ਨਾ ਹੋਣ ਕਾਰਨ ਉਨ੍ਹਾਂ ਨੇ ਪਾਰਟੀ ਦੇ ਅਹੁਦਿਆਂ ਤੋਂ ਅਸਤੀਫ਼ਾ ਦਿੱਤਾ ਹੈ, ਪਰ ਵਰਕਰ ਵਜੋਂ ਉਹ ਅੱਜ ਵੀ ਆਪਣੀ ਪਾਰਟੀ ਦੇ ਨਾਲ ਹਨ।

ਇਸ ਦੌਰਾਨ ਬਰਗਾੜੀ ਦੇ ਇਨਸਾਫ਼ ਮੋਰਚੇ ਤੇ ਧਰਨੇ ਬਾਰੇ ਢੀਂਡਸਾ ਨੇ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੇ ਬਰਗਾੜੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੀ ਮੰਗ ਸਾਰਾ ਸਿੱਖ ਪੰਥ ਲੰਮੇ ਸਮੇਂ ਤੋਂ ਕਰ ਰਿਹਾ ਹੈ। ਇਸ ਦੀ ਜਾਂਚ ਲਈ ਅਕਾਲੀ-ਭਾਜਪਾ ਸਰਕਾਰ ਨੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਵੀ ਬਣਾਇਆ ਸੀ, ਜਿਸ ਦੇ ਬਾਅਦ ਇਹ ਕੇਸ ਸੀ ਬੀ ਆਈ ਨੂੰ ਦੇ ਦਿੱਤਾ ਗਿਆ ਸੀ। ਕਾਂਗਰਸ ਸਰਕਾਰ ਨੇ ਆਪ ਬਣਾਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੋਂ ਬਾਅਦ ਮਾਮਲਾ ਐੱਸ ਆਈ ਟੀ ਨੂੰ ਸੌਂਪ ਦਿੱਤਾ ਹੈ। ਆਸ ਹੈ ਕਿ ਐੱਸ ਆਈ ਟੀ ਦੀ ਰਿਪੋਰਟ ਵੀ ਛੇਤੀ ਸਾਹਮਣੇ ਆਵੇਗੀ ਅਤੇ ਦੋਸ਼ੀ ਲੋਕਾਂ ਸਾਹਮਣੇ ਆ ਜਾਣਗੇ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਹਟਾਉਣ ਬਾਰੇ ਢੀਂਡਸਾ ਨੇ ਕਿਹਾ ਕਿ ਉਹ ਇਸ ਬਾਰੇ ਇਸ ਵੇਲੇ ਕੁਝ ਨਹੀਂ ਕਹਿ ਸਕਦੇ।

# ਬ੍ਰਿਟਿਸ਼ ਪੱਤਰਕਾਰ ਨੂੰ ਸੱਤ ਦਿਨਾਂ ਵਿੱਚ ਹਾਂਗਕਾਂਗ ਛੱਡ ਜਾਣ ਦਾ ਆਦੇਸ਼

ਹਾਂਗਕਾਂਗ, 9 ਅਕਤੂਬਰ (ਪੋਸਟ ਬਿਊਰੋ)- ਫਾਈਨਾਂਸ਼ੀਅਲ ਟਾਈਮਜ਼ (ਐੱਫ ਟੀ) ਦੇ ਸੀਨੀਅਰ ਪੱਤਰਕਾਰ ਵਿਕਟਰ ਮੈਲੇਟ ਨੂੰ ਹਾਂਗਕਾਂਗ ਪ੍ਰਸ਼ਾਸਤ ਨੇ ਸੱਤ ਦਿਨਾਂ 'ਚ ਹਾਂਗਕਾਂਗ ਛੱਡ ਜਾਣ ਦਾ ਆਦੇਸ਼ ਦਿੱਤਾ ਹੈ।

ਬ੍ਰਿਟਿਸ਼ ਨਾਗਰਿਕ ਮੈਲੇਟ ਐੱਫ ਟੀ ਦੇ ਏਸ਼ੀਆ ਨਿਊਜ਼ ਐਡੀਟਰ ਹਨ। ਦੋ ਮਹੀਨੇ ਪਹਿਲਾਂ ਮੈਲੇਟ ਨੇ ਆਜ਼ਾਦੀ ਪੱਖੀ ਸਿਆਸੀ ਪਾਰਟੀ ਦੇ ਨੇਤਾ ਐਂਡੀ ਚੈਨ ਦੇ ਭਾਸ਼ਣ ਦਾ ਪ੍ਰੋਗਰਾਮ ਹਾਂਗਕਾਂਗ ਪ੍ਰੈੱਸ ਕਲੱਬ 'ਚ ਕਰਵਾਇਆ ਸੀ। ਇਸੇ ਤੋਂ ਚੀਨ ਅਤੇ ਹਾਂਗਕਾਂਗ ਪ੍ਰਸ਼ਾਸਨ ਉਨ੍ਹਾਂ ਨਾਲ ਨਾਰਾਜ਼ ਹੋ ਗਿਆ। ਪਿਛਲੇ ਹਫ਼ਤੇ ਹਾਂਗਕਾਂਗ ਇਮੀਗਰੇਸ਼ਨ ਅਥਾਰਟੀ ਨੇ ਮੈਲੇਟ ਦੇ ਵਰਕ ਵੀਜ਼ਾ ਨੂੰ ਰੀਨਿਊ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਐੱਫ ਟੀ ਦੇ ਮੁਤਾਬਿਕ ਐਤਵਾਰ ਨੂੰ ਹਾਂਗਕਾਂਗ ਵਾਪਸ ਆਏ ਮੈਲੇਟ ਨੂੰ ਅਥਾਰਟੀ ਨੇ ਸਿਰਫ਼ ਸੱਤ ਦਿਨ ਦਾ ਵਿਜ਼ਟਰ ਵੀਜ਼ਾ ਦਿੱਤਾ।

# ਸਰਕਾਰੀ ਕੰਟਰੋਲ ਵਾਲੇ ਭਿਲਾਈ ਸਟੀਲ ਪਲਾਂਟ ਵਿੱਚ ਧਮਾਕਾ, 13 ਮੌਤਾਂ

ਭਿਲਾਈ, 9 ਅਕਤੂਬਰ, (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਭਿਲਾਈ ਸਟੀਲ ਪਲਾਂਟ ਵਿਚ ਅੱਜ ਮੰਗਲਵਾਰ ਸਵੇਰੇ ਗੈਸ ਪਾਈਪ ਲਾਈਨ ਫਟਣ ਨਾਲ ਹੋਏ ਧਮਾਕੇ ਵਿਚ 13 ਲੋਕਾਂ ਦੀ ਮੌਤ ਹੋ ਗਈ। ਹਾਦਸੇ ਵਕਤ ਉਥੇ ਲਗਪਗ 30 ਮੁਲਾਜ਼ਮ ਕੰਮ ਕਰ ਰਹੇ ਸਨ। ਗੰਭੀਰ ਜ਼ਖ਼ਮੀ 15 ਲੋਕਾਂ ਨੂੰ ਭਿਲਾਈ ਦੇ ਹਸਪਤਾਲ ਵਿਚ ਦਾਖ਼ਲ ਕਰਾਇਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਸਵੇਰੇ ਪਲਾਂਟ ਦੇ ਕੋਕ ਓਵਨ ਦੇ ਬੈਟਰੀ ਨੰਬਰ 11 ਵਿਚ ਕੰਮ ਚੱਲ ਰਿਹਾ ਸੀ। ਇਸ ਦੌਰਾਨ ਪਾਈਪ ਲਾਈਨ ਵਿਚ ਅਚਾਨਕ ਧਮਾਕਾ ਹੋਇਆ ਤੇ ਫਿਰ ਅੱਗ ਲੱਗ ਗਈ। ਇਸ ਨਾਲ ਉਥੇ ਹਫੜਾ-ਤਫੜੀ ਮੱਚ ਗਈ। ਫਾਇਰ ਬ੍ਰਿਗੇਡ ਮੌਕੇ 'ਤੇ ਆਈ, ਪਰ ਅੱਗ ਦੀਆਂ ਲਪਟਾਂ ਇੰਨੀਆਂ ਤੇਜ਼ ਸਨ ਕਿ ਇਸ ਉੱਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਮੁਲਾਜ਼ਮਾਂ ਨੂੰ ਕਾਫ਼ੀ ਮੁਸ਼ੱਕਤ ਕਰਨੀ ਪਈ। ਘਟਨਾ ਦੀ ਸੂਚਨਾ ਮਿਲਦੇ ਸਾਰ ਆਈ ਜੀ, ਜੀ ਪੀ ਸਿੰਘ ਅਤੇ ਐੱਸ ਪੀ ਡਾ. ਸੰਜੀਵ ਸ਼ੁਕਲਾ ਮੌਕੇ 'ਤੇ ਪੁੱਜੇ। ਸੀ ਆਈ ਐੱਸ ਐੱਫ ਅਤੇ ਪੁਲਿਸ ਨੇ ਘਟਨਾ ਪਿੱਛੋਂ ਪੂਰਾ ਇਲਾਕਾ ਸੀਲ ਕਰ ਦਿੱਤਾ ਹੈ। ਇਸ ਹਾਦਸੇ ਦਾ ਕਾਰਨ ਪਲਾਂਟ ਦਾ ਪੁਰਾਣਾ ਢਾਂਚਾ ਦੱਸਿਆ ਗਿਆ ਹੈ। ਪਲਾਂਟ ਵਿਚ ਲੰਬੇ ਸਮੇਂ ਤੋਂ ਛੋਟੀਆਂ-ਮੋਟੀਆਂ ਘਟਨਾਵਾਂ ਵਾਪਰ ਰਹੀਆਂ ਸਨ, ਪ੍ਰੰਤੂ ਪ੍ਰਬੰਧਕ ਇਸ ਨੂੰ ਨਜ਼ਰ ਅੰਦਾਜ਼ ਕਰ ਰਹੇ ਸਨ।

ਵਰਨਣ ਯੋਗ ਹੈ ਕਿ ਸਾਲ 2007 ਵਿੱਚ ਪਲਾਂਟ ਦੇ ਆਧੁਨਿਕੀਕਰਨ ਲਈ 18 ਹਜ਼ਾਰ ਕਰੋੜ ਰੁਪਏ ਦੀ ਯੋਜਨਾ ਮਨਜ਼ੂਰ ਕੀਤੀ ਗਈ ਸੀ, ਜਿਸ ਨੂੰ ਅੱਜ ਤਕ ਵੀ ਪੂਰਾ ਨਹੀਂ ਕੀਤਾ ਗਿਆ। ਇਸ ਵਿੱਚ ਧੋਖਾਦੇਹੀ ਦੇ ਵੀ ਦੋਸ਼ ਲੱਗੇ ਸਨ, ਪਰ ਮਾਮਲਾ ਦੱਬ ਗਿਆ ਸੀ। ਸਾਲ 2015 ਤੋਂ 2018 ਤਕ 25 ਮਜ਼ਦੂਰ ਇਥੇ ਕੰਮ ਦੌਰਾਨ ਮਾਰੇ ਜਾ ਚੁੱਕੇ ਹਨ।

# ਪੰਜਾਬ ਸਰਕਾਰ ਦਾ ਸਾਹ ਸੌਖਾ, ਕੇਂਦਰ ਵੱਲੋਂ ਝੋਨੇ ਦੀ ਖਰੀਦ ਲਈ ਮਾਇਆ ਮਨਜ਼ੂਰ

## * ਤੀਹ ਹਜ਼ਾਰ ਕਰੋੜ ਰੁਪਏ ਦੀ ਕੈਸ਼ ਕਰੈਡਿਟ ਲਿਮਿਟ ਜਾਰੀ

ਚੰਡੀਗੜ੍ਹ, 9 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਉਚੇਚੇ ਨਿੱਜੀ ਦਖਲ ਨਾਲ ਕੇਂਦਰ ਸਰਕਾਰ ਨੇ 2018-19 ਦੇ ਝੋਨਾ ਸੀਜ਼ਨ ਲਈ ਪੰਜਾਬ ਨੂੰ ਲੋੜੀਂਦੇ 40,300 ਕਰੋੜ ਵਿੱਚੋਂ 29695.40 ਕਰੋੜ ਰੁਪਏ ਦੇ ਨਕਦ ਹੱਦ ਕਰਜ਼ੇ (ਕੈਸ਼ ਕਰੈਡਿਟ ਲਿਮਿਟ) ਦੀ ਪ੍ਰਵਾਨਗੀ ਦੇ ਦਿੱਤੀ ਹੈ।

ਕੇਂਦਰ ਸਰਕਾਰ ਦੇ ਇਸ ਕਦਮ ਬਾਰੇ ਅੱਜ ਮੰਗਲਵਾਰ ਨੂੰ ਪੰਜਾਬ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਅਕਤੂਬਰ ਤੱਕ ਝੋਨੇ ਦੀ ਖਰੀਦ ਕਰਨ ਲਈ ਰਿਜ਼ਰਵ ਬੈਂਕ ਆਫ ਇੰਡੀਆ ਨੇ ਇਹ ਰਾਸ਼ੀ ਜਾਰੀ ਕਰ ਦਿੱਤੀ ਹੈ ਅਤੇ 10604.60 ਕਰੋੜ ਰੁਪਏ ਦੀ ਇੱਕ ਕਿਸ਼ਤ ਬਾਅਦ ਵਿੱਚ ਜਾਰੀ ਕੀਤੀ ਜਾਵੇਗੀ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕੈਸ਼ ਕਰੈਡਿਟ ਲਿਮਿਟ ਜਲਦੀ ਜਾਰੀ ਕਰਾਉਣ ਲਈ ਲਗਾਤਾਰ ਇਸ ਮੁੱਦੇ ਨੂੰ ਉਠਾਇਆ ਸੀ ਤਾਂ ਜੋ ਝੋਨੇ ਦੀ ਖਰੀਦ ਕਰਨ ਦੇ ਬਾਅਦ ਕਿਸਾਨਾਂ ਨੂੰ ਸਮੇਂ ਸਿਰ ਭੁਗਤਾਨ ਵੀ ਯਕੀਨੀ ਬਣਾਇਆ ਜਾ ਸਕੇ। ਕੈਸ਼ ਕਰੈਡਿਟ ਲਿਮਿਟ ਜਾਰੀ ਹੁੰਦੇ ਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਰੀਆਂ ਖਰੀਦ ਏਜੰਸੀਆਂ ਨੂੰ ਝੋਨੇ ਦੀ ਚੁਕਾਈ ਨੂੰ ਯਕੀਨੀ ਕਰਨ ਅਤੇ ਕਿਸਾਨਾਂ ਨੂੰ ਸਮੇਂ ਸਿਰ ਭੁਗਤਾਨ ਕਰਨ ਦੇ ਕਦਮ ਚੁਕਣ ਨੂੰ ਕਿਹਾ ਹੈ।

# ਭੋਲਾ ਡਰੱਗ ਕੇਸ ਵਿੱਚ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ ਸਣੇ 11 ਜਣਿਆਂ ਖਿਲਾਫ ਦੋਸ਼ ਆਇਦ

ਫਿਲੌਰ, 9 ਅਕਤੂਬਰ, (ਪੋਸਟ ਬਿਊਰੋ)- ਪ੍ਰੀਵੈਨਸ਼ਨ ਆਫ ਮਨੀ ਲਾਂਡ੍ਰਿੰਗ ਐਕਟ (ਪੀ ਐੱਮ ਐੱਲ ਏ) ਦੇ ਭੋਲਾ ਡਰੱਗ ਰੈਕੇਟ ਵਾਲੇ ਬਹੁ-ਚਰਚਿਤ ਕੇਸ ਵਿੱਚ ਸਾਬਕਾ ਅਕਾਲੀ ਮੰਤਰੀ ਸਰਵਣ ਸਿੰਘ ਫਿਲੌਰ, ਉਸ ਦੇ ਬੇਟੇ ਦਮਨਵੀਰ ਸਿੰਘ, ਸਾਬਕਾ ਚੀਫ ਪਾਰਲੀਮੈਂਟਰੀ ਸੈਕਟਰੀ ਅਵਿਨਾਸ਼ ਚੰਦਰ ਸਣੇ 11 ਦੋਸ਼ੀਆਂ 'ਤੇ ਅੱਜ ਮੋਹਾਲੀ ਦੀ ਵਿਸ਼ੇਸ਼ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਅਦਾਲਤ ਨੇ ਦੋਸ਼ ਲਾਗੂ ਕਰ ਦਿੱਤੇ ਹਨ। ਇਹ ਬਾਰੇ ਜਾਣਕਾਰੀ ਦੇਂਦੇ ਹੋਏ ਈ ਡੀ ਦੇ ਵਕੀਲ ਜਗਜੀਤ ਸਿੰਘ ਸਰਾਓ ਨੇ ਦੱਸਿਆ ਕਿ ਇਸ ਦੇ ਬਾਅਦ ਟ੍ਰਾਇਲਸ ਦਾ ਦੌਰ ਸ਼ੁਰੂ ਹੋ ਜਾਵੇਗਾ।

ਮਿਲੀ ਜਾਣਕਾਰੀ ਅਨੁਸਾਰ ਅੱਜ ਦੀ ਪੇਸ਼ੀ ਦੌਰਾਨ ਈ ਡੀ ਅਧਿਕਾਰੀ ਨਿਰੰਜਨ ਸਿੰਘ ਨੇ ਕੋਰਟ ਵਿੱਚ ਕਿਹਾ ਕਿ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਇਸ ਕੇਸ ਦੀ ਜਾਂਚ ਵਿੱਚ ਸਹਿਯੋਗ ਨਹੀਂ ਦਿੱਤਾ। ਪੇਸ਼ੀ ਮਗਰੋਂ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ ਦੇ ਬੇਟੇ ਦਮਨਵੀਰ ਸਿੰਘ ਨੇ ਕਿਹਾ ਕਿ ਮਨੀ ਲਾਂਡ੍ਰਿੰਗ ਐਕਟ ਤਹਿਤ ਭਾਵੇਂ ਉਨ੍ਹਾਂ 'ਤੇ ਦੋਸ਼ ਲਾਗੂ ਹੋ ਗਏ ਹਨ, ਪਰ ਸਹੀ ਜਾਂਚ ਨਹੀਂ ਹੋਈ। ਉਸ ਨੇ ਕਿਹਾ ਕਿ ਮਜੀਠੀਆ ਉੱਤੇ ਕੋਈ ਕਾਰਵਾਈ ਨਹੀਂ ਹੋ ਰਹੀ, ਸਗੋਂ ਈ ਡੀ ਅਫਸਰ ਨਿਰੰਜਨ ਸਿੰਘ 'ਤੇ ਅਸਤੀਫਾ ਦੇਣ ਦਾ ਦਬਾਅ ਬਣਾਇਆ ਗਿਆ।

ਈ ਡੀ ਅਧਿਕਾਰੀ ਨਿਰੰਜਨ ਸਿੰਘ ਅੱਜ ਗਵਾਹ ਦੇ ਤੌਰ 'ਤੇ ਪੇਸ਼ ਹੋਏ ਸਨ। ਉਨ੍ਹਾਂ ਦੱਸਿਆ ਕਿ ਉਹ ਗਵਾਹ ਵਜੋਂ ਆਏ ਸਨ ਤੇ ਆਉਂਦੇ ਰਹਿਣ-ਗੇ, ਪਰ ਆਪਣੇ ਅਸਤੀਫੇ ਬਾਰੇ ਕੁਝ ਵੀ ਬੋਲਣ ਤੋਂ ਨਿਰੰਜਨ ਸਿੰਘ ਨੇ ਨਾਂਹ ਕਰ ਦਿੱਤੀ।

# ਪੱਥਰ ਸਮਝ ਕੇ ਸੁੱਟੀ ਚੀਜ਼ ਇੱਕ ਲੱਖ ਡਾਲਰ ਮੁੱਲ ਦਾ ਸਪੇਸ ਦਾ ਟੁਕੜਾ ਨਿਕਲੀ

ਮਿਸ਼ੀਗਨ, 9 ਅਕਤੂਬਰ (ਪੋਸਟ ਬਿਊਰੋ)- ਅਮਰੀਕਾ 'ਚ ਰਹਿਣ ਵਾਲਾ ਇਕ ਵਿਅਕਤੀ ਜਿਸ ਪੱਥਰ ਨੂੰ ਸਾਧਾਰਨ ਸੋਚ ਕੇ ਉਸ ਦੀ ਵਰਤੋਂ ਦਰਵਾਜ਼ਾ ਬੰਦ ਕਰਨ ਲਈ ਕਰਦਾ ਸੀ, ਉਸ ਨੂੰ ਬਾਅਦ ਵਿੱਚ ਪਤਾ ਲੱਗਾ ਕਿ ਇਹ ਕੋਈ ਸਾਧਾਰਨ ਪੱਥਰ ਨਹੀਂ, ਸਪੇਸ ਤੋਂ ਡਿੱਗਾ ਕੀਮਤੀ ਉਲਕਾ ਪਿੰਡ ਹੈ, ਜਿਸ ਦੀ ਕੀਮਤ 1 ਲੱਖ ਡਾਲਰ ਹੈ।

ਮਿਸ਼ੀਗਨ ਵਿੱਚ ਰਹਿਣ ਵਾਲਾ ਇਕ ਵਿਅਕਤੀ 30 ਸਾਲਾਂ ਤੋਂ 10 ਕਿਲੋ ਦੇ ਉਲਕਾ ਪਿੰਡ ਨੂੰ ਸਾਧਾਰਨ ਪੱਥਰ ਮੰਨ ਕੇ ਦਰਵਾਜ਼ਾ ਬੰਦ ਕਰਨ ਲਈ ਵਰਤਦਾ ਰਿਹਾ ਸੀ। ਬਾਅਦ 'ਚ ਉਸ ਨੂੰ ਪਤਾ ਲੱਗਾ ਕਿ ਇਸ ਦੀ ਕੀਮਤ ਲੱਖਾਂ ਦੀ ਹੈ। ਇਸ ਵਿਅਕਤੀ ਨੂੰ ਇਹ ਉਲਕਾ ਪਿੰਡ ਉਸ ਸਮੇਂ ਮਿਲਿਆ ਸੀ, ਜਦ ਉਸ ਨੇ 1988 'ਚ ਆਪਣੀ ਜਾਇਦਾਦ ਵੇਚੀ ਅਤੇ ਤੋਹਫੇ ਵਜੋਂ ਉਸ ਨੂੰ ਇਹ ਪੱਥਰ ਮਿਲਿਆ ਸੀ। ਉਸ ਸਮੇਂ ਇਹ ਗਰਮ ਸੀ। ਪੱਥਰ ਦੇ ਨਵੇਂ ਮਾਲਕ ਨੇ ਦੱਸਿਆ ਕਿ ਮੈਨੂੰ ਇਹ ਪੱਥਰ ਸਹੀ ਲੱਗਾ ਤੇ ਮੈਂ ਇਸ ਦੀ ਵਰਤੋਂ ਦਰਵਾਜ਼ਾ ਬੰਦ ਕਰਨ ਲਈ ਕਰਨ ਲੱਗਾ। ਕੁੱਝ ਸਮਾਂ ਪਹਿਲਾਂ ਮੇਰੇ ਦਿਮਾਗ 'ਚ ਆਇਆ ਕਿ ਮੈਂ ਇਸ ਪੱਥਰ ਦੀ ਕੀਮਤ ਪਤਾ ਕਰ ਲਵਾਂ, ਇਸ ਲਈ ਮੈਂ ਮਿਸ਼ੀਗਨ ਯੂਨੀਵਰਸਿਟੀ ਲੈ ਗਿਆ।


A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ





Paramjit Deol Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

BRAMPTON $89,000 — Photo Not Available — Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੈਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft. — 135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500 — 85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000 — Photo Not Available — 10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000 — 1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ। ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $541,800 — Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਊਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900 — Photo Not Available — 44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੈਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999 — Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775 — Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000 — 60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000 — Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000 — Photo Not Available — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $849,000 — Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।





ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Daljit Singh President
308 Rutherford Road Brampton
905-874-9878
Inderjit Singh Lic. Auto Body Technician Lic. Mec.
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE 30 Stafford Dr., Brampton. Tel: 905-460-1414
HEAD OFFICE: 905-874-9878 Toll Free: 1-877-799-9878, www.skydomeauto.ca

# ਸੀਨੀਅਰ ਵੈਟਰਨ ਐਸੋਸੀਏਸ਼ਨ ਦੀ ਸਫਲ ਮਿਲਣੀ







ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਬੀਤੇ ਐਤਵਾਰ ਭਾਰਤ ਵਿਚੋਂ ਸੇਵਾ ਮੁੱਕਤ ਫੌਜੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਦੀ ਬੜੀ ਸਫਲ ਮੀਟਿੰਗ ਹੋਈ। ਇਹ ਪਹਿਲੀ ਵਾਰ ਸੀ ਕਿ ਮੀਟਿੰਗ ਵਿਚ ਪਰਵਾਰਾਂ ਨੇ ਵੀ ਹਿੱਸਾ ਲਿਆ।

ਪ੍ਰੋਗਰਾਮ ਬਹੁਤ ਹੀ ਸਵਾਦਿਸ਼ਟ ਬਰੇਕਫਾਸਟ ਨਾਲ ਸ਼ੁਰੂ ਹੋਇਆ। ਇਸ ਤੋਂ ਬਾਅਦ ਵੈਟਰਨ ਅਪਣੀ ਮੀਟਿੰਗ ਵਿਚ ਅਤੇ ਪਰਿਵਾਰ ਮੌਜ ਮੇਲੇ ਵਿਚ ਰੁੱਝ ਗਏ। ਉਸ ਦਿਨ ਮੌਸਮ ਵੀ ਬੜਾ ਵਧੀਆ ਸੀ, ਜਿਸ ਦਾ ਸਭ ਨੇ ਆਨੰਦ ਮਾਣਿਆਂ। ਮੈਂਬਰਾਂ ਨੇ ਰੰਗਾ ਰੰਗ ਪ੍ਰੋਗਰਾਮ ਰਚਾਇਆ ਜਿਸ ਵਿਚ ਸਭ ਨੇ ਆਪਣੀ ਆਪਣੀ ਕਲਾਕਾਰੀ ਹੁਨਰ ਦਾ ਪ੍ਰਦਰਸ਼ਨ ਕੀਤਾ।

ਦੂਸਰੇ ਹਾਲ ਵਿਚ ਸੀਨੀਅਰ ਵੈਟਰਨ ਦੀ ਮੀਟਿੰਗ ਹੋਈ ਜਿਸ ਵਿਚ ਬੜੇ ਫਕਰ ਨਾਲ ਲਿਖਿਆ ਜਾਂਦਾ ਹੈ ਕਿ ਇਸ ਵਿਚ ਸੀਨੀਅਰ ਰਾਟਾਇਰਡ ਅਫਸਰ ਜਨਰਲ ਸਿੱਧੂ, ਬਰਗੇਡੀਅਰ ਬਾਠ, ਬਰਗੇਡੀਅਰ ਨਵਾਬ ਹੀਰ ਅਤੇ ਹੋਰ ਬਹੁਤ ਹੀ ਮਾਣਯੋਗ ਸ਼ਖਸ਼ੀਅਤਾਂ ਨੇ ਆਪਣਾ ਯੋਗਦਾਨ ਪਾਇਆ। ਮੀਟਿੰਗ ਸ਼ੁਰੂ ਕਰਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਕਰਨਲ ਗੁਰਮੇਲ ਸਿੰਘ ਸੋਹੀ (ਰਟਾਇਰਡ) ਨੇ ਸਭ ਨੂੰ ਜੀ ਆਇਆਂ ਆਖਿਆ। ਇਸ ਉਪਰੰਤ ਪਿਛਲੇ ਸਾਲ ਵਿਚ ਦੇਸ਼ ਦੀ ਨਿਸ਼ਕਾਮ ਸੇਵਾ ਕਰਦਿਆਂ ਸ਼ਹੀਦ ਹੋਏ ਫੌਜੀਆਂ ਨੂੰ ਇੱਕ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਦੇ ਨਾਲ ਹੀ ਸੰਸਥਾ ਨੂੰ ਸਫਲਤਾ ਨਾਲ ਚਲਾਉਣ ਵਿਚ ਯੋਗਦਾਨ ਪਾਉਣ ਵਾਲੇ ਮੈਂਬਰਾਂ ਨੂੰ ਯਾਦਗਾਰੀ ਚਿੰਨ (ਮੋਮੈਂਟੋ) ਦੇ ਕੇ ਸਨਮਾਨਿਤ ਕੀਤਾ ਗਿਆ। ਐਸੋਸੀਏਸ਼ਨ ਦੀ ਪ੍ਰੰਪਰਾ ਤੇ ਚਲਦਿਆਂ, ਜਿਨ੍ਹਾਂ ਮੈਂਬਰਾਂ ਦਾ ਜਨਮ ਦਿਨ ਅਕਤੂਬਰ ਮਹੀਨੇ ਦਾ ਸੀ, ਉਨ੍ਹਾਂ ਦਾ ਜਨਮ ਦਿਨ ਕੇਕ ਕੱਟ ਕੇ ਮਨਾਇਆ ਗਿਆ ਅਤੇ ਉਨ੍ਹਾ ਨੂੰ ਲੰਬੀ ਉਮਰ ਦੀਆਂ ਸ਼ੁਭ ਕਾਮਨਾਵਾਂ ਦਿਤੀਆਂ ਗਈਆਂ।

ਜਨਰਲ ਸਕੱਤਰ ਕੈਪਟਨ ਰਣਜੀਤ ਸਿੰਘ ਧਾਲੀਵਾਲ ਨੇ ਸੰਸਥਾ ਵਲੋਂ ਬੀਤੇ ਸਾਲ ਲਏ ਗਏ ਫੈਸਲਿਆਂ, ਉਨ੍ਹਾ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦੇ ਨਾਲ ਨਾਲ ਆਮਦਨ ਅਤੇ ਖਰਚਿਆਂ ਦਾ ਵੇਰਵਾ ਵੀ ਪੜ੍ਹ ਕੇ ਸੁਣਾਇਆ। ਸਾਰੀ ਕਾਰਵਾਈ ਨੂੰ ਮੈਂਬਰਾਂ ਵਲੋਂ ਪਾਸ ਕਰ ਦਿੱਤਾ ਗਿਆ। ਮੈਂਬਰਾਂ ਨੂੰ ਕੌਂਸਲੇਟ ਜਨਰਲ ਵਲੋਂ ਨਵੰਬਰ ਮਹੀਂਨੇ ਵਿਚ ਲਾਈਫ ਸਰਟੀਫੀਕੇਟ ਬਣਾਉਣ ਬਾਰੇ ਤਰੀਕਾਂ ਅਤੇ ਸਥਾਨਾਂ ਬਾਰੇ ਦੱਸਿਆ ਗਿਆ। ਇਸ ਦੇ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਹਰ ਮੈਂਬਰ ਘਰ ਬੈਠੇ ਹੀ ਸਰਕਾਰ ਦੀ ਜੀਵਨ ਪਰਮਾਣ ਨਾਂ ਦੀ ਸਾਈਟ ਤੇ ਜਾ ਕੇ ਅਪਣਾ ਸਰਟੀਫੀਕੇਟ ਭੇਜ ਸਕਦਾ ਹੈ।

ਐਸੋਸੀਏਸ਼ਨ ਦੇ ਚੇਅਰਮੈਨ ਬਰਗੇਡੀਅਰ ਨਵਾਬ ਸਿੰਘ ਹੀਰ ਵਲੋਂ ਅਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਸ਼ਹੀਦ ਬੁਕਣ ਸਿੰਘ, ਦੂਜੀ ਸੰਸਾਰ ਜੰਗ ਦੇ ਯੋਧਿਆਂ ਅਤੇ ਸਾਰਾਗੜੀ ਦੇ ਸ਼ਹੀਦਾਂ ਬਾਰੇ ਵਿਸ਼ੇਸ਼ ਤੌਰ ਤੇ ਜਾਣਕਾਰੀ ਦਿੱਤੀ। ਉਨ੍ਹਾਂ ਮੈਂਬਰਾਂ ਨੂੰ ਖਾਸ ਤੌਰ ਤੇ ਐਤਵਾਰ 11 ਨਵੰਬਰ ਨੂੰ ਆ ਰਹੇ ਰੰਮੈਂਬਰੈਂਸ ਡੇ (ਜਾਦਗਾਰੀ ਦਿਵਸ) ਤੇ ਸ਼ਹੀਦ ਬੁਕਣ ਸਿੰਘ ਦੀ ਕਿਚਨਰ ਵਿਖੇ ਯਾਦਗਾਰ ਉੱਤੇ ਸਮੇਂ ਸਿਰ ਪਹੁੰਚਣ ਲਈ ਅਪੀਲ ਕੀਤੀ। ਉਨ੍ਹਾਂ ਕਰਨਲ ਨਰਵੰਤ ਸੋਹੀ ਨੂੰ ਸਫਲਤਾ ਪੂਰਨ ਪ੍ਰੋਗਰਾਮ ਸੰਚਾਲਨ ਕਰਨ ਤੇ ਵਧਾਈ ਦਿੱਤੀ, ਕੈਪਟਨ ਰਜਿੰਦਰ ਸਿੰਘ ਅਤੇ ਦੂਸਰੇ ਡਾਇਰੈਕਟਰਾਂ ਦੀ ਭਰਪੂਰ ਯੋਗਦਾਨ ਲਈ ਸਰਾਹਣਾ ਕੀਤੀ ਅਤੇ ਆਏ ਮੈਂਬਰਾਂ ਦਾ ਸ਼ਿਰਕਤ ਕਰਨ ਤੇ ਧੰਨਵਾਦ ਕੀਤਾ।

ਪ੍ਰੋਗਰਾਮ ਦੇ ਅੰਤ ਤੇ ਸਭ ਨੇ ਬੜੇ ਹੀ ਸਵਾਦਿਸ਼ਟ ਖਾਣੇ ਦਾ ਭਰਪੂਰ ਆਨੰਦ ਮਾਣਿਆ ਅਤੇ ਅਗਲੀ ਮੀਟਿੰਗ ਵਿਚ ਜਲਦੀ ਮਿਲਣ ਦੀ ਉਮੀਦ ਨਾਲ ਇੱਕ ਦੂਜੇ ਤੋਂ ਵਦਾਇਗੀ ਲਈ। ਸੰਸਥਾ ਬਾਰੇ ਹੋਰ ਜਾਣਕਾਰੀ ਲਈ ਪ੍ਰਧਾਂਨ ਕਰਨਲ ਗੁਰਮੇਲ ਸਿੰਘ ਸੋਹੀ (647 878 7644), ਮੀਤ ਪ੍ਰਧਾਂਨ ਕਰਨਲ ਨਰਵੰਤ ਸੋਹੀ (905 741 2666) ਜਨਰਲ ਸਕੱਤਰ ਕੈਪਟਨ ਰਣਜੀਤ ਧਾਲੀਵਾਲ (647 760 9001) ਜਾਂ ਡਾਇਰੈਕਟਰ ਕੈਪਟਨ ਰਜਿੰਦਰ ਸਿੰਘ (416 846 8273) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਮਾਰਟਿਨ ਸਿੰਘ ਦੀ ਚੋਣ-ਮੁਹਿੰਮ ਸਿਖ਼ਰ 'ਤੇ








ਬਰੈਂਪਟਨ, (ਡਾ. ਝੰਡ) -ਬਰੈਂਪਟਨ ਵਿਚ ਚੋਣ ਦਾ ਬੁਖ਼ਾਰ ਅੱਜਕੱਲ੍ਹ ਸਿਖ਼ਰਾਂ 'ਤੇ ਹੈ ਅਤੇ ਇਸ ਚੋਣ-ਬੁਖ਼ਾਰ ਦੌਰਾਨ ਇਸ ਦੇ ਵਾਰਡ ਨੰਬਰ 7-8 ਵਿਚ ਸਿਟੀ ਕਾਊਂਸਲਰ ਉਮੀਦਵਾਰ ਵਜੋਂ ਮਾਰਟਿਨ ਸਿੰਘ ਦੀ ਚੋਣ-ਮੁਹਿੰਮ ਵੀ ਸਿਖ਼ਰ 'ਤੇ ਹੈ। ਉਹ ਆਪਣੇ ਵਾਲੰਟੀਅਰਾਂ ਅਤੇ ਸਮੱਰਥਕਾਂ ਨਾਲ 'ਡੋਰ-ਨੌਕਿੰਗ' ਕਰ ਰਹੇ ਹਨ ਜਿਸ ਦਾ ਉਨ੍ਹਾਂ ਨੂੰ ਵਧੀਆ ਹੁੰਗਾਰਾ ਮਿਲ ਰਿਹਾ ਹੈ। ਇਹ ਵਾਰਡ 7-8 'ਬਰੈਮਲੀ' ਦੇ ਨਾਂ ਨਾਲ ਵੀ ਜਾਣਿਆਂ ਜਾਂਦਾ ਹੈ ਅਤੇ ਇਸ ਵਿਚ ਬਰੈਮਲੀ ਸਿਟੀ ਸੈਂਟਰ, ਬਰੈਮਲੀ ਗੋ-ਸਟੇਸ਼ਨ ਅਤੇ ਚਿੰਗੁਆਕੂਜ਼ੀ ਪਾਰਕ ਬਰੈਂਪਟਨ ਦੇ ਮਸ਼ਹੂਰ ਨਾਂ ਸ਼ਾਮਲ ਹਨ। ਇਸ ਵਾਰਡ ਵਿਚ ਮਾਰਟਿਨ ਸਿੰਘ ਤੋਂ ਇਲਾਵਾ 8 ਹੋਰ ਉਮੀਦਵਾਰ ਚੋਣ ਮੈਦਾਨ ਵਿਚ ਹਨ।

ਮਾਰਟਿਨ ਸਿੰਘ ਬਹੁਤ ਹੀ ਸੰਜੀਦਾ, ਗਤੀਸ਼ੀਲ, ਪ੍ਰਤੀਬੱਧ, ਸੂਝਵਾਨ ਅਤੇ ਪੜ੍ਹੇ-ਲਿਖੇ ਉਮੀਦਵਾਰ ਹਨ। ਉਨ੍ਹਾਂ ਡਲਹੌਜ਼ੀ ਯੂਨੀਵਰਸਿਟੀ ਤੋਂ ਕੈਮਿਸਟਰੀ, ਕੈਮੀਕਲ ਇੰਜੀਨੀਅਰਿੰਗ ਅਤੇ ਫ਼ਾਰਮੇਸੀ ਵਿਸ਼ਿਆਂ ਵਿਚ ਵਿੱਦਿਅਕ ਤੇ ਟੈਕਨੀਕਲ ਡਿਗਰੀਆਂ ਪ੍ਰਾਪਤ ਕੀਤੀਆਂ ਹਨ ਅਤੇ ਇਨ੍ਹਾਂ ਤੋਂ ਇਲਾਵਾ ਸੇਂਟ ਮੇਰੀ ਯੂਨੀਵਰਸਿਟੀ ਤੋਂ ਐੱਮ.ਬੀ.ਏ. ਦੀ ਉਚੇਰੀ ਡਿਗਰੀ ਵੀ ਹਾਸਲ ਕੀਤੀ ਹੈ। ਫ਼ਾਰਮੇਸੀ ਦੇ ਖ਼ੇਤਰ ਵਿਚ ਉਨ੍ਹਾਂ ਦਾ ਆਪਣਾ ਹੀ ਸ਼ਾਨਦਾਰ ਮੁਕਾਮ ਹੈ। ਓਨਟਾਰੀਓ ਅਤੇ ਨੋਵਾ-ਸਕੋਸ਼ੀਆ ਵਿਚ ਉਨ੍ਹਾਂ ਦੀਆਂ ਫ਼ਾਰਮੇਸੀਆਂ ਵਿਚ 500 ਤੋਂ ਵਧੇਰੇ ਸਿੱਖਿਅਤ-ਕਾਮੇ ਕੰਮ ਕਰ ਰਹੇ ਹਨ। ਅੰਗਰੇਜ਼ੀ ਦੇ ਨਾਲ ਨਾਲ ਫ਼ਰੈਂਚ ਵਿਚ ਵੀ ਮਾਰਟਿਨ ਸਿੰਘ ਦੀ ਓਨੀ ਹੀ ਮੁਹਾਰਤ ਹੈ ਅਤੇ ਪੰਜਾਬੀ ਬੋਲੀ ਨਾਲ ਉਨ੍ਹਾਂ ਦਾ ਮੋਹ ਉਨ੍ਹਾਂ ਨੂੰ ਪੰਜਾਬੀ ਸੱਭਿਆਚਾਰ ਦੇ ਹੋਰ ਵੀ ਨਜ਼ਦੀਕ ਲਿਆਉਂਦਾ ਹੈ।

ਮਾਰਟਿਨ ਸਿੰਘ ਇਕ ਅਜਿਹੀ ਬਹੁ-ਪੱਖੀ ਸ਼ਖ਼ਸੀਅਤ ਹਨ ਜੋ ਆਪਣੇ ਕਿੱਤੇ, ਕਾਰੋਬਾਰ, ਸਮਾਜ-ਸੇਵਾ ਅਤੇ ਰਾਜਨੀਤੀ ਤੋਂ ਇਲਾਵਾ ਦੇਸ਼ ਦੀ ਸੁਰੱਖਿਆ ਪ੍ਰਤੀ ਪੂਰੀ ਸ਼ਿੱਦਤ ਨਾਲ ਸਮੱਰਪਿਤ ਅਤੇ ਪ੍ਰਤੀਬੱਧ ਹਨ। ਉਨ੍ਹਾਂ ਨੇ 'ਕੈਨੇਡੀਅਨ ਰਿਜ਼ਰਵਜ਼' ਵਿਚ ਬਤੌਰ ਕੈਪਟਨ ਸੇਵਾਵਾਂ ਨਿਭਾਈਆਂ ਹਨ ਅਤੇ ਇਸ ਸਮੇਂ ਬਰੈਂਪਟਨ ਵਿਚ ਸਥਿਤ 557 ਲਾਰਨ ਸਕਾਟਜ਼ ਰਾਇਲ ਕੈਨੇਡੀਅਨ ਆਰਮੀ ਕੈਡਿਟ ਕੋਰ ਵਿਚ ਆਰਮੀ ਅਫ਼ਸਰ (ਕੈਪਟਨ) ਵਜੋਂ ਆਪਣੀਆਂ ਸੇਵਾਵਾਂ ਦੇ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਸੂਬਾਈ ਅਤੇ ਕੌਮੀ ਪੱਧਰ 'ਤੇ ਅਨੇਕਾਂ ਹੀ ਮੁਨਾਫ਼ੇ-ਰਹਿਤ ਬੋਰਡਾਂ ਦੇ ਵੱਖ-ਵੱਖ ਅਹੁਦਿਆਂ ਉੱਪਰ ਸੇਵਾਵਾਂ ਪ੍ਰਦਾਨ ਕੀਤੀਆਂ ਹਨ। ਉਹ ਕਿੱਤੇ ਵਜੋਂ ਸਫ਼ਲ ਬਿਜ਼ਨੈੱਸਮੈਨ ਅਤੇ ਫ਼ਾਰਮਾਸਿਸਟ ਹਨ। ਸਮਾਜ-ਸੇਵਾ ਦਾ ਜਜ਼ਬਾ ਉਨ੍ਹਾਂ ਵਿਚ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਉਹ ਅਗਾਂਹ-ਵਧੂ ਸੋਚ, ਸਮਾਜਿਕ ਤੇ ਆਰਥਿਕ ਬਰਾਬਰੀ ਵਾਲੇ ਸਮਾਜ ਦੀ ਸਥਾਪਨਾ ਅਤੇ ਨੌਜੁਆਨਾਂ ਲਈ ਯੋਗਤਾ ਦੇ ਆਧਾਰ 'ਤੇ ਰੋਜ਼ਗਾਰ ਦੇ ਅਲੰਬਰਦਾਰ ਹਨ। ਉਹ ਜਨਤਕ ਟੈਕਸਾਂ ਦੇ ਸਦ-ਉਪਯੋਗ ਦੇ ਪੱਕੇ ਹਾਮੀ ਹਨ ਅਤੇ ਜਨਤਕ ਧੰਨ ਨੂੰ ਜਨਤਾ ਦੀ ਭਲਾਈ, ਬਰੈਂਪਟਨ ਦੇ ਵਿਕਾਸ ਅਤੇ ਕਾਰੋਬਾਰੀ ਖ਼ੇਤਰਾਂ ਵਿਚ ਪੂਰੀ ਇਮਾਨਦਾਰੀ ਨਾਲ ਲਗਾਉਣ ਦੇ ਮੁੱਦਈ ਹਨ। ਉਹ ਬਰੈਂਪਟਨ-ਵਾਸੀਆਂ ਨੂੰ ਵਧੀਆ ਰੋਜ਼ਗਾਰ, ਮਿਆਰੀ ਜੀਵਨ ਅਤੇ ਸੁਰੱਖਿਆ ਮੁਹੱਈਆ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹਨ।

ਬਰੈਂਪਟਨ ਦੇ ਲੋਕਾਂ ਪ੍ਰਤੀ ਆਪਣੀ ਵਚਨਬੱਧਤਾ ਬਾਰੇ ਗੱਲ ਕਰਦਿਆਂ ਮਾਰਟਿਨ ਸਿੰਘ ਨੇ ਦੱਸਿਆ ਕਿ ਉਹ ਇਸ ਸ਼ਹਿਰ ਦੇ ਵਾਸੀਆਂ ਨੂੰ ਦਰਪੇਸ਼ ਮਸਲੇ ਸਿਟੀ-ਹਾਲ ਵਿਚ ਜ਼ੋਰਦਾਰ ਢੰਗ ਨਾਲ ਉਠਾਉਣਗੇ ਅਤੇ ਇਨ੍ਹਾਂ ਦੇ ਹੱਲ ਲਈ ਪੂਰੀ ਵਾਹ ਲਾਉਣਗੇ। ਉਹ ਨੌਜੁਆਨਾਂ ਨੂੰ ਸਾਰਥਿਕ ਰੁਝੇਵੇਂ ਦੇਣ ਨੂੰ ਪਹਿਲ ਦੇਣਗੇ, ਸਿਟੀ-ਹਾਲ ਵਿਚ ਵਿੱਤੀ-ਮਾਮਲਿਆਂ ਦੀ ਜ਼ਿੰਮੇਵਾਰੀ ਫ਼ਿਕਸ ਕਰਨ ਦੀ ਕੋਸ਼ਿਸ਼ ਕਰਨਗੇ ਅਤੇ ਬਰੈਂਪਟਨ-ਵਾਸੀਆਂ ਲਈ ਜਨਤਕ-ਸੇਵਾਵਾਂ ਅਤੇ ਸਾਧਨਾਂ ਦੀ ਪਹੁੰਚ ਯਕੀਨੀ ਬਨਾਉਣਗੇ। ਉਨ੍ਹਾਂ ਕਿਹਾ ਕਿ ਉਹ ਆਪਣੇ ਬਿਜ਼ਨੈੱਸ ਦੇ ਤਜਰਬੇ ਅਤੇ ਨੈੱਟ-ਵਰਕ ਦੀ ਸੁਯੋਗ ਵਰਤੋਂ ਕਰਦਿਆਂ ਹੋਇਆਂ ਬਰੈਂਪਟਨ ਵਿਚ ਵਧੀਆ ਨੌਕਰੀਆਂ ਲਿਆਉਣ ਦੀ ਕੋਸ਼ਿਸ਼ ਕਰਨਗੇ। ਬਰੈਂਪਟਨ-ਵਾਸੀਆਂ ਦੀ ਸੁਰੱਖਿਆ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਬਰੈਂਪਟਨ ਵਿਚ ਅਪਰਾਧਾਂ ਤੇ ਹਿੰਸਾ ਦੀ ਗਿਣਤੀ ਵਿਚ ਵਾਧਾ ਹੋ ਜਾਣ ਕਾਰਨ ਇਨ੍ਹਾਂ ਦੀ ਰੋਕਥਾਮ ਲਈ ਉਹ ਪੀਲ ਰੀਜਨ ਦੀ ਪੋਲੀਸ ਵਿਚੋਂ ਬਣਦਾ ਯੋਗ ਹਿਸਾ ਲੈਣ ਲਈ ਵਚਨਬੱਧ ਹਨ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਮਾਰਟਿਨ ਸਿੰਘ ਸਿੱਖ ਧਰਮ ਦੇ ਫ਼ਲਸਫ਼ੇ, ਉੱਚੇ-ਸੁੱਚੇ ਉਦੇਸ਼ਾਂ ਅਤੇ ਮਾਨਵਵਾਦੀ ਸਿਧਾਂਤਾਂ ਤੋਂ ਪ੍ਰਭਾਵਿਤ ਹੋ ਕੇ ਸਿੰਘ ਸੱਜੇ ਹਨ। ਸਿੱਖ ਧਰਮ ਹਾਮੀ ਹੋਣ ਦੇ ਬਾਵਜੂਦ ਉਹ ਆਪਣੇ ਹਰ-ਦਿਲ ਅਜ਼ੀਜ਼ ਚਿਹਰੇ-ਮੋਹਰੇ, ਨਿੱਘੇ ਵਰਤਾਅ ਅਤੇ ਲੋਕ-ਪੱਖੀ ਕਿੱਤੇ ਕਰਕੇ ਕੈਨੇਡਾ ਦੇ ਹਰੇਕ ਵਰਗ, ਧਰਮ, ਰੰਗ, ਜ਼ਾਤ, ਫ਼ਿਰਕੇ ਅਤੇ ਇਲਾਕੇ ਦੇ ਲੋਕਾਂ ਵਿਚ ਮਕਬੂਲ ਹਨ। ਉਨ੍ਹਾਂ ਨਾਲ ਗੱਲਬਾਤ ਕਰਦਿਆਂ ਕਦੇ ਵੀ ਇਹ ਮਹਿਸੂਸ ਨਹੀਂ ਹੁੰਦਾ ਕਿ ਉਹ ਕਿਸੇ ਵੀ ਸਮੇਂ ਬਗ਼ੈਰ ਦਲੀਲ ਦੇ ਗੱਲ ਕਰ ਰਹੇ ਹੋਣ। ਕਿਸੇ ਵਿਅੱਕਤੀ ਦੀ ਸਾਫ਼-ਸੁਥਰੀ ਵਾਰਤਾਲਾਪ ਆਪਣੇ ਆਪ ਵਿਚ ਹੀ ਉਸ ਦੇ ਸਾਫ਼-ਦਿਲ ਇਨਸਾਨ ਹੋਣ ਦੀ ਪੱਕੀ ਨਿਸ਼ਾਨੀ ਹੈ। ਮਾਰਟਿਨ ਸਿੰਘ ਦੀ ਪਤਨੀ ਅਮਨਦੀਪ ਕੌਰ, ਦੋ ਬੇਟੇ ਅਤੇ ਇਕ ਬੇਟੀ ਨਾ ਸਿਰਫ਼ ਉਨ੍ਹਾਂ ਦੀ ਬਹੁ-ਪੱਖੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹਨ, ਬਲਕਿ ਉਨ੍ਹਾਂ ਦੀ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਊਰਜਾ ਦੇ ਸ੍ਰੋਤ ਵੀ ਹਨ। ਇਕ ਖ਼ੂਬਸੂਰਤ, ਸੋਹਣੀ, ਸੁਨੱਖੀ ਸ਼ਖ਼ਸੀਅਤ ਦੇ ਮਾਲਕ ਮਾਰਟਿਨ ਸਿੰਘ ਨੂੰ ਵਾਕਿਆ ਈ ਪ੍ਰਮਾਤਮਾ ਨੇ ਬਹੁਤ ਸਾਰੇ ਗੁਣਾਂ ਅਤੇ ਚੰਗਿਆਈਆਂ ਨਾਲ ਨਿਵਾਜਿਆ ਹੈ।

ਰੱਬ ਕਰੇ! ਉਹ ਆਪਣੇ ਇਸ ਮਿਸ਼ਨ ਵਿਚ ਕਾਮਯਾਬ ਹੋਣ ਅਤੇ ਬਰੈਂਪਟਨ-ਵਾਸੀਆਂ ਦੀਆਂ ਆਸਾਂ ਤੇ ਉਮੀਦਾਂ ਉੱਪਰ ਪੂਰੇ ਉੱਤਰ ਕੇ ਉਨ੍ਹਾਂ ਦੀ ਦਿਲ ਲਾ ਕੇ ਸੇਵਾ ਕਰਨ।

# ਜੌਹਲ ਨੂੰ ਕਮਿਊਨਿਟੀ ਦੀਆਂ ਭਾਵਨਾਵਾਂ ਦੀ ਜਾਣਕਾਰੀ : ਲਾਲੀ ਕਿੰਗ



ਬਰੈਂਪਟਨ (ਡਾ. ਝੰਡ)- ਬਰੈਂਪਟਨ 'ਚ ਵਾਰਡ 9 ਤੇ 10 ਤੋਂ ਉਮੀਦਵਾਰ ਸਤਪਾਲ ਸਿੰਘ ਜੌਹਲ ਦੀ ਕੰਪੇਨ ਦੇ ਹੱਕ ਵਿੱਚ ਮਾਹੌਲ ਬਣਨਾ ਜਾਰੀ ਹੈ। ਸਫਲ ਕਾਰੋਬਾਰੀ ਲਾਲੀ ਕਿੰਗ ਦੀ ਅਗਵਾਈ ਵਿੱਚ ਬੀਤੇ ਦਿਨ ਟ੍ਰੈਂਡਲਾਈਨ ਫਰਨੀਚਰ ਦੇ ਮੁਲਾਜ਼ਮਾਂ ਦੀ ਇਕੱਤਰਤਾ ਹੋਈ ਜਿਸ ਵਿੱਚ ਸ਼ਾਮਿਲ ਹੋ ਕੇ 'ਬੈਸਟ ਟਰੱਕ ਟਰੇਨਿੰਗ ਸੈਂਟਰ' ਦੇ ਮਾਲਕ

## ਸਕੂਲ ਟ੍ਰੱਸਟੀ ਚੋਣ ਵਿੱਚ ਪੂਰਾ ਸਾਥ ਦੇਵਾਂਗੇ : ਭਾਈ ਕਰਨੈਲ ਸਿੰਘ

ਭਾਈ ਕਰਨੈਲ ਸਿੰਘ ਨੇ ਕਿਹਾ ਕਿ ਸਤਪਾਲ ਸਿੰਘ ਜੌਹਲ ਦੀ ਜਿੱਤ ਵਾਸਤੇ ਕਮਿਊਨਟੀ ਅੰਦਰ ਭਾਰੀ ਉਤਸ਼ਾਹ ਹੈ ਅਤੇ ਉਨ੍ਹਾਂ ਦਾ ਪੂਰਾ ਸਾਥ ਦਿੱਤਾ ਜਾ ਰਿਹਾ ਹੈ। '

'ਟ੍ਰੈਂਡਲਾਈਨ ਫਰਨੀਚਰ' ਦੇ ਮਾਲਕ ਲਾਲੀ ਕਿੰਗ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਸਤਪਾਲ ਸਿੰਘ ਜੌਹਲ ਲੰਬੇ ਸਮੇਂ ਤੋਂ ਲੋਕਾਂ ਨਾਲ ਜੁੜੇ ਹੋਏ ਹਨ ਅਤੇ ਕਮਿਊਨਟੀ ਦੀਆਂ ਭਾਵਨਾਵਾਂ ਨੂੰ ਸਮਝਦੇ ਹਨ ਜਿਸ ਕਰਕੇ ਉਹ ਸਫਲ ਸਕੂਲ ਟ੍ਰੱਸਟੀ ਸਾਬਤ ਹੋ ਸਕਦੇ ਹਨ। ਸ੍ਰੀ ਲਾਲੀ ਨੇ ਕਿਹਾ ਕਿ ਓਹੀ ਵਿਸਕਤੀ ਸਫਲ ਸਕੂਲ ਟ੍ਰੱਸਟੀ ਹੋ ਸਕਦਾ ਹੈ ਜੋ ਬੱਚਿਆਂ, ਨੌਜਵਾਨਾਂ, ਪੇਰੈਂਟਸ ਅਤੇ ਟੀਚਰਾਂ ਦੀਆਂ ਸਮੱਸਿਆਵਾਂ ਦੀ ਸਮਝ ਰੱਖਦਾ ਹੋਵੇ ਅਤੇ ਸਤਪਾਲ ਸਿੰਘ ਜੌਹਲ ਕੋਲ ਹਰੇਕ ਧਿਰ ਨਾਲ ਨੇੜੇ ਹੋ ਕੇ ਵਿਚਰਨ ਦਾ ਲੰਬਾ ਤਜ਼ਰਬਾ ਹੈ। ਇਕ-ਤਰਤਾ ਵਿੱਚ ਪੰਜਾਬੀਆਂ ਤੋਂ ਇਲਾਵਾ ਕੁਝ ਹੋਰ ਕਮਿਊਨਿਟੀਆਂ ਦੇ ਬਰੈਂਪਟਨ ਵਾਸੀ ਵੀ ਸ਼ਾਮਿਲ ਹੋਏ। ਇਸ ਮੌਕੇ 'ਤੇ ਹਾਕਮ ਸਿੰਘ ਵੀ ਹਾਜ਼ਿਰ ਸਨ।

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ



- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677


DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training

Forklift $79
Air Brake
Truck Driving Course

- Counter Balance
- Order Picker
- Raymond Reach
- Walkie
- Cheery Picker

AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

ਹਵਾਈ ਸਫਰ ਨੂੰ ਸੁਹਾਵਨਾ ਤੇ ਸੁੱਰਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਪੀਲ ਖੇਤਰ ਲਈ ਡਾਲਰਾਂ ਦੀ ਘਾਟ ਬਾਰੇ ਮੁਜਰਮਾਨਾ ਚੁੱਪ-2

...ਪੰਨਾ 1 ਦਾ ਬਾਕੀ

ਚੇਤੇ ਰਹੇ ਕਿ ਉਸ ਵੇਲੇ ਦਾਤਾ ਵੀ ਲਿਬਰਲ ਸਨ (ਪ੍ਰੋਵਿੰਸ਼ੀਅਲ ਅਤੇ ਫੈਡਰਲ ਸਰਕਾਰਾਂ) ਅਤੇ ਮੰਗਤੇ ਵੀ ਲਿਬਰਲ ਸਨ ਭਾਵ ਬਰੈਂਪਟਨ ਅਤੇ ਮਿਸੀਸਾਗਾ ਦੀਆਂ ਮੇਅਰ। ਦੋਵੇਂ ਮੇਅਰਾਂ ਕਰੌਂਬੀ ਅਤੇ ਜੈਫਰੀ ਦਾ ਪਿਛੋਕੜ ਕਰਮਵਾਰ ਪ੍ਰੋਵਿੰਸ਼ੀਅਲ ਅਤੇ ਫੈਡਰਲ ਲਿਬਰਲ ਰਿਹਾ ਹੈ। ਸਮਝਿਆ ਜਾਂਦਾ ਹੈ ਕਿ ਸਮੁੱਚੇ ਲਿਬਰਲ ਸਿਸਟਮ ਵਿੱਚ ਇਹ ਸੋਚੀ ਸਮਝੀ ਸਹਿਮਤੀ ਬਣਾਈ ਗਈ ਕਿ ਔਖੇ ਸੁਆਲਾਂ ਦਾ ਪਬਲਿਕ ਦੇ ਜ਼ਿਹਨ ਵਿੱਚ ਪੁੱਜਣ ਤੋਂ ਪਹਿਲਾਂ ਹੀ ਦਾ ਰਾਹ ਬੰਦ ਕਰ ਦਿੱਤਾ ਜਾਵੇ।

905 ਸਿਖ਼ਰ ਸੰਮੇਲਨ ਦਾ ਰੱਦ ਹੋਣਾ ਸਾਬਤ ਕਰਦਾ ਹੈ ਕਿ ਜੇ ਮੰਗਣ ਵਾਲੇ ਵਿੱਚ ਦਮ ਨਹੀਂ ਤਾਂ ਦੇਣ ਵਾਲੇ ਕਿਉਂ ਪਰਵਾਹ ਕਰਨਗੇ? ਨੱਬੇ ਹਜ਼ਾਰੀ ਇਸ ਸਿਖ਼ਰ ਸੰਮੇਲਨ ਵਿੱਚੋਂ 50,000 ਡਾਲਰ ਆਡੀਓ ਵਿਜ਼ੁਅਲ ਸਮੱਗਰੀ ਤਿਆਰ ਕਰਨ ਵਾਸਤੇ ਅਤੇ 25,000 ਲਿਵਿੰਗ ਆਰਟਸ ਸੈਂਟਰ ਇਮਾਰਤ ਦਾ ਸੰਮੇਲਨ ਕਰਵਾਉਣ ਲਈ ਕਿਰਾਏ ਵਜੋਂ ਦਿੱਤੇ ਜਾਣੇ ਸਨ। ਸਮੱਗਰੀ ਪ੍ਰਿੰਟ ਕਰਨ ਅਤੇ ਹੋਰ ਖਰਚੇ ਕਿੰਨੇ ਹੋਣੇ ਸਨ, ਉਹਨਾਂ ਦਾ ਕੋਈ ਅੰਦਾਜ਼ਾ ਨਹੀਂ ਸੀ ਲਾਇਆ ਗਿਆ ਪਰ ਸਕੂਲ ਡਿਸਟ੍ਰਿਕਟ ਬੋਰਡ ਵੱਲੋਂ 90,000 ਡਾਲਰਾਂ ਤੋਂ ਵੱਧ ਹੋਣ ਵਾਲੇ ਖਰਚੇ ਝੱਲੇ ਜਾਣੇ ਸਨ ਭਾਵ ਅਸਲ ਵਿੱਚ ਇਸ ਈਵੈਂਟ ਉੱਤੇ 90 ਹਜ਼ਾਰ ਤੋਂ ਵੀ ਵੱਧ ਡਾਲਰ ਖਰਚ ਹੋਣੇ ਸਨ। ਅਫਸੋਸ ਕਿ ਇਸ ਮਹੱਤਵਪੂਰਣ ਈਵੈਂਟ ਦੀ ਬਿਨਾ ਠੋਸ ਕਾਰਣਾਂ ਤੋਂ ਹੀ ਫੂਕ ਕੱਢ ਦਿੱਤੀ ਗਈ।

ਜਿੱਥੇ ਤੱਕ ਅੰਕੜਿਆਂ ਦੀ ਘਾਟ ਦੀ ਗੱਲ ਹੈ, ਉਸ ਨਾਲ ਬਹੁਤਾ ਸਹਿਮਤ ਨਹੀਂ ਹੋਇਆ ਜਾ ਸਕਦਾ ਹੈ। ਪੰਜਾਬੀ ਪੋਸਟ ਦੀ ਜਾਣਕਾਰੀ ਮੁਤਾਬਕ ਪੀਲ ਡਿਸਟ੍ਰਿਕਟ ਬੋਰਡ ਦੀ 31 ਅਗਸਤ 2016 ਨੂੰ ਮੀਟਿੰਗ ਹੋਈ ਸੀ। ਇਸ ਮੀਟਿੰਗ ਵਿੱਚ ਬੋਰਡ ਦੇ ਐਸੋਸੀਏਟ ਡਾਇਰੈਕਟਰ ਜਸਪਾਲ ਗਿੱਲ ਨੇ ਦੱਸਿਆ ਕਿ ਸਾਲ 2016-17 ਲਈ ਪੀਲ ਬੋਰਡ ਨੂੰ ਸਪੈਸ਼ਲ ਐਜੁਕੇਸ਼ਨ (Special education) ਭਾਵ ਮੰਦਬੁੱਧੀ ਬੱਚਿਆਂ ਲਈ ਸੇਵਾਵਾਂ ਵਾਸਤੇ 4.3 ਮਿਲੀਅਨ ਡਾਲਰ ਘੱਟ ਮਿਲੇ ਹਨ। ਇਸ ਮੀਟਿੰਗ ਵਿੱਚ ਬੋਰਡ ਦੇ ਚੇਅਰ ਮੈਕਡੌਗਲਡ ਨੇ ਦੱਸਿਆ ਸੀ ਕਿ ਪੀਲ ਬੋਰਡ ਵਿੱਚ ਪੜ੍ਹਨ ਵਾਲੇ ਹਰ ਬੱਚੇ ਲਈ ਓਟਵਾ, ਕਾਰਲਟਨ ਅਤੇ ਟੋਰਾਂਟੋ ਬੋਰਡਾਂ ਨਾਲੋਂ 1000 ਡਾਲਰ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਘੱਟ ਦਿੱਤਾ ਜਾਂਦਾ ਹੈ।

ਬੋਰਡ ਵੱਲੋਂ ਇੰਟਰਨੈੱਟ ਉੱਤੇ ਪਾਈ ਗਈ ਜਾਣਕਾਰੀ ਮੁਤਾਬਕ ਸੱਮਸਿਆ ਇਹ ਹੈ ਕਿ ਪ੍ਰੋਵਿੰਸ਼ੀਅਲ ਸਰਕਾਰ ਪੀਲ ਖੇਤਰ ਨੂੰ ਡਾਲਰ ਦੇਣ ਵੇਲੇ 2016 ਵਿੱਚ 1991 ਜਾਂ 1996 ਦੇ ਅੰਕੜਿਆਂ ਨੂੰ ਵਰਤ ਰਹੀ ਸੀ। ਇਹਨਾਂ ਪੁਰਾਣੇ ਅੰਕੜਿਆਂ ਨੂੰ ਆਧਾਰ ਬਣਾ ਕੇ ਢੰਡੋਰੇ ਪਿੱਟੇ ਜਾਂਦੇ ਰਹੇ ਕਿ ਅਸੀਂ ਫੰਡਾਂ ਵਿੱਚ ਐਨਾ ਵਾਧਾ ਕੀਤਾ ਹੈ। ਦੂਜੇ ਪਾਸੇ ਬਰੈਂਪਟਨ, ਮਿਸੀਸਾਗਾ ਦੇ ਮਿਉਂਸੀਪਲ ਸਿਆਸਤਦਾਨ ਅੱਖਾਂ ਮੀਟ ਕੇ ਇਹਨਾਂ ਗੱਲਾਂ ਨੂੰ ਮੰਨ ਰਹੇ ਸਨ ਕਿ ਅੰਕੜੇ ਉਪਲਬਧ ਨਹੀਂ ਹੋ ਸਕੇ। ਪੀਲ ਨੂੰ ਮਿਲਣ ਵਾਲੇ ਡਾਲਰਾਂ ਨੂੰ ਲੈ ਕੇ ਦਾਲ ਵਿੱਚ ਕੁੱਝ ਕਾਲਾ ਨਹੀਂ ਸਗੋਂ ਦਾਲ ਹੀ ਕਾਲੀ ਹੋਈ ਜਾਪਦੀ ਹੈ।

ਬੱਚਿਆਂ ਦੀ ਪ੍ਰਵਰਿਸ਼ ਨੂੰ ਲੈ ਕੇ ਮਿਲਣ ਵਾਲੇ ਘੱਟ ਫੰਡਾਂ ਬਾਰੇ ਇੱਕ ਹੋਰ ਮਸਾਲ ਪੀਲ ਚਿਲਡਰਨ ਏਡ ਸੁਸਾਇਟੀ ਦੀ ਦਿੱਤੀ ਜਾ ਸਕਦੀ ਹੈ। ਜਨਸੰਖਿਆ ਦੇ ਆਧਾਰ ਉੱਤੇ 2016 ਵਿੱਚ 1.3 ਮਿਲੀਅਨ ਲੋਕਾਂ ਵਾਲੇ ਪੀਲ ਖੇਤਰ ਦੀ ਇਸ ਸੁਸਾਇਟੀ ਨੂੰ ਪ੍ਰਤੀ ਸਾਲ 93 ਮਿਲੀਅਨ ਡਾਲਰ ਦਿੱਤੇ ਜਾਣੇ ਬਣਦੇ ਸਨ ਪਰ ਮਿਲੇ ਸਿਰਫ਼ 62 ਮਿਲੀਅਨ ਡਾਲਰ। ਭਾਵ ਲੋੜ ਨਾਲੋਂ 34% ਘੱਟ ਕਿਉਂਕਿ ਪ੍ਰੋਵਿੰਸ਼ੀਅਲ ਸਰਕਾਰ ਨੇ ਨੇਮ ਬਣਾ ਦਿੱਤਾ ਕਿ ਤੁਹਾਨੂੰ ਇੱਕ ਸਾਲ ਵਿੱਚ 2% ਤੋਂ ਵੱਧ ਡਾਲਰਾਂ ਦਾ ਇਜ਼ਾਫਾ ਨਹੀਂ ਦਿੱਤਾ ਜਾ ਸਕਦਾ, ਲੋੜ ਬੇਸ਼ੱਕ ਜਿੰਨੀ ਮਰਜ਼ੀ ਹੋਵੇ। ਇਸ ਕੌੜੇ ਸੱਚ ਦੇ ਬਾਵਜੂਦ ਰੀਜਨਲ ਸਿਆਸਤਦਾਨ ਸਿਖ਼ਰ ਸੰਮੇਲਨ ਵਿੱਚ




ਆਵਾਜ਼ ਚੁੱਕਣ ਦੀ ਥਾਂ ਅੰਕੜੇ ਮਿਲਣ ਦੀ ਉਡੀਕ ਵਿੱਚ ਸਿਰ ਸੁੱਟਕੇ ਘਰਾਂ ਨੂੰ ਤੁਰ ਗਏ। ਖਿਆਲ ਕਰਨ ਵਾਲੀ ਗੱਲ ਹੈ ਕਿ 1.3 ਮਿਲੀਅਨ ਜਨਸੰਖਿਆ ਵਾਲੇ ਪੀਲ ਨੂੰ 2016 ਵਿੱਚ ਫੰਡ ਮਿਲ ਰਹੇ ਹਨ ਉਸ ਆਧਾਰ ਉੱਤੇ ਜਦੋਂ ਪੀਲ ਦੀ ਜਨਸੰਖਿਆ 5 ਲੱਖ ਸੀ।

ਪੀਲ ਲਈ ਬਣੀ ਫੇਅਰ ਸ਼ੇਅਰ ਟਾਸਕ ਫੋਰਸ (Fair Share Task Force for Peel) ਵੱਲੋਂ 2012 ਤੱਕ ਦੇ ਅੰਕੜੇ ਇੱਕਤਰ ਕੀਤੇ ਗਏ ਸਨ ਜਿਹਨਾਂ ਮੁਤਾਬਕ ਪੀਲ ਖੇਤਰ ਨੂੰ ਸਮਾਜਕ, ਕਮਿਉਨਿਟੀ ਅਤੇ ਸਿਹਤ ਸੇਵਾਵਾਂ ਲਈ ਪ੍ਰਤੀ ਵਿਅਕਤੀ ਜੋ ਡਾਲਰ ਪ੍ਰਾਪਤ ਹੁੰਦੇ ਹਨ, ਉਹ ਡਾਲਰ ਬਾਕੀ ਪ੍ਰੋਵਿੰਸ ਵਿੱਚ ਦਿੱਤੀ ਜਾਣ ਵਾਲੀ ਰਕਮ ਤੋਂ ਇੱਕ ਤਿਹਾਈ ਘੱਟ ਹੁੰਦੇ ਹਨ। ਵੱਧ ਫੰਡਾਂ ਦੇ ਨਾਮ ਉੱਤੇ ਡਾਲਰਾਂ ਵਿੱਚ ਜੋ ਵਾਧਾ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਕੀਤਾ ਜਾਂਦਾ ਰਿਹਾ,ਉਸ ਵਿੱਚ ਪੀਲ ਅਕਸਰ ਗੈਰਹਾਜ਼ਰ ਰਿਹਾ ਜਦੋਂ ਕਿ ਉਹਨਾਂ ਦਾ ਵੱਡਾ ਹਿੱਸਾ ਟੋਰਾਂਟੋ ਦੇ ਹਿੱਸੇ ਜਾ ਡਿਗਦਾ ਸੀ। ਜੇ 2016 ਵਿੱਚ ਲਾਇਬਰੇਰੀ ਸੇਵਾਵਾਂ ਲਈ ਟੋਰਾਂਟੋ ਵਿੱਚ ਪ੍ਰਤੀ ਵਿਅਕਤੀ 1.65 ਡਾਲਰ ਦਿੱਤੇ ਜਾਂਦੇ ਸਨ ਤਾਂ ਪੀਲ ਵਿੱਚ 99 ਸੈਂਟ ਭਾਵ 60% ਘੱਟ ਡਾਲਰ। ਸਮਾਜਕ ਵਿਕਾਸ ਸੇਵਾਵਾਂ ਲਈ ਟੋਰਾਂਟੋ ਨੂੰ ਪ੍ਰਤੀ ਵਿਅਕਤੀ 119.30 ਡਾਲਰ ਅਤੇ ਪੀਲ ਲਈ 63.20 ਡਾਲਰ ਭਾਵ ਪੀਲ ਲਈ 100% ਘੱਟ ਡਾਲਰ।

ਬਰੈਂਪਟਨ ਦੀ ਵੱਸੋਂ ਪਿਛਲੇ ਇੱਕ ਦਹਾਕੇ ਤੋਂ ਲੱਗਭੱਗ 20% ਦਰ ਨਾਲ ਵੱਧਦੀ ਰਹੀ ਹੈ ਜੋ ਸਾਰੀ ਦੀ ਸਾਰੀ ਪਰਵਾਸੀਆਂ ਦੇ ਆਉਣ ਕਾਰਣ ਸੰਭਵ ਹੋਈ। ਪਰਵਾਸੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸੈਟਲਮੈਂਟ ਸੇਵਾਵਾਂ ਵਾਸਤੇ ਪੰਜਾਬੀ ਕਮਿਉਨਿਟੀ ਹੈਲਥ ਸਰਵਿਸਜ਼, ਕੈਥੋਲਿਕ ਕਰਾਸ ਕਲਚਰਲ ਸਰਵਿਸਜ਼, ਇੰਡੀਆ ਰੇਨਬੋਅ, ਮਾਲਟਨ ਨੇਬਰਹੁੱਡ ਸਰਵਿਸਜ਼, ਬਰੈਂਪਟਨ ਮਲਟੀਕਲਚਰਲ ਸੈਂਟਰ ਪ੍ਰਮੁੱਖ ਹਨ। ਇਹਨਾਂ ਵਿੱਚੋਂ ਪੰਜਾਬੀ ਕਮਿਉਨਿਟੀ ਹੈਲਥ ਸਰਵਿਸਜ਼ ਅਤੇ ਬਰੈਂਪਟਨ ਮਲਟੀਕਲਚਰਲ ਨੂੰ ਛੱਡ ਕੇ ਸਾਰੀਆਂ ਸੰਸਥਾਵਾਂ ਮੂਲ ਰੂਪ ਵਿੱਚ ਬਰੈਂਪਟਨ ਆਧਾਰਿਤ ਨਹੀਂ ਸਗੋਂ ਮਿਸੀਸਾਗਾ ਦੀਆਂ ਹਨ। ਬਰੈਂਪਟਨ ਦੇ ਸਿਆਸਤਦਾਨਾਂ ਨੂੰ ਖਿਆਲ ਤੱਕ ਨਹੀਂ ਆਇਆ ਕਿ ਸਾਡੇ ਸ਼ਹਿਰ ਵਿੱਚ ਸੈਟਲਮੈਂਟ ਸੇਵਾਵਾਂ ਦੇਣ ਲਈ ਲੋਕਲ ਸੰਸਥਾਵਾਂ ਦੀ ਘਾਟ ਹੈ। ਜਦੋਂ ਕੋਈ ਆਪਣੀ ਦੁਕਾਨ ਬਾਹਰ ਤੋਂ ਲਿਆ ਕੇ ਕਰੇਗਾ, ਉਸਨੂੰ ਸਰਕਾਰ ਵੱਲੋਂ ਕਿੰਨੇ ਕੁ ਫੰਡ ਦਿੱਤੇ ਜਾਂਦੇ ਹੋਣਗੇ?ਇਸ ਸੁਆਲ ਨੂੰ ਫੇਅਰ ਸ਼ੇਅਰ ਦੇ ਹਿੱਸੇ ਨਾ ਪਾਇਆ ਜਾਵੇ ਤਾਂ ਹੋਰ ਕਿੱਥੇ ਰੱਖਿਆ ਜਾ ਸਕਦਾ ਹੈ?

ਮਿਉਂਸੀਪਲ ਚੋਣਾਂ ਵਿੱਚ ਖੜੇ ਉਮੀਦਵਾਰ ਇਹਨਾਂ ਤੱਥਾਂ ਬਾਰੇ ਗੱਲ ਨਾ ਕਰਨ ਦੇ ਮੁਜਰਮਾਨਾ ਵਰਤਾਅ ਦੇ ਭਾਗੀਦਾਰ ਹਨ ਅਤੇ ਪਬਲਿਕ ਦੇ ਕਚਹਿਰੀ ਵਿੱਚ ਜਵਾਬਦੇਹ ਹਨ। ਸੁਆਲ ਸਿਰਫ਼ ਐਨਾ ਹੈ ਕਿ ਜਿਸ ਖੇਤਰ ਦੇ ਸਿਆਸਤਦਾਨ ਆਪਸੀ ਲੜਾਈ ਕਾਰਣ ਬਰੈਂਪਟਨ ਵਾਸਤੇ 600 ਮਿਲੀਅਨ ਡਾਲਰ ਦੀ 'ਐਲ ਆਰ ਟੀ' ਨੂੰ ਲੱਤ ਮਾਰ ਸਕਦੇ ਹਨ, ਉਹ ਲੋਕ ਹਿੱਤਾਂ ਨੂੰ ਠੁਕਰਾਉਣ ਲਈ ਕੁੱਝ ਵੀ ਕਰ ਗੁਜ਼ਰਨ ਦੇ ਸਮੱਰਥ ਹੋ ਸਕਦੇ ਹਨ।

ਦਿੱਤੇ ਤੱਥਾਂ ਦੇ ਸਨਮੁਖ ਕਿਹਾ ਜਾ ਸਕਦਾ ਹੈ ਕਿ ਸਮਾਂ ਸਿਆਸਤਦਾਨਾਂ ਦੇ ਬਦਲਣ ਦਾ ਨਹੀਂ ਸਗੋਂ ਵੋਟਰਾਂ ਨੂੰ ਖੁਦ ਬਦਲਣ ਦਾ ਹੈ। ਪੀਲ ਖੇਤਰ ਦੇ ਵੋਟਰਾਂ ਲਈ ਸੁਆਲ ਹੈ ਕਿ ਕੀ ਉਹ ਆਪਣੇ ਬੱਚਿਆਂ ਅਤੇ ਆਪਣੇ ਪਰਿਵਾਰਾਂ ਦੀ ਭਲਾਈ ਲਈ ਕੁੱਝ ਕਰਨਾ ਚਾਹੁੰਦੇ ਹਨ ਜਾਂ ਨਹੀਂ? ਜੇ ਹਾਂ ਤਾਂ ਹਾਲ ਦੀ ਘੜੀ ਇੱਕੋ ਕੰਮ ਕੀਤਾ ਜਾ ਸਕਦਾ ਹੈ ਕਿ ਹਰ ਵੋਟਰ ਵੱਲੋਂ ਵੋਟ ਪਾਈ ਜਾਵੇ, ਸੋਚ ਸਮਝ ਕੇ ਪਾਈ ਜਾਵੇ। ਵੋਟ ਨਾ ਪਾਉਣ ਦੀ ਮੁਜਰਮਾਨਾ ਗਲਤੀ ਨਾ ਕੀਤੀ ਜਾਵੇ। ਆਖਦੇ ਹਨ ਕਿ ਬਿਨਾ ਰੋਇਆਂ ਤਾਂ ਮਾਂ ਵੀ ਦੁੱਧ ਨਹੀਂ ਦੇਂਦੀ। ਜਿੱਥੇ ਤੱਕ ਪੰਜਾਬੀ ਪੋਸਟ ਦਾ ਸੁਆਲ ਹੈ, ਸੀਮਤ ਸਾਧਨਾਂ ਵਾਲੇ ਇਸ ਕਮਿਉਨਿਟੀ ਅਖਬਾਰ ਨੇ ਵਿੱਤੋਂ ਵੱਧ ਸਮਾਂ ਅਤੇ ਸਾਧਨ ਖਰਚ ਕੇ ਆਪਣਾ ਫਰਜ਼ ਨਿਭਾਉਣ ਦਾ ਕੋਸ਼ਿਸ਼ ਕੀਤੀ ਹੈ। ਹੁਣ ਤੁਹਾਡੇ ਹਵਾਲੇ ਪੀਲ ਦਾ ਭੱਵਿਖ ਸਾਥੀਓ!

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਚੀਨ-ਪਾਕਿ ਆਰਥਿਕ ਗਲਿਆਰੇ ਬਾਰੇ ਚੀਨ ਨੇ ਸਫਾਈ ਦਿੱਤੀ

ਬੀਜਿੰਗ, 9 ਅਕਤੂਬਰ (ਪੋਸਟ ਬਿਊਰੋ)- ਚੀਨ-ਪਾਕਿਸਤਾਨ ਆਰਥਿਕ ਗਲਿਆਰੇ (ਸੀ ਪੀ ਈ ਸੀ) ਬਾਰੇ ਪਾਕਿਸਤਾਨ ਤੋਂ ਆ ਰਹੀਆਂ ਵਿਰੋਧ ਦੀਆਂ ਖ਼ਬਰਾਂ 'ਤੇ ਚੀਨ ਅੱਜ ਸਫਾਈ ਦਿੰਦਾ ਵਿਖਾਈ ਦਿੱਤਾ ਹੈ। ਇਨ੍ਹਾਂ ਖ਼ਬਰਾਂ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਚੀਨ ਨੇ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਬੈਲਟ ਐਂਡ ਰੋਡ ਇਨੀਸ਼ੀਏਟਿਵ ਦੇ ਹੇਠ ਆਉਣ ਵਾਲੇ ਵੱਖ-ਵੱਖ ਪ੍ਰਾਜੈਕਟਾਂ ਦਾ ਸਮੱਰਥਨ ਕਰਨ ਦਾ ਭਰੋਸਾ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਮਰਾਨ ਖ਼ਾਨ ਨੇ ਬੀਤੇ ਐਤਵਾਰ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਬਲੋਚਿਸਤਾਨ ਦੇ ਲੋਕਾਂ ਦੇ ਹਿੱਤਾਂ ਦਾ ਧਿਆਨ ਰੱਖਦੇ ਹੋਏ ਸੀ ਪੀ ਈ ਸੀ ਨਾਲ ਜੁੜੇ ਪ੍ਰਾਜੈਕਟਾਂ ਦੀ ਜਾਂਚ ਕੀਤੀ ਜਾਣੀ ਹੈ। ਉਹ ਸੱਤਾ ਵਿਚ ਆਉਣ ਤੋਂ ਪਹਿਲਾਂ ਵੀ ਇਸ ਪ੍ਰਾਜੈਕਟ ਦੀ ਆਲੋਚਨਾ ਕਰ ਚੁੱਕੇ ਹਨ। ਪਿੱਛੇ ਜਿਹੇ ਰੇਲ ਮੰਤਰੀ ਸ਼ੇਖ ਰਸ਼ੀਦ ਨੇ ਕਰਾਚੀ-ਪਿਸ਼ਾਵਰ ਰੇਲ ਪ੍ਰਾਜੈਕਟ ਦੀ ਲਾਗਤ ਵਿਚ ਕਟੌਤੀ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ 8.2 ਅਰਬ ਡਾਲਰ ਦੀ ਲਾਗਤ ਵਾਲੇ ਇਸ ਪ੍ਰਾਜੈਕਟ ਵਿਚ ਦੋ ਅਰਬ ਡਾਲਰ ਦੀ ਕਟੌਤੀ ਕੀਤੀ ਗਈ ਹੈ। ਇਸ ਰੇਲ ਪ੍ਰਾਜੈਕਟ ਦਾ ਸੀ ਪੀ ਈ ਸੀ ਤਹਿਤ ਨਿਰਮਾਣ ਕੀਤਾ ਜਾਣਾ ਹੈ।

## ਸੰਯੁਕਤ ਰਾਸ਼ਟਰ ਵਿੱਚ ਅਮਰੀਕਾ ਦੀ ਸਫੀਰ ਨਿੱਕੀ ਹਾਲੇ ਨੇ ਅਸਤੀਫਾ ਦੇਣ ਦਾ ਕੀਤਾ ਐਲਾਨ

...ਪੰਨਾ 1 ਦਾ ਬਾਕੀ

ਟਰੰਪ ਨੇ ਨਿੱਕੀ ਦੀ ਸਿਫਤ ਕਰਦਿਆਂ ਆਖਿਆ ਕਿ ਜੇ ਉਹ ਟਰੰਪ ਪ੍ਰਸ਼ਾਸਨ ਨਾਲ ਬਣੀ ਰਹਿਣਾ ਚਾਹੁੰਦੀ ਹੈ ਤਾਂ ਉਹ ਆਪਣੀ ਮਰਜ਼ੀ ਦਾ ਕੋਈ ਵੀ ਅਹੁਦਾ ਚੁਣ ਸਕਦੀ ਹੈ। ਪਰ ਹਾਲੇ ਦੇ ਐਲਾਨ ਤੋਂ ਕੁੱਝ ਘੰਟਿਆਂ ਦੇ ਅੰਦਰ ਅੰਦਰ ਹੀ ਟਰੰਪ ਨੇ ਉਨ੍ਹਾਂ ਦੀ ਥਾਂ ਲੈਣ ਵਾਲੇ ਉਮੀਦਵਾਰਾਂ ਬਾਰੇ ਸੋਚ ਵਿਚਾਰ ਸ਼ੁਰੂ ਕਰ ਦਿੱਤਾ। ਉਨ੍ਹਾਂ ਇਹ ਖੁਲਾਸਾ ਵੀ ਕੀਤਾ ਕਿ ਇਸ ਸਬੰਧ ਵਿੱਚ ਉਨ੍ਹਾਂ ਵੱਲੋਂ ਪੰਜ ਵਿਅਕਤੀਆਂ ਦੀ ਸੂਚੀ ਤਿਆਰ ਕੀਤੀ ਗਈ ਹੈ ਤੇ ਇਸ ਵਿੱਚ ਉਨ੍ਹਾਂ ਦੇ ਸਾਬਕਾ ਡਿਪਟੀ ਨੈਸ਼ਨਲ ਸਕਿਊਰਿਟੀ ਸਲਾਹਕਾਰ ਡੀਨਾ ਪਾਵੇਲ ਵੀ ਸ਼ਾਮਲ ਹਨ।

ਵਾਈਟ ਹਾਊਸ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਆਖਿਆ ਕਿ ਉਨ੍ਹਾਂ ਨੇ ਇਹ ਵੀ ਸੁਣਿਆ ਹੈ ਕਿ ਉਨ੍ਹਾਂ ਦੀ ਬੇਟੀ ਇਵਾਂਕਾ ਦਾ ਨਾਂ ਵੀ ਇਸ ਅਹੁਦੇ ਲਈ ਵਿਚਾਰਿਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਵਾਂਕਾ ਇਹ ਜ਼ਿੰਮੇਵਾਰੀ ਬਾਖੂਬੀ ਨਿਭਾਅ ਸਕਦੀ ਹੈ ਪਰ ਉਨ੍ਹਾਂ ਨੂੰ ਪਤਾ ਹੈ ਕਿ ਜੇ ਉਨ੍ਹਾਂ ਉਸ ਨੂੰ ਚੁਣਿਆਂ ਤਾਂ ਉਨ੍ਹਾਂ ਉੱਤੇ ਭਾਈ-ਭਤੀਜਾਵਾਦ ਦਾ ਦੋਸ਼ ਲੱਗੇਗਾ। ਬਾਅਦ ਵਿੱਚ ਇਵਾਂਕਾ ਨੇ ਆਪ ਵੀ ਇਸ ਤਰ੍ਹਾਂ ਦੀਆਂ ਕਿਆਸਅਰਾਈਆਂ ਦਾ ਖੰਡਨ ਕੀਤਾ।

ਹਾਲੇ ਨੇ ਮੰਗਲਵਾਰ ਨੂੰ ਆਪਣੇ ਪਤੀ ਤੇ ਦੋਵਾਂ ਬੱਚਿਆਂ ਵੱਲੋਂ ਦਿੱਤੇ ਗਏ ਸਹਿਯੋਗ ਦਾ ਸ਼ੁਕਰੀਆ ਅਦਾ ਕਰਦਿਆਂ ਆਖਿਆ ਕਿ ਉਨ੍ਹਾਂ ਦੇ ਅਸਤੀਫੇ ਦਾ ਕਾਰਨ ਨਿਜੀ ਨਹੀਂ ਹੈ। ਉਨ੍ਹਾਂ ਇਹ ਵੀ ਆਖਿਆ ਕਿ ਰਾਸ਼ਟਰਪਤੀ ਦੇ ਬਹੁਤੇ ਫੈਸਲਿਆਂ ਨਾਲ ਉਹ ਸਹਿਮਤੀ ਰੱਖਦੀ ਹੈ ਪਰ ਉਨ੍ਹਾਂ ਦੀ ਹਰ ਗੱਲ ਉੱਤੇ ਵੀ ਸਹਿਮਤ ਨਹੀਂ ਹੋ ਸਕਦੀ। ਉਨ੍ਹਾਂ ਇਹ ਵੀ ਆਖਿਆ ਕਿ ਸਿਆਸਤਦਾਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਕਦੋਂ ਆਪਣਾ ਅਹੁਦਾ ਛੱਡਣਾ ਹੈ। ਇਸ ਫੈਸਲੇ ਨਾਲ ਨਿੱਕੀ ਹਾਲੇ ਦੇ ਸਿਆਸੀ ਕਰੀਅਰ ਉੱਤੇ ਵੀ ਸਵਾਲੀਆ ਨਿਸ਼ਾਨ ਲੱਗ ਜਾਵੇਗਾ। ਜ਼ਿਕਰਯੋਗ ਹੈ ਕਿ 46 ਸਾਲਾ ਹਾਲੇ 2011 ਤੋਂ ਲੈ ਕੇ ਉਦੋਂ ਤੱਕ ਸਾਊਥ ਕੈਰੋਲੀਨਾ ਦੀ ਗਵਰਨਰ ਰਹੀ ਜਦੋਂ ਤੱਕ ਟਰੰਪ ਨੇ ਉਨ੍ਹਾਂ ਨੂੰ ਸੰਯੁਕਤ ਰਾਸ਼ਟਰ ਦੇ ਸਫੀਰ ਦੇ ਅਹੁਦੇ ਲਈ ਨਹੀਂ ਚੁਣ ਲਿਆ। ਹਾਲੇ ਨੇ ਆਖਿਆ ਕਿ 2020 ਵਿੱਚ ਦੁਬਾਰਾ ਚੋਣ ਲੜਨ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ ਪਰ ਉਨ੍ਹਾਂ ਟਰੰਪ ਲਈ ਕੈਂਪੇਨ ਵਿੱਚ ਹਿੱਸਾ ਲੈਣ ਦਾ ਵਾਅਦਾ ਕੀਤਾ।

## ਰੂਸ-ਭਾਰਤ ਐੱਸ-400 ਮਿਜ਼ਾਈਲ ਸਮਝੌਤੇ ਪਿੱਛੋਂ ਪਾਕਿ ਨੇ ਚੀਨ ਤੋਂ 48 ਮਿਲਟਰੀ ਡਰੋਨ ਖਰੀਦੇ

ਬੀਜਿੰਗ, 9 ਅਕਤੂਬਰ (ਪੋਸਟ ਬਿਊਰੋ)- ਭਾਰਤ ਤੇ ਰੂਸ ਵਿਚਾਲੇ ਹੋਏ ਐੱਸ-400 ਮਿਜ਼ਾਈਲ ਸਮਝੌਤੇ ਦੇ ਜਵਾਬ ਵਿਚ ਪਾਕਿਸਤਾਨ ਅਤੇ ਚੀਨ ਦਾ ਮਿਲਟਰੀ ਡਰੋਨ ਸਮਝੌਤਾ ਹੋਇਆ ਹੈ। ਚੀਨ ਨੇ ਪਾਕਿਸਤਾਨ ਨੂੰ 48 ਹਾਈ ਕੁਆਲਿਟੀ ਮਿਲਟਰੀ ਡਰੋਨ ਵੇਚਣ ਦਾ ਫੈਸਲਾ ਕੀਤਾ ਹੈ।

ਪਤਾ ਲੱਗਾ ਹੈ ਕਿ ਪਾਕਿਸਤਾਨ ਅਤੇ ਚੀਨ ਦਾ ਇਹ ਆਪਣੀ ਤਰ੍ਹਾਂ ਦਾ ਵੱਡਾ ਸਮਝੌਤਾ ਹੈ। ਚੀਨ ਦੇ ਅਧਿਕਾਰੀਆਂ ਨੇ ਇਸ ਸਮਝੌਤੇ ਵਿਚ ਖਰਚ ਹੋਣ ਵਾਲੀ ਕੀਮਤ ਦਾ ਕੋਈ ਖੁਲਾਸਾ ਨਹੀਂ ਕੀਤ। ਇਸ ਯੂ ਏ ਵੀ ਨੂੰ ਚੇਂਗਡੂ ਏਅਰਕ੍ਰਾਫਟ ਇੰਡਸਟ੍ਰੀਅਲ ਯੂਨਿਟ ਨੇ ਬਣਾਇਆ ਹੈ। ਇਸ ਮਿਲਟਰੀ ਡਰੋਨ ਯੂ ਏ ਵੀ ਨੂੰ ਪਾਕਿਸਤਾਨ ਅਤੇ ਦੋਵੇਂ ਧਿਰਾਂ ਚੀਨ ਮਿਲ ਕੇ ਬਣਾਉਣਗੇ। ਚੀਨ ਦੇ ਇਕ ਅੰਗਰੇਜ਼ੀ ਅਖਬਾਰ ਦੀ ਰਿਪੋਰਟ ਮੁਤਾਬਕ 'ਚੀਨ ਇਸਲਾਮਾਬਾਦ ਦਾ ਸਭ ਤੋਂ ਵੱਡਾ ਸਾਥੀ ਹੈ, ਜੋ ਪਾਕਿਸਤਾਨ ਫੌਜ ਦਾ ਸਭ ਤੋਂ ਵੱਡਾ ਹਥਿਆਰ ਸਪਲਾਇਰ ਵੀ ਹੈ।' ਦੋਵੇਂ ਦੇਸ਼ ਮਿਲ ਕੇ ਸਿੰਗਲ ਇੰਜਣ ਕਾਮਬੈਟ ਏਅਰਕ੍ਰਾਫਟ ਜੇ ਐੱਫ ਥੰਡਰ ਵੀ ਬਣਾ ਰਹੇ ਹਨ।

ਤਾਜ਼ਾ ਰਿਪੋਰਟਕਾਂ ਮੁਤਾਬਕ ਪਾਕਿਸਤਾਨੀ ਫੌਜ ਲੰਬੇ ਸਮੇਂ ਤੋਂ ਚੀਨ ਤੋਂ ਮਿਲਟਰੀ ਡਰੋਨ ਲੈਣਾ ਚਾਹੁੰਦੀ ਸੀ, ਪਰ ਭਾਰਤ ਅਤੇ ਰੂਸ ਵਿਚਾਲੇ ਹੋਏ ਐੱਸ-400 ਸਮਝੌਤੇ ਦੇ ਬਾਅਦ ਚੀਨ ਨੇ ਪਾਕਿਸਤਾਨ ਨੂੰ ਡਰੋਨ ਵੇਚਣ ਦੀ ਸਹਿਮਤੀ ਦੇ ਦਿੱਤੀ ਹੈ। ਅਖਬਾਰ ਮੁਤਾਬਕ ਪਾਕਿਸਤਾਨੀ ਹਵਾਈ ਫੌਜ ਦੀ ਸ਼ੇਰਦਿਲ ਏਅਰੋਬੈਟਿਕ ਟੀਮ ਨੇ ਸੋਸ਼ਲ ਮੀਡੀਆ 'ਤੇ ਇਸ ਸਮਝੌਤੇ ਦਾ ਐਲਾਨ ਕੀਤਾ ਹੈ। ਰਿਪੋਰਟ ਵਿਚ ਕਿਸੇ ਵੀ ਪੱਖ ਨੇ ਵੀ ਸਮਝੌਤੇ ਦੀ ਕੁੱਲ ਕੀਮਤ ਦਾ ਖੁਲਾਸਾ ਨਹੀਂ ਕੀਤਾ ਅਤੇ ਇਸ ਗੱਲ ਦੀ ਜਾਣਕਾਰੀ ਨਹੀਂ ਦਿੱਤੀ ਗਈ ਕਿ ਇਹ ਡਿਲੀਵਰੀ ਕਦੋਂ ਹੋਵੇਗੀ।

## ਭਾਰਤੀ ਪ੍ਰਧਾਨ ਮੰਤਰੀ ਮੋਦੀ ਨਾਲ ਊਰਜਾ ਖੇਤਰ ਵਿਕਸਤ ਕਰਨ ਬਾਰੇ ਸ਼ੀਅਰ ਨੇ ਕੀਤੀ ਗੱਲਬਾਤ

...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਟਰਾਂਸ ਕੈਨੇਡਾ ਨੇ ਆਪਣਾ ਐਨਰਜੀ ਈਸਟ ਪਾਈਪਲਾਈਨ ਪ੍ਰੋਜੈਕਟ ਅੱਧਵਿਚਾਲੇ ਛੱਡ ਦਿੱਤਾ। ਇਸ ਬਾਰੇ ਕੰਪਨੀ ਨੇ ਅਣਦੱਸੇ ਬਦਲੇ ਹੋਏ ਹਾਲਾਤ ਨੂੰ ਜ਼ਿੰਮੇਵਾਰ ਦੱਸਿਆ। ਇਸ ਪਾਈਪਲਾਈਨ ਦੇ ਸਮਰਥਕਾਂ ਵੱਲੋਂ ਫੈਡਰਲ ਰੈਗੂਲੇਟਰੀ ਮੰਗਾਂ ਕਾਰਨ ਇਸ ਦੀ ਲਾਗਤ ਵਿੱਚ ਹੋਣ ਵਾਲੇ ਵਾਧੇ ਤੇ ਦੇਰੀ ਨੂੰ ਹੀ ਇਸ ਪ੍ਰੋਜੈਕਟ ਦੇ ਬੰਦ ਹੋਣ ਦਾ ਕਾਰਨ ਦੱਸਿਆ ਗਿਆ ਜਦਕਿ ਹੋਰਨਾਂ ਅਨੁਸਾਰ ਇਹ ਪ੍ਰੋਜੈਕਟ ਮਾਰਕਿਟ ਤਾਕਤਾਂ ਦੀ ਭੇਟ ਚੜ੍ਹ ਗਿਆ। ਇੱਕ ਇੰਟਰਵਿਊ ਵਿੱਚ ਸ਼ੀਅਰ ਨੇ ਆਖਿਆ ਕਿ ਉਹ ਇਸ ਅਸਫਲਤਾ ਲਈ ਲਿਬਰਲਾਂ ਨੂੰ ਦੋਸ਼ੀ ਮੰਨਦੇ ਹਨ।



ਨਵੀਂ ਦਿੱਲੀ ਤੋਂ ਗੱਲ ਕਰਦਿਆਂ ਸ਼ੀਅਰ ਨੇ ਆਖਿਆ ਕਿ ਐਨਰਜੀ ਈਸਟ ਟੇਬਲ ਉੱਤੇ ਸੀ। ਇਹ ਲਿਬਰਲਾਂ ਦੀਆਂ ਰੈਗੂਲੇਟਰੀ ਤਬਦੀਲੀਆਂ ਕਾਰਨ ਰੱਦ ਹੋਇਆ। ਉਨ੍ਹਾਂ ਆਖਿਆ ਕਿ ਅਸੀਂ ਪੂਰਬੀ ਕੈਨੇਡੀਅਨ ਮੰਡੀਆਂ ਵਿੱਚ ਟੈਂਕਰ ਦਰ ਟੈਂਕਰ ਵਿਦੇਸ਼ੀ ਤੇਲ ਦੇ ਆਉਂਦੇ ਵੇਖ ਰਹੇ ਹਾਂ ਤੇ ਇਹ ਸੱਭ ਲਿਬਰਲ ਸਰਕਾਰ ਦੀ ਮਿਹਰਬਾਨੀ ਸਦਕਾ ਹੋ ਰਿਹਾ ਹੈ। ਮੰਗਲਵਾਰ ਨੂੰ ਸ਼ੀਅਰ ਨੇ ਆਖਿਆ ਕਿ ਕੰਜ਼ਰਵੇਟਿਵ ਸਰਕਾਰ ਸੱਤਾ ਵਿੱਚ ਆਉਣ ਤੋਂ ਬਾਅਦ ਪਾਈਪਲਾਈਨ ਦੇ ਪਸਾਰ ਦੇ ਰਾਹ ਵਿੱਚ ਆਏ ਅੜਿੱਕਿਆਂ ਨੂੰ ਖਤਮ ਕਰ ਦੇਵੇਗੀ ਤਾਂ ਕਿ ਕੈਨੇਡੀਅਨ ਤੇਲ ਤੇ ਗੈਸ ਨਵੀਂ ਮਾਰਕਿਟ ਵਿੱਚ ਪਹੁੰਚ ਸਕੇ।

ਵਧੀਆ ਮੁਨਾਫ਼ੇ ਲਈ ਭਾਰਤ ਵਿੱਚ ਨਿਵੇਸ਼ ਕਰੋ
INVEST FOR SMART RETURN IN INDIA
SALE PURCHASE & MANAGEMENT OF COMMERCIAL RESIDENCIAL PROPERTIES IN DELHI, GURGAON, NOIDA, CHANDIGARH, PUNJAB AND INVEST IN RUNNING HOSPITALS FOR SMART & SAFE RETURNS
Bhalla: 91-9316255513 | Bhullar: 905.453.0000
For More Details www.conceptindiaservices.com

## ਵਿਆਹ ਤੋਂ ਪਹਿਲਾਂ ਕਿਸੇ ਹੋਰ ਨਾਲ ਚੱਕਰ ਸੀ ਮੇਲਾਨੀਆ ਦਾ

ਨਵੀਂ ਦਿਲੀ, 9 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਵਿਆਹ ਕਰਵਾਉਣ ਤੋਂ ਪਹਿਲਾਂ ਵੀ ਓਥੋਂ ਦੀ ਫਸਟ ਲੇਡੀ ਮੇਲਾਨੀਆ ਚਰਚਾ 'ਚ ਸੀ। ਵਿਆਹ ਤੋਂ ਪਹਿਲਾਂ ਮੇਲਾਨੀਆ ਅਤੇ ਟਰੰਪ ਨੇ ਇੱਕ ਦੂਜੇ ਨੂੰ ਕਰੀਬ ਸੱਤ ਸਾਲ ਤੱਕ ਡੇਟ ਕੀਤਾ ਸੀ। ਦੋਵਾਂ ਨੇ ਸਾਲ 2005 ਵਿੱਚ ਵਿਆਹ ਕਰਵਾ ਲਿਆ, ਪਰ ਟਰੰਪ ਦੇ ਨੇੜੇ ਆਉਣ ਤੋਂ ਪਹਿਲਾਂ ਮੇਲਾਨੀਆ ਕਿਸੇ ਹੋਰ ਵਿਅਕਤੀ ਨੂੰ ਡੇਟ ਕਰ ਰਹੀ ਸੀ। ਉਸ ਵਿਅਕਤੀ ਦਾ ਨਾਂ ਜਿਊਰ ਜੋਰਿਫ ਹੈ ਤੇ ਉਹ ਯੂਰਪ ਦਾ ਰਹਿਣ ਵਾਲਾ ਹੈ।

## ਹਾਦਸਾਗ੍ਰਸਤ ਹੋਈ ਲੀਮੋ ਸੜਕ ਉਤੇ ਆਉਣ ਦੇ ਕਾਬਲ ਹੀ ਨਹੀਂ ਸੀ : ਗਵਰਨਰ

...ਪੰਨਾ 1 ਦਾ ਬਾਕੀ

ਸ਼ਨਿੱਚਰਵਾਰ ਨੂੰ ਸ਼ਕੌਹੇਰੀ ਵਿਖੇ ਹੋਏ ਹਾਦਸੇ ਦੀ ਵੀ ਸਟੇਟ ਤੇ ਫੈਡਰਲ ਅਧਿਕਾਰੀਆਂ ਵੱਲੋਂ ਜਾਂਚ ਕੀਤੀ ਗਈ। ਕੰਪਨੀ ਨੇ ਆਖਿਆ ਕਿ ਉਹ ਆਪਣੀਆਂ ਕਾਰਾਂ ਫਿਲਹਾਲ ਬੰਦ ਕਰ ਰਹੀ ਹੈ ਤੇ ਆਪ ਵੀ ਇਸ ਹਾਦਸੇ ਦੀ ਜਾਂਚ ਕਰ ਰਹੀ ਹੈ। ਜਦੋਂ ਤੱਕ ਜਾਂਚ ਮੁਕੰਮਲ ਨਹੀਂ ਹੋ ਜਾਂਦੀ ਉਦੋਂ ਤੱਕ ਕੰਪਨੀਆਂ ਆਪਣੀਆਂ ਕਾਰਾਂ ਸੜਕ ਉੱਤੇ ਨਹੀਂ ਉਤਾਰੇਗੀ।

ਨਿਊ ਯੌਰਕ ਸਿਟੀ ਤੋਂ 170 ਮੀਲ ਉੱਤਰ ਵੱਲ ਹੋਏ ਇਸ ਹਾਦਸੇ ਤੋਂ ਤਿੰਨ ਸਾਲ ਪਹਿਲਾਂ ਵੀ ਇੱਕ ਹਾਦਸਾ ਨਿਊ ਯੌਰਕ ਵਿੱਚ ਹੋ ਚੁੱਕਿਆ ਹੈ। ਲੋਕਾਂ ਵੱਲੋਂ ਗਵਰਨਰ ਐਂਡਰੀਊ ਕੁਓਮੋ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਉਹ ਇਸ ਤਰ੍ਹਾਂ ਦੇ ਹਾਦਸੇ ਰੋਕਣ ਲਈ ਗੱਡੀਆਂ ਦੀ ਸੇਫਟੀ ਸਬੰਧੀ ਜਾਂਚ ਲਈ ਕੋਈ ਠੋਸ ਕਦਮ ਚੁੱਕਣ। ਅਜੇ ਤੱਕ ਇਸ ਗੱਲ ਦੇ ਕੋਈ ਸਬੂਤ ਨਹੀਂ ਮਿਲੇ ਹਨ ਕਿ ਸਟੇਟ ਨੇ ਇਸ ਤਰ੍ਹਾਂ ਦੇ ਹਾਦਸਿਆਂ ਨੂੰ ਰੋਕਣ ਲਈ ਕੋਈ ਕਾਰਵਾਈ ਕੀਤੀ ਹੈ ਜਾਂ ਨਹੀਂ।

ਜਿਸ ਗੱਡੀ ਨੂੰ ਹਾਦਸਾ ਪੇਸ਼ ਆਇਆ ਉਸ ਵਿੱਚ ਕੁੱਝ ਪਰਿਵਾਰਕ ਮੈਂਬਰ, ਦੋਸਤ ਤੇ ਰਿਸ਼ਤੇਦਾਰ ਇੱਕਠੇ ਹੋ ਕੇ ਜਨਮਦਿਨ ਦੀ ਪਾਰਟੀ ਮਨਾਉਣ ਜਾ ਰਹੇ ਸਨ। ਅਜੇ ਤੱਕ ਅਧਿਕਾਰੀਆਂ ਨੂੰ ਇਹ ਪਤਾ ਨਹੀਂ ਲੱਗ ਸਕਿਆ ਕਿ ਲਿਮੋਜ਼ਿਨ ਕਿੰਨੀ ਤੇਜ਼ ਜਾ ਰਹੀ ਸੀ ਤੇ ਹਾਦਸਾ ਕਿਵੇਂ ਵਾਪਰਿਆ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਦੇ ਚੇਅਰਮੈਨ ਰੌਬਰਟ ਸਮਵਾਲਟ ਨੇ ਦੱਸਿਆ ਕਿ 19 ਸੀਟਾਂ ਵਾਲੀ ਇਸ ਗੱਡੀ ਦੀਆਂ ਕਈ ਸੀਟ ਬੈਲਟਜ਼ ਵੀ ਸਨ ਪਰ ਇਹ ਵੀ ਸਪਸ਼ਟ ਨਹੀਂ ਹੋ ਸਕਿਆ ਕਿ ਸਾਰਿਆਂ ਨੇ ਇਹ ਸੀਟ ਬੈਲਟਸ ਪਾਈਆਂ ਹੋਈਆਂ ਸਨ।

PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com



GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com




KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ




- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਕੈਨੇਡੀਅਨ ਪੰਜਾਬੀ ਕਹਾਣੀ ਉੱਪਰ ਹੋਏ ਸੈਮੀਨਾਰ ਵਿਚ ਗੁਰਮੀਤ ਪਨਾਗ ਦੀ ਪਲੇਠੀ ਪੁਸਤਕ 'ਮੁਰਗ਼ਾਬੀਆਂ' ਲੋਕ-ਅਰਪਿਤ




ਬਰੈਂਪਟਨ, (ਡਾ. ਝੰਡ) -ਬੀਤੇ ਸ਼ਨੀਵਾਰ 6 ਅਕਤੂਬਰ ਨੂੰ 'ਲਿਟਰੇਰੀ ਰਿਫ਼ਲੈੱਕਸ਼ਨਜ਼' ਵੱਲੋਂ ਐੱਫ਼.ਬੀ.ਆਈ. ਇੰਟਰਨੈਸ਼ਨਲ ਸਕੂਲ ਵਿਚ ਕੈਨੇਡੀਅਨ ਪੰਜਾਬੀ ਕਹਾਣੀ ਆਯੋਜਿਤ ਕੀਤੇ ਗਏ ਸੈਮੀਨਾਰ ਦੌਰਾਨ ਗੁਰਮੀਤ ਪਨਾਗ ਦੀ ਪਲੇਠੀ ਕਹਾਣੀ ਪੁਸਤਕ 'ਮੁਰਗ਼ਾਬੀਆਂ' ਲੋਕ-ਅਰਪਿਤ ਕੀਤੀ ਗਈ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਉਚੇਚੇ ਤੌਰ 'ਤੇ ਆਏ ਪ੍ਰਸਿੱਧ ਕਹਾਣੀਕਾਰ ਤੇ ਆਲੋਚਕ ਪ੍ਰੋ. ਬਲਦੇਵ ਸਿੰਘ ਧਾਲੀਵਾਲ, ਕਹਾਣੀਕਾਰ ਜਰਨੈਲ ਸਿੰਘ ਅਤੇ ਪੁਸਤਕ ਲੇਖਿਕਾ ਗੁਰਮੀਤ ਪਨਾਗ ਸ਼ਾਮਲ ਸਨ ਅਤੇ ਮੰਚ-ਸੰਚਾਲਨ ਦੀ ਜ਼ਿੰਮੇਂਵਾਰੀ ਕਵਿੱਤਰੀ ਸੁਰਜੀਤ ਕੌਰ ਨਿਭਾਈ। ਸੈਮੀਨਾਰ ਦੀ ਆਰੰਭਤਾ ਤੋਂ ਪਹਿਲਾਂ ਪਿਆਰਾ ਸਿੰਘ ਕੁੱਦੋਵਾਲ ਵੱਲੋਂ ਆਏ ਸਮੂਹ ਮਹਿਮਾਨਾਂ ਨੂੰ 'ਜੀ-ਆਇਆਂ' ਕਿਹਾ ਗਿਆ।

ਬਲਦੇਵ ਸਿੰਘ ਧਾਲੀਵਾਲ ਨੇ ਆਪਣੇ ਕੁੰਜੀਵੱਤ-ਭਾਸ਼ਨ "ਕੈਨੇਡਾ ਦੀ ਪੰਜਾਬੀ ਕਹਾਣੀ: ਪਾਰ-ਰਾਸ਼ਟਰੀ ਸਰੋਕਾਰ" ਵਿਚ ਕੈਨੇਡਾ ਵਿਚ ਲਿਖੀ ਜਾ ਰਹੀ ਪੰਜਾਬੀ ਕਹਾਣੀ ਬਾਰੇ ਆਪਣੇ ਵਿਚਾਰ ਵਿਸਥਾਰ-ਸਹਿਤ ਪੇਸ਼ ਕੀਤੇ। ਭਾਸ਼ਨ ਦੇ ਆਰੰਭ ਵਿਚ ਹੀ ਉਨ੍ਹਾਂ ਕਿਹਾ ਕਿ ਇਹ ਕੈਨੇਡਾ ਦੀ ਪੰਜਾਬੀ ਕਹਾਣੀ ਦਾ ਸਰਵੇਖਣ ਜਾਂ ਮੁਲਾਂਕਣ ਨਹੀਂ ਹੈ ਅਤੇ ਇਹ ਤਾਂ ਜੋ ਕੁਝ ਇੱਥੇ ਹੋ ਰਿਹਾ ਹੈ, ਉਸ ਦੀ ਕੇਵਲ ਇਕ 'ਪੰਛੀ-ਝਾਤ' ਹੀ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਬਹੁ-ਰਾਸ਼ਟਰੀ ਸੱਭਿਆਚਾਰਾਂ ਵਾਲਾ ਦੇਸ਼ ਹੈ ਅਤੇ ਇੱਥੇ ਮੁੱਖ ਸਮੱਸਿਆ ਆਪਣੀ 'ਪਛਾਣ' ਦੀ ਬਣ ਜਾਂਦੀ ਹੈ ਕਿ ਮੈਂ ਕੀ ਹਾਂ। ਉਨ੍ਹਾਂ ਅਨੁਸਾਰ ਸ਼ਬਦ 'ਪਾਰ-ਰਾਸ਼ਟਰੀ' (ਟ੍ਰਾਂਸ-ਨੈਸ਼ਨਲ) ਅੰਗਰੇਜ਼ੀ ਸ਼ਬਦ 'ਗਲੋਬਲ' ਦੇ ਵਧੇਰੇ ਨੇੜੇ ਹੈ ਅਤੇ 'ਪਾਰ-ਰਾਸ਼ਟਰੀਵਾਦ' ਦੀਆਂ ਜੜ੍ਹਾਂ ਭਾਰਤੀ ਤੇ ਪੰਜਾਬੀ ਰਾਸ਼ਟਰਵਾਦ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਸੱਭਿਆਚਾਰਕ-ਸੰਵਾਦ ਰਚਾਉਂਦਿਆਂ ਹੋਇਆਂ ਲੋਕਾਂ ਵਿਚ ਵੱਖ-ਵੱਖ ਦੇਸ਼ਾਂ ਦੇ ਸੱਭਿਆਚਾਰਾਂ ਦੀ ਸਵੀਕਾਰਤਾ ਦੀ ਭਾਵਨਾ ਕੰਮ ਕਰਦੀ ਹੈ। ਕਈ ਪਰਵਾਸੀਆਂ ਵਿਚ ਇਹ ਸਵੀਕਾਰਤਾ ਜਲਦੀ ਹੋ ਜਾਂਦੀ ਹੈ ਅਤੇ ਉਹ ਦੂਸਰੇ ਸੱਭਿਆਚਾਰਾਂ ਨੂੰ ਜਲਦੀ ਅਪਨਾਅ ਲੈਂਦੇ ਹਨ, ਜਦਕਿ ਕਈਆਂ ਨੂੰ ਇਸ ਦੇ ਲਈ ਕਾਫ਼ੀ ਦੇਰ ਲੱਗ ਜਾਂਦੀ ਹੈ। ਆਪਣੇ ਇਨ੍ਹਾਂ ਕਥਨਾਂ ਦੀ ਵਿਆਖਿਆ ਲਈ ਉਨ੍ਹਾਂ ਬੀ.ਸੀ. ਦੇ ਕਹਾਣੀਕਾਰ ਰਵਿੰਦਰ ਰਵੀ, ਜੀ.ਟੀ.ਏ. ਦੇ ਕਹਾਣੀਕਾਰਾਂ ਮੇਜਰ ਮਾਂਗਟ, ਕੁਲਜੀਤ ਮਾਨ, ਮਿੰਨੀ ਗਰੇਵਾਲ, ਰਛਪਾਲ ਗਿੱਲ, ਹਰਪ੍ਰੀਤ ਸੇਖਾ ਅਤੇ ਕਈ ਹੋਰ ਲੇਖਕਾਂ ਦੀਆਂ ਕਹਾਣੀਆਂ ਦੇ ਹਵਾਲੇ ਦਿੱਤੇ ਜਿਨ੍ਹਾਂ ਵਿਚ ਅੰਗਰੇਜ਼ੀ ਨਾਵਲਕਾਰ ਸਲਮਾਨ ਰਸ਼ਦੀ ਦਾ ਵੀ ਇਕ ਹਵਾਲਾ ਵੀ ਸ਼ਾਮਲ ਸੀ। ਉਨ੍ਹਾਂ ਗੁਰਮੀਤ ਪਨਾਗ ਦੀਆਂ ਕਹਾਣੀਆਂ 'ਮੁਗ਼ਾਬੀਆਂ', 'ਗੋਰੀ ਅੱਖ ਦਾ ਟੀਰ', 'ਵੀਜ਼ਾ ਨਾਨੀ ਦਾ', ਕੋਈ ਦੇਸ਼ ਨਾ ਜਾਣੇ ਮੇਰਾ' ਅਤੇ 'ਮਿੱਸ ਇੱਜ਼ੀ' ਵਿਚ ਇਨ੍ਹਾਂ ਦੀ ਪਾਤਰ-ਉਸਾਰੀ ਅਤੇ ਪਾਤਰਾਂ ਦੇ ਆਪਣੀ ਟਕਰਾਅ ਦੀ ਵੀ ਗੱਲ ਬਾਖ਼ੂਬੀ ਕੀਤੀ ਜੋ ਇੱਥੇ ਨਵੀਂ ਸੱਭਿਆਚਾਰਕ ਸਪੇਸ ਭਾਲਦੇ ਹਨ।

ਇਸ ਦੌਰਾਨ ਹੋਈ ਬਹਿਸ ਵਿਚ ਭਾਗ ਲੈਂਦਿਆਂ ਹੋਇਆਂ ਬਲਦੇਵ ਦੂਹੜੇ ਨੇ ਕੈਨੇਡਾ ਵਿਚ ਕਮਿਊਨਿਟੀ ਅਤੇ ਵਿਅੱਕਤੀਗ਼ਤ ਪੱਧਰ 'ਤੇ ਹੋ ਰਹੀ ਤਬਦੀਲੀ ਦਾ ਜ਼ਿਕਰ ਕਰਦਿਆਂ ਹੋਇਆਂ ਟਰਾਂਜ਼ੀਸ਼ਨ, ਸੈੱਲਫ਼-ਰੀਅਲਾਈਜ਼ੇਸ਼ਨ ਅਤੇ ਕੈਨੇਡੀਅਨ ਮਿਡਲ ਕਲਾਸ ਦੀ ਗੱਲ 'ਤੇ ਵਧੇਰੇ ਜ਼ੋਰ ਦਿੱਤਾ ਅਤੇ ਪੁਸਤਕ ਜਾਂ ਇਸ ਦੀਆਂ ਕਹਾਣੀਆਂ ਦੀ ਗੱਲ ਘੱਟ ਕੀਤੀ। ਅਨੂਪ ਬੱਬਰਾ ਨੇ ਅੰਗਰੇਜ਼ੀ ਅਤੇ ਪੰਜਾਬੀ ਦੀ ਰਲਵੀਂ-ਮਿਲਵੀਂ ਭਾਸ਼ਾ ਵਿਚ ਗੁਰਮੀਤ ਪਨਾਗ ਦੀਆਂ ਕਹਾਣੀਆਂ 'ਵੀਜ਼ਾ ਨਾਨੀ ਦਾ' ਅਤੇ ਇਕ-ਦੋ ਹੋਰਨਾਂ ਦੀ ਸ਼ਲਾਘਾ ਕੀਤੀ। ਪ੍ਰੌੜ-ਲੇਖਕ ਪੂਰਨ ਸਿੰਘ ਪਾਂਧੀ ਨੇ ਕਿਹਾ ਕਿ ਗੁਰਮੀਤ ਦੀਆਂ ਕਹਾਣੀਆਂ ਰੌਚਕ ਤੇ ਦਿਲਚਸਪ ਹਨ ਅਤੇ ਇਨ੍ਹਾਂ ਵਿਚ ਇਕ ਕਹਾਣੀ ਦੇ ਵਿੱਚੋਂ ਹੀ ਹੋਰ ਕਹਾਣੀ ਨਿਕਲਦੀ ਹੈ। ਅੰਮ੍ਰਿਤਸਰ ਤੋਂ ਆਏ ਮਾਲਵਿੰਦਰ ਸ਼ਾਇਰ ਨੇ ਕਿਹਾ ਕਿ ਇਸ ਪੁਸਤਕ ਦੀਆਂ ਕਹਾਣੀਆਂ ਮਨੋਰੰਜਨ ਨਹੀਂ ਕਰਦੀਆਂ, ਸਗੋਂ ਉਹ ਪਾਠਕਾਂ ਨੂੰ ਬੇਚੈਨ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਕੁਝ ਸੋਚਣ ਲਈ ਮਜਬੂਰ ਕਰਦੀਆਂ ਹਨ। ਕੈਲੇਫ਼ੋਰਨੀਆ ਤੋਂ ਆਏ ਕਹਾਣੀਕਾਰ ਹਰਜਿੰਦਰ ਪੰਧੇਰ ਨੇ ਕਿਹਾ ਕਿ ਪਨਾਗ ਉਸਾਰੂ ਸੋਚ ਨੂੰ ਪ੍ਰਨਾਈ ਹੋਈ ਹੈ ਅਤੇ ਉਸ ਦੀਆਂ ਕਹਾਣੀਆਂ ਪਰਵਾਰਿਕ ਟੁੱਟ-ਭੱਜ, ਡਰੱਗ ਵੇਚਣ ਤੇ ਇਸ ਦੇ ਸੇਵਨ ਅਤੇ ਨੀਓ-ਕਲੋਨੀਇਜ਼ਮ ਦੀਆਂ ਸਮੱਸਿਆਵਾਂ ਦੀ ਗੱਲ ਕਰਦੀਆਂ ਹਨ। ਪੰਜਾਬ ਤੋਂ ਆਏ ਜੋਧ ਸਿੰਘ ਘੁੰਮਣ ਨੇ ਸਿਧਾਂਤ ਦੀ ਗੱਲ ਕਰਦਿਆਂ ਕਿਹਾ ਕਿ ਇਸ ਤੋਂ ਬਿਨਾਂ ਤਾਂ ਐਵੇਂ ਟੱਕਰਾਂ ਮਾਰਨਾ ਹੀ ਹੈ। ਬਲਜਿੰਦਰ ਗੁਲਾਟੀ ਨੇ ਗੁਰਮੀਤ ਪਨਾਗ ਨਾਲ ਆਪਣੀ ਨੇੜਤਾ ਦੱਸਦਿਆਂ ਕਿਹਾ ਕਿ ਉਹ ਉਸ ਦੀਆਂ ਕਹਾਣੀਆਂ ਦੀ ਪਹਿਲੀ ਪਾਠਕ ਹੈ ਜਿਸ ਨੇ ਇਹ ਕਹਾਣੀਆਂ ਟਾਈਪ ਕਰਦਿਆਂ ਇਨ੍ਹਾਂ ਦਾ ਅੱਖਰ-ਅੱਖਰ ਪੜ੍ਹਿਆ ਹੈ। ਪੱਛਮੀ ਪੰਜਾਬ ਦੇ ਪਿਛੋਕੜ ਦੇ ਪ੍ਰੋ. ਆਸ਼ਿਕ ਰਹੀਲ ਦਾ ਕਹਿਣਾ ਸੀ ਕਿ ਪੰਜਾਬੀ ਵਿਚ ਕਹਾਣੀ ਲਿਖਣ ਦਾ ਕੰਮ ਚੜ੍ਹਦੇ ਪੰਜਾਬ ਵਿਚ ਲਹਿੰਦੇ ਪੰਜਾਬ ਨਾਲੋਂ ਵਧੇਰੇ ਅਤੇ ਬਿਹਤਰ ਹੋ ਰਿਹਾ ਹੈ। ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਬਲਦੇਵ ਧਾਲੀਵਾਲ ਦੇ ਕੁੰਜੀਵਤ-ਭਾਸ਼ਨ ਦੀ ਤਾਰੀਫ਼ ਕਰਦਿਆਂ ਕਿਹਾ ਕਿ ਬਲਦੇਵ ਨੇ ਉਨ੍ਹਾਂ ਨੇ ਥੋੜ੍ਹੇ ਜਿਹੇ ਸ਼ਬਦਾਂ ਵਿਚ ਹੀ ਕੈਨੇਡਾ ਦੀ ਕਹਾਣੀ ਬਾਰੇ ਬੜਾ ਕੁਝ ਕਹਿ ਦਿੱਤਾ ਹੈ। ਗੁਰਮੀਤ ਪਨਾਗ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਉਸ ਦੀ ਸੋਚ ਮਾਨਵ-ਵਾਦੀ ਹੈ ਅਤੇ ਉਸ ਨੇ ਇਸ ਪੁਸਤਕ ਦੇ ਛਪਣ ਵਿਚ ਬੇ-ਸਬਰੀ ਨਹੀਂ ਵਿਖਾਈ। ਇਸ ਦੇ ਨਾਲ ਹੀ ਉਨ੍ਹਾਂ 'ਮੁਰਗ਼ਾਬੀਆਂ' ਅਤੇ 'ਕਾਸ਼ਨੀ ਸੁਪਨੇ' ਦੇ ਹਵਾਲੇ ਨਾਲ ਵੀ ਆਪਣੇ ਕੁਝ ਵਿਚਾਰ ਸਾਂਝੇ ਕੀਤੇ।

ਗੁਰਮੀਤ ਪਨਾਗ ਨੇ ਇਸ ਮੌਕੇ ਬੋਲਦਿਆਂ ਆਪਣੇ ਪਿੰਡ 'ਡਡਹੇੜੀ' (ਕਹਾਣੀਕਾਰ ਸੰਤੋਖ ਸਿੰਘ ਧੀਰ ਦਾ ਪਿੰਡ) ਵਿਚ ਗੁਜ਼ਾਰੇ ਬਚਪਨ ਅਤੇ ਪਿਤਾ ਜੀ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਦੱਸਿਆ ਕਿ ਉਸ ਦੇ ਪਿਤਾ ਜੀ ਉਸ ਨੂੰ ਡਾਕਟਰ ਬਨਾਉਣਾ ਚਾਹੁੰਦੇ ਸਨ ਪਰ ਉਸ ਦਾ ਝੁਕਾਅ ਸਾਹਿਤ ਪੜ੍ਹਨ ਤੇ ਲਿਖਣ ਵੱਲ ਸੀ। ਉਸ ਨੇ ਪਹਿਲਾਂ ਅੰਗਰੇਜ਼ੀ ਵਿਚ ਅਤੇ ਫਿਰ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ ਅਤੇ ਉਸ ਦੀ ਪਹਿਲੀ ਕਹਾਣੀ 'ਵੀਜ਼ਾ ਨਾਨੀ ਦਾ' ਸੀ ਜੋ ਉਸ ਨੂੰ ਕਈ ਵਾਰ ਲਿਖਣੀ ਪਈ। ਕਹਾਣੀਕਾਰ ਜਰਨੈਲ ਸਿੰਘ ਨੇ ਆਪਣੇ ਪ੍ਰਧਾਨਗੀ-ਭਾਸ਼ਨ ਵਿਚ ਜਿੱਥੇ ਮੁੱਖ-ਬੁਲਾਰੇ ਪ੍ਰੋ. ਬਲਦੇਵ ਸਿੰਘ ਅਤੇ ਆਏ ਸਮੂਹ ਮਹਿਮਾਨਾਂ ਦਾ ਧੰਨਵਾਦ ਕੀਤਾ, ਉੱਥੇ ਉਨ੍ਹਾਂ ਨੇ ਗੁਰਮੀਤ ਪਨਾਗ ਦੀਆਂ ਕਹਾਣੀਆਂ ਦੀ ਸਿਫ਼ਤ ਕਰਨ ਦੇ ਨਾਲ ਨਾਲ ਇਹ ਵੀ ਕਿਹਾ ਕਿ ਇਨ੍ਹਾਂ ਵਿੱਚੋਂ ਕਈ 'ਫ਼ਸਟ-ਪਰਸਨ' ਤੋਂ ਸ਼ੁਰੂ ਹੋ ਕੇ 'ਥਰਡ-ਪਰਸਨ' ਵਿਚ ਚਲੇ ਜਾਂਦੀਆਂ ਹਨ ਅਤੇ ਕਈ ਇਸ ਤੋਂ ਉਲਟ ਚੱਲਦੀਆਂ ਹਨ। ਉਨ੍ਹਾਂ ਪਨਾਗ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣ ਲਈ ਕਿਹਾ।

ਸਮਾਗਮ ਦੇ ਦੂਜੇ ਹਿੱਸੇ ਵਿਚ 'ਕੈਨੇਡੀਅਨ ਪੰਜਾਬੀ ਕਹਾਣੀ ਦੀਆਂ ਰੂਪਾਕਾਰ ਵਿਸ਼ੇਸ਼ਤਾਈਆਂ' ਬਾਰੇ ਸੈਮੀਨਾਰ ਕੀਤਾ ਗਿਆ ਜਿਸ ਵਿਚ ਡਾ. ਬਲਦੇਵ ਸਿੰਘ ਧਾਲੀਵਾਲ, ਸੁਰਜਨ ਜੀਰਵੀ, ਡਾ. ਅਰਵਿੰਦਰ ਕੌਰ, ਪ੍ਰੋਫੈਸਰ ਰਾਮ ਸਿੰਘ, ਕਹਾਣੀਕਾਰ ਜਰਨੈਲ ਸਿੰਘ ਅਤੇ ਮੇਜਰ ਮਾਂਗਟ ਪੈਨਲ-ਸੰਵਾਦ ਵਿਚ ਸ਼ਾਮਲ ਸਨ। ਪੈਨਲ ਸੰਵਾਦ ਦਾ ਆਰੰਭ ਕਰਨ ਤੋਂ ਪਹਿਲਾਂ ਮੇਜਰ ਮਾਂਗਟ ਨੇ ਪੈਨਲ ਵਿਚਲੇ ਵਿਦਵਾਨਾਂ ਦੀ ਸੰਖੇਪ ਜਾਣ-ਪਛਾਣ ਕਰਵਾਈ। ਉਪਰੰਤ ਡਾ. ਬਲਦੇਵ ਸਿੰਘ ਧਾਲੀਵਾਲ ਨੇ ਕੇਨੇਡੀਅਨ ਪੰਜਾਬੀ ਕਹਾਣੀ ਦੇ ਰੂਪਾਕਾਰ ਬਾਰੇ ਦੱਸਿਆ ਕਿ ਪਹਿਲੀ ਗੱਲ ਤਾਂ ਕਹਾਣੀ ਲੇਖਕ ਅਤੇ ਕਹਾਣੀ ਵਿਚਲੇ ਵਕਤਾ (ਨੈਰੇਟਰ) ਦਾ ਨਿਖੇੜਾ ਕਰਨਾ ਲਾਜ਼ਮੀ ਹੈ ਤੇ ਫਿਰ ਇਸ ਦੀ ਭਾਸ਼ਾ ਅਤੇ ਸੰਵਾਦ ਦੀ ਵਾਰੀ ਆਉਂਦੀ ਹੈ। ਸੁਰਜਨ ਜੀਰਵੀ ਹੁਰਾਂ ਕਹਾਣੀ ਦੇ ਸੱਭਿਆਚਾਰ ਨਾਲ ਰਿਸ਼ਤੇ ਦੀ ਗੱਲ ਕੀਤੀ। ਡਾ. ਅਰਵਿੰਦਰ ਕੌਰ ਨੇ ਕੈਨੇਡਾ ਦੀ ਪੰਜਾਬੀ ਕਹਾਣੀ ਸਬੰਧੀ ਕੀਤੀ ਗਈ ਆਪਣੀ ਖੋਜ ਦੇ ਹਵਾਲੇ ਨਾਲ ਵਿਚਾਰ ਪੇਸ਼ ਕੀਤੇ। ਪ੍ਰੋ. ਰਾਮ ਸਿੰਘ ਦਾ ਵਿਚਾਰ ਸੀ ਕਿ ਕਿਸੇ ਵੀ ਰਚਨਾ ਦਾ ਵਿਸ਼ਾ ਹੀ ਆਪਣਾ ਰੂਪ ਨਿਰਧਾਰਤ ਕਰਦਾ ਹੈ। ਕਹਾਣੀਕਾਰ ਜਰਨੈਲ ਸਿੰਘ ਨੇਂ ਆਪਣੀਆਂ ਕਹਾਣੀਆਂ ਦੀਆਂ ਉਦਾਹਰਣਾਂ ਦੇ ਕੇ ਇਸ ਵਿਸ਼ੇ ਦੀ ਵਿਆਖਿਆ ਕੀਤੀ। ਇਸ ਸੰਵਾਦ ਵਿਚ ਸਵਾਲ ਪੁੱਛਣ ਵਾ-ਲਿਆਂ ਵਿਚ ਅਨੂਪ ਬਾਬਰਾ, ਸੁਰਜੀਤ ਕੌਰ, ਜਗੀਰ ਸਿੰਘ ਕਾਹਲੋਂ, ਰਛਪਾਲ ਕੌਰ ਗਿੱਲ, ਬੋਧ ਸਿੰਘ ਘੁੰਮਣ, ਸ਼ਾਇਰ ਮਲਵਿੰਦਰ ਸ਼ਾਮਲ ਸਨ। ਇਸ ਸਮਾਗਮ ਦੀ ਸਫ਼ਲਤਾ ਵਿਚ ਹਿੱਸਾ ਪਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਪ੍ਰਬੰਧਕਾਂ ਵਲੋਂ ਸਨਮਾਨਿਤ ਕੀਤਾ ਗਿਆ। ਇਸ ਤਰ੍ਹਾਂ ਸਮੁੱਚੇ ਤੌਰ ਤੇ ਇਹ ਪਲੇਠਾ ਕਹਾਣੀ ਸੈਮੀਨਾਰ ਬਹੁਤ ਸਫ਼ਲ ਰਿਹਾ ਜਿਸ ਵਿਚ ਸੱਤਰ ਤੋਂ ਵੱਧ ਸਰੋਤੇ ਮੰਤਰ-ਮੁਗਧ ਹੋ ਕੇ ਅੰਤ ਤੱਕ ਬੈਠੇ ਰਹੇ।

ਬਰੈਂਪਟਨ ਸਿਟੀ-ਚੋਣ 'ਤੇ ਵਿਸ਼ੇਸ਼

# ਬਰੈਂਪਟਨ ਦਾ ਵਿਜ਼ਨ ਡਾਕੂਮੈਂਟ -2040

ਦਰਸ਼ਨ ਸਿੰਘ ਦਰਸ਼ਨ,
ਸਾਬਕਾ ਐਡਵੋਕੇਟ,
647-608-1062

ਉਪਰੋਕਤ ਕੈਪਸ਼ਨ ਸਬੰਧੀ ਰੋਜ਼ਾਨਾ 'ਕੈਨੇਡੀਅਨ ਪੰਜਾਬੀ ਪੋਸਟ' ਦੇ 2 ਅਕਤੂਬਰ ਦੇ ਅੰਕ ਵਿਚ ਇਕ ਵਿਸ਼ੇਸ਼ ਆਰਟੀਕਲ "ਬਰੈਂਪਟਨ ਖ਼ਤਰੇ ਵਿਚ" ਪੜ੍ਹਨ ਲਈ ਮਿਲਿਆ ਜਿਸ ਵਿਚ ਲਿਖਿਆ ਗਿਆ ਹੈ ਕਿ ਜੇਕਰ ਇਹ ਸ਼ਹਿਰ ਖ਼ਤਰੇ ਵਿਚ ਹੈ ਤਾਂ ਇਸ ਦੇ ਹੱਲ ਲਈ ਕੌਣ ਖੜਾ ਹੈ? ਆਰਟੀਕਲ ਸੱਚਮੁੱਚ ਹੀ ਬੇਸ਼-ਕੀਮਤੀ ਅਤੇ ਵਾਕਫ਼ੀਅਤ ਭਰਪੂਰ ਹੈ। ਇਸ ਰਾਹੀਂ ਬਰੈਂਪਟਨ-ਵਾਸੀਆਂ ਦੀ ਜਾਗਰੂਕਤਾ ਪਰਖਣ ਲਈ ਇਹ ਸੁਆਲ ਪੁੱਛਿਆ ਗਿਆ ਹੈ ਕਿ ਬਰੈਂਪਟਨ ਦੀਆਂ 2018 ਦੀਆਂ ਹੋਣ ਜਾ ਰਹੀਆਂ ਸਿਟੀ ਚੋਣਾਂ ਵਿਚ ਜਿਹੜੇ ਵੀ ਉਮੀਦਵਾਰ ਚੋਣ-ਮੈਦਾਨ ਵਿਚ ਉੱਤਰੇ ਹਨ, ਭਾਵੇਂ ਉਹ ਕਿਸੇ ਵੀ ਸਿਆਸੀ ਵਿਚਾਰਧਾਰਾ ਨਾਲ ਸਬੰਧ ਰੱਖਦੇ ਹੋਣ, ਕੀ ਉਨ੍ਹਾਂ ਕੋਲ ਸਿਟੀ ਦੀ ਮੌਜੂਦਾ ਕਾਰਜਕਾਰਨੀ ਵੱਲੋਂ ਲੋਕਾਂ ਦੇ ਟੈਕਸਾਂ ਦੀ ਪੂੰਜੀ ਦੇ ਗੱਫ਼ੇ ਅਦਾ ਕਰਕੇ ਤਿਆਰ ਕਰਵਾਏ ਗਏ ਵਿਜ਼ਨ ਡਾਕੂਮੈਂਟ-2040 ਦੀ ਜਾਣਕਾਰੀ ਹੈ? ਜ਼ਿਕਰਯੋਗ ਹੈ ਕਿ ਸਾਲ 2017 ਵਿਚ ਅਜਿਹਾ ਵਿਜ਼ਨ ਡਾਕੂਮੈਂਟ-2040 ਅੰਤਰ-ਰਾਸ਼ਟਰੀ ਪੱਧਰ ਦੇ ਇਕ ਡੀਜ਼ਾਈਨਰ ਲੈਰੀ ਬੀਸਲੇ (ਅਰਰੇ ਭਏਸਲਏ) ਨੇ 100 ਪੰਨਿਆਂ ਦਾ ਦਸਤਾਵੇਜ਼ ਬਰੈਂਪਟਨ ਸਿਟੀ ਕਾਊਂਸਲ ਨੂੰ ਪੇਸ਼ ਕੀਤਾ ਸੀ। ਕਿਸੇ ਵੀ ਸ਼ਹਿਰ ਦੀ ਖ਼ੂਬਸੂਰਤੀ ਅਤੇ ਪਬਲਿਕ ਦੀਆਂ ਸੁੱਖ-ਸਹੂਲਤਾਂ ਲਈ ਬਾ-ਕਾਇਦਾ ਪਲੈਨਿੰਗ ਕਰਨੀ ਜਾਂ ਕਰਵਾਉਣੀ ਬਹੁਤ ਚੰਗੀ ਪਿਰਤ ਹੈ। ਇਸ ਦੇ ਲਈ ਮੌਜੂਦਾ ਉਪਲੱਬਧ ਵੱਖ-ਵੱਖ ਡੈਟਾ-ਬੇਸਾਂ ਨੂੰ ਵਿਸ਼ੇਸ਼ ਤੌਰ 'ਤੇ ਸ਼ਹਿਰ ਦੀ ਆਬਾਦੀ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ ਜਿਸ ਨੂੰ ਪ੍ਰੋਜੈਕਟ ਕਰਨ ਉਪਰੰਤ ਆਉਣ ਵਾਲੇ 20-22 ਸਾਲਾਂ ਦੀਆਂ ਲੋੜਾਂ ਨੂੰ ਵਿਜ਼ਨ ਦਸਤਾਵੇਜ਼ ਵਿਚ ਕਲਮ-ਬੰਦ ਕੀਤਾ ਜਾਂਦਾ ਹੈ ਤਾਂ ਜੋ ਲੋਕਾਂ ਦੀ ਖ਼ੁਸ਼ਹਾਲੀ ਲਈ ਸਾਰੀਆਂ ਲੋੜਾਂ ਨੂੰ ਸਮੇਂ ਸਿਰ ਸੀਮਾ-ਬੱਧ ਤਰੀਕੇ ਨਾਲ ਮੁਕੰਮਲ ਕੀਤਾ ਜਾ ਸਕੇ।

ਇਸ ਵਿਸ਼ੇ 'ਤੇ ਗੱਲ ਕਰਦਿਆਂ ਹੋਇਆਂ, ਉਦਾਹਰਣ ਵਜੋਂ ਇੱਥੇ ਭਾਰਤ ਦੇ ਮਸ਼ਹੂਰ ਸ਼ਹਿਰ 'ਸਿਟੀ ਬਿਊਟੀਫੁੱਲ ਚੰਡੀਗੜ੍ਹ' ਦੀ ਵੰਨਗੀ ਵਾਚਣੀ ਬਿਲਕੁਲ ਉਚਿਤ ਹੋਵੇਗੀ। ਚੰਡੀਗੜ੍ਹ ਦੀ ਮੁੱਢਲੀ ਪਲੈਨਿੰਗ ਡੀਜ਼ਾਈਨਿੰਗ ਜਰਮਨੀ ਦੇ ਮਸ਼ਹੂਰ ਡੀਜ਼ਾਈਨਰ 'ਲੀ ਕਾਰਬੂਜ਼ੀਅਰ ਕੋਲੋਂ ਤਿਆਰ ਕਰਵਾਈ ਗਈ ਅਤੇ ਸ਼ਿਵਾਲਕ ਦੀਆਂ 'ਫੁੱਟ ਹਿੱਲਜ਼' ਵਿਖੇਪੰਜਾਬ ਦੇ 29 ਪਿੰਡਾਂ ਨੂੰ ਉਜਾੜ ਕੇ ਸਾਲ 1952 ਵਿਚ ਇਸ ਸ਼ਹਿਰ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਸੀ। ਇਹ ਇਲਾਕਾ ਉਸ ਸਮੇਂ ਬਹੁਤ ਪਛੜਿਆ ਹੋਇਆ ਮੰਨਿਆ ਜਾਂਦਾ ਸੀ ਜਿੱਥੇ ਧਰਤੀ ਦਾ ਪਾਣੀ ਬਹੁਤ ਡੂੰਘੀ ਸਤਹ 'ਤੇ ਉਪਲੱਭਧ ਸੀ ਜਿਸ ਕਾਰਨ ਖੇਤੀ ਬਹੁਤ ਘੱਟ ਹੁੰਦੀ ਸੀ ਜੋ ਸਿਰਫ਼ ਮੀਂਹ ਉੱਪਰ ਹੀ ਨਿਰਭਰ ਸੀ। ਪ੍ਰੰਤੂ, ਇੱਥੇ ਅੰਬਾਂ ਦੇ ਕਾਫ਼ੀ ਬਾਗ਼ ਹੁੰਦੇ ਸਨ ਲੋਕ ਅੰਬਾਂ ਦੇ ਗੱਡੇ ਭਰ ਕੇ ਸੰਯੁਕਤ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਜਾ ਕੇ ਅਨਾਜ ਬਦਲੇ ਅੰਬ ਵੇਚ ਕੇ ਆਪਣੇ ਪੇਟ ਪਾਲਦੇ ਸਨ। ਆਵਾਜਾਈ ਅਤੇ ਵਿੱਦਿਆ ਦੇ ਸਾਧਨ ਵੀ ਸੀਮਤ ਸਨ। ਖ਼ੈਰ, ਇੱਥੇ ਅਸਲ ਵਿਚਾਰਨ ਯੋਗ ਗੱਲ ਇਹ ਹੈ ਕਿ 'ਲੀ ਕਾਰਬੂਜ਼ੀਅਰ ਨੇ ਵੱਡੀਆਂ ਕੋਠੀਆਂ ਨੂੰ ਛੱਡ ਕੇ ਰਿਹਾਇਸ਼ੀ ਯੂਨਿਟਸ ਕੇਵਲ ਪੰਜ-ਮੈਂਬਰੀ ਫ਼ੈਮਲੀ ਲਈ ਹੀ ਡੀਜ਼ਾਈਨ ਕੀਤੇ ਸਨ। ਉੱਥੋਂ ਦੀ ਇਕੌਲੋਜੀ, ਵਾਤਾਵਰਣ ਪਾਣੀ, ਸੀਵਰੇਜ ਅਤੇ ਰੋਡ ਸਿਸਟਮ ਬਹੁਤ ਸਮਾਂ ਪਹਿਲਾਂ ਅਰਥਹੀਣ ਬਣ ਕੇ ਰਹਿ ਗਿਆ ਹੈ।

ਇਸ ਲਈ ਸਾਡੇ ਪਿਆਰੇ ਸਿਟੀ ਬਰੈਂਪਟਨ ਦੇ ਭਵਿੱਖ ਵਿਚ ਵਾਧੇ ਲਈ ਉਪਰੋਕਤ ਗੱਲਾਂ ਵਿਸ਼ੇਸ਼ ਧਿਆਨ ਮੰਗਦੀਆਂ ਹਨ। 'ਕੈਨੇਡੀਅਨ ਪੰਜਾਬੀ ਪੋਸਟ' ਦੀ ਇਹ ਖ਼ਬਰ ਭਾਵੇਂ ਥੋੜ੍ਹੀ ਜਿਹੀ ਦੇਰ ਨਾਲ ਨਸ਼ਰ ਹੋਈ ਹੈ, ਪਰ ਮਸ਼ਹੂਰ ਕਹਾਵਤ "ਦੇਰ ਆਇਦ ਦਰੁਸਤ ਆਇਦ" ਅਨੁਸਾਰ ਬਰੈਂਪਟਨ-ਵਾਸੀਆਂ ਲਈ ਇਹ ਅਜੇ ਵੀ ਪੂਰੀ ਅਸਰ-ਅੰਦਾਜ਼ ਹੈ। ਇਨ੍ਹਾਂ ਚੋਣਾਂ ਵਿਚ ਜਿਹੜੇ ਵੀ ਉਮੀਦਵਾਰ ਚੋਣ-ਮੈਦਾਨ ਵਿਚ ਖੜੇ ਹਨ, ਉਨ੍ਹਾਂ ਵੱਲੋਂ ਵਿਜ਼ਨ ਦਸਤਾਵੇਜ਼-2040 ਦੇ ਸੁਝਾਵਾਂ ਬਾਰੇ ਪਬਲਿਕ ਨੂੰ ਲਾਜ਼ਮੀ ਤੌਰ 'ਤੇ ਜਾਗਰੂਕ ਕਰਨਾ ਚਾਹੀਦਾ ਹੈ ਜੋ ਕਿ ਵੋਟਰਾਂ ਅਤੇ ਉਮੀਦਵਾਰਾਂ ਦੋਹਾਂ ਦੇ ਹਿੱਤਾਂ ਦੀ ਪੂਰਤੀ ਕਰੇਗਾ। ਲੋਕਾਂ ਨੂੰ ਉਮੀਦਵਾਰਾਂ ਕੋਲੋਂ ਇਸ ਦੇ ਬਾਰੇ ਪੁੱਛ-ਗਿੱਛ ਕਰਨੀ ਚਾਹੀਦੀ ਹੈ ਅਤੇ ਉਮੀਦਵਾਰਾਂ ਨੂੰ ਵੀ ਇਸ ਸਬੰਧੀ ਆਪਣੀ ਰਾਇ ਅਤੇ ਸਥਿਤੀ ਖੁੱਲ੍ਹ ਕੇ ਸਪੱਸ਼ਟ ਕਰਨੀ ਚਾਹੀਦੀ ਹੈ।

# ਰੇਲ ਗੱਡੀ ਹੇਠਾਂ ਆ ਕੇ ਨੌਜਵਾਨ ਦੀ ਮੌਤ

ਮਾਨਸਾ, 9 ਅਕਤੂਬਰ (ਪੋਸਟ ਬਿਊਰੋ)- ਪ੍ਰੇਮ ਸੰਬੰਧਾਂ ਦੇ ਕਾਰਨ ਇਕ ਨੌਜਵਾਨ ਦੀ ਸ਼ਹਿਰ ਦੇ ਅੰਡਰ ਬ੍ਰਿਜ ਲਾਗੇ ਮਾਲ ਗੱਡੀ ਹੇਠਾਂ ਆ ਕੇ ਹੋਈ ਮੌਤ ਕਾਰਨ ਹੰਗਾਮਾ ਹੋ ਗਿਆ ਹੈ। ਉਸ ਦੇ ਮਾਪਿਆਂ ਸਮੇਤ ਪਿੰਡ ਬੱਪੀਆਣਾ ਵਾਸੀਆਂ ਨੇ ਇਸ ਰੋਸ ਨੂੰ ਲੈ ਕੇ ਪਹਿਲਾਂ ਥਾਣਾ ਸਿਟੀ-1 ਅਤੇ ਫਿਰ ਸਟੇਸ਼ਨ ਸਾਹਮਣੇ ਰੇਲਵੇ ਲਾਈਨ 'ਤੇ ਧਰਨਾ ਲਾ ਕੇ ਰੇਲ ਆਵਾਜਾਈ ਠੱਪ ਕਰ ਦਿੱਤੀ ਗਈ, ਜਿਸ ਨਾਲ ਕੁਝ ਗੱਡੀਆਂ ਦੀ ਆਵਾਜ਼ਾਈ ਵੀ ਠੱਪ ਰਹੀ।

ਧਰਨਾਕਾਰੀਆਂ ਦਾ ਕਹਿਣਾ ਹੈ ਕਿ ਨੌਜਵਾਨ ਜੁਗਰਾਜ ਸਿੰਘ ਬੱਪੀਆਣਾ ਨੇ ਖੁਦਕੁਸ਼ੀ ਨਹੀਂ ਕੀਤੀ, ਇੱਕ ਔਰਤ ਨੇ ਉਸ ਨੂੰ ਗੱਡੀ ਹੇਠਾਂ ਧੱਕਾ ਮਾਰ ਕੇ ਉਸ ਨੰ ਮਾਰਿਆ ਹੈ, ਇਸ ਕਰ ਕੇ ਔਰਤ ਦੇ ਖਿਲਾਫ ਕਤਲ ਦਾ ਮਾਮਲਾ ਦਰਜ ਕੀਤਾ ਜਾਵੇ, ਪਰ ਹਾਲੇ ਦੀ ਘੜੀ ਰੇਲਵੇ ਪੁਲਸ ਇਸ ਤੇ 306 ਦਾ ਮਾਮਲਾ ਦਰਜ ਕਰਨ ਦੀ ਗੱਲ ਕਹਿ ਰਹੀ ਹੈ। ਰੇਲਵੇ ਸਟੇਸ਼ਨ ਦੇ ਲਾਈਨਾਂ ਦੇ ਧਰਨਾ ਲਾ ਕੇ ਬੈਠੇ ਪਿੰਡ ਦੇ ਪੰਚ ਚਮਕੌਰ ਸਿੰਘ, ਜਗਦੇਵ ਸਿੰਘ, ਵਿਦਿਆਰਥੀ ਆਗੂ ਪ੍ਰਦੀਪ ਗੁਰੂ ਨੇ ਕਿਹਾ ਕਿ ਜੁਗਰਾਜ ਸਿੰਘ ਨੂੰ ਪਹਿਲਾਂ ਇੱਕ ਵਿਆਹੁਤਾ ਔਰਤ ਨੇ ਪਿੰਡ ਝੰਡੂਕੇ ਵਿਖੇ ਆਪਣੇ ਪਿੱਛੇ ਲਾਇਆ ਤੇ ਫਿਰ ਪਿੱਛਾ ਕਰਦੀ ਉਸ ਦੇ ਪਿੰਡ ਬੱਪੀਆਣਾ ਵੀ ਆ ਗਈ। ਉਸ ਨੇ ਘਰ ਆ ਕੇ ਉਸ ਦੇ ਪਰਵਾਰ ਨੂੰ ਕਾਫੀ ਬੁਰਾ ਭਲਾ ਕਿਹਾ। ਇਸ ਤੋਂ ਬਾਅਦ ਦੋਵਾਂ ਦਾ ਝਗੜਾ ਹੋਇਆ ਤੇ ਇਸ ਦੀ ਦਰਖਾਸਤ ਪੁਲਸ ਨੂੰ ਵੀ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਵਿਆਹੁਤਾ ਔਰਤ ਨੇ ਜੁਗਰਾਜ ਸਿੰਘ ਨੂੰ ਆਪਣੇ ਪ੍ਰੇਮ ਸੰਬੰਧਾਂ ਕਾਰਨ ਇਕੱਠਿਆਂ ਜਹਾਨ ਨੂੰ ਅਲਵਿਦਾ ਕਹਿਣ ਦੀ ਗੱਲ ਕਹੀ, ਜਿਸ ਪਿੱਛੋਂ ਦੋਵੇਂ ਖੁਦਕੁਸ਼ੀ ਕਰਨ ਲਈ ਰੇਲਵੇ ਲਾਈਨ ਮਾਨਸਾ ਅੰਡਰ ਬ੍ਰਿਜ ਲਾਗੇ ਪਹੁੰਚ ਗਏ।

## ਭਾਈਚਾਰੇ ਵਿਚ ਇਕਮੁਠਤਾ ਲਈ ਹੋਕਾ

ਕੈਪਟਨ ਇਕਬਾਲ ਸਿੰਘ ਵਿਰਕ ਅਤੇ ਜਸਵੰਤ ਸਿੰਘ ਗਿਲ ਪ੍ਰਧਾਨ ਅਤੇ ਸੈਕਟਰੀ ਪੈਰਟੀ ਸੀਨੀਅਰ ਕਲੱਬ, ਅਖਬਾਰ ਦੇ ਦਫਤਰ ਸੂਚਨਾ ਭੇਜਦੇ ਹਨ ਕਿ ਪੰਜਾਬੀ ਭਾਈਚਾਰੇ ਵਿਚ ਇਕਮੁਠਤਾ ਪੈਦਾ ਕਰਨ ਲਈ ਉਨ੍ਹਾ ਆਗਰਾ ਸਵੀਟ ਰੈਸਟੋਰੈਂਟ ਵਿਚ ਇਕ ਮੀਟਿੰਗ ਰਖੀ ਹੈ ਜਿਸ ਵਿਚ ਹਰ ਸੀਨੀਅਰ ਕਲੱਬ ਦੇ ਪ੍ਰਧਾਨ ਅਤੇ ਮੀਤ ਪ੍ਰਧਾਨ ਨੂੰ ਪਹੁੰਚਣ ਦਾ ਸੱਦਾ ਹੈ। ਚਾਹ ਪਾਣੀ ਨਾਲ ਸੇਵਾ ਹੋਵੇਗੀ। ਕਿਰਪਾ ਕਰਕੇ ਨੀਚੇ ਦਿਤੇ ਪ੍ਰੋਗਰਾਮ ਅਨੁਸਾਰ ਪਹੁੰਚਣ ਦੀ ਕ੍ਰਿਪਾ ਕਰਨ।

Venue: Agra sweets & Tandoori 10671 Cinguacousy Road Unit 8 Brampton Phone 905 216 6041

Time : 10 AM on 14 October 2018 Sunday.

ਇਸ ਜਗਾਹ ਪਹੁੰਚਣ ਲਈ ਸੰਡਲਵੁਡ ਰੋਡ ਉਪਰ 23 ਨੰਬਰ ਬਸ ਅਤੇ ਚਿੰਕੂਜ਼ੀ ਰੋਡ ਉਪਰ 4 ਅਤੇ 4 ਏ ਬਸਾਂ ਚਲਦੀਆ ਹਨ।

ਮੁਦਾ: ਕੀ ਸਾਨੂੰ ਫਲਾਵਰ ਸਿਟੀ ਸੀਨੀਅਰ ਸੈਂਟਰ ਦੀ ਮੀਤ ਪ੍ਰਧਾਨਗੀ ਵਾਸਤੇ ਬੰਦਾ ਖੜਾ ਕਰਨਾ ਚਹੀਦਾ ਹੈ ਜਦਕਿ ਭਾਈਚਾਰੇ ਦੀ ਨੁਮਾਂਇਦਗੀ ਵਾਸਤੇ ਪਹਿਲੋਂ ਹੀ ਦੋ ਬੰਦੇ ਜਾ ਚੁਕੇ ਹਨ? ਜੇ ਚਾਹੀਦਾ ਹੈ ਤਾਂ ਇਕ ਨਾਮ ਕਿਉਂ ਨਾ ਦਿਤਾ ਜਾਵੇ। ਜਾਣਕਾਰੀ ਲਈ ਫੋਨ ਹਨ ਵਿਰਕ-647 631 9445 ਜਾਂ ਗਿਲ- 647 853 0034

# ਪਿੰਡ ਦਾ ਮੁੰਡਾ ਪਾਇਲਟ ਬਣਿਆ, ਬਜ਼ੁਰਗਾਂ ਨੂੰ ਜਹਾਜ਼ ਦਾ ਝੂਟਾ ਦਿਵਾਇਆ

ਹਿਸਾਰ, 9 ਅਕਤੂਬਰ (ਪੋਸਟ ਬਿਊਰੋ)- ਇਸ ਜ਼ਿਲੇ ਦੇ ਸਾਰੰਗਪੁਰ ਵਿੱਚ ਰਹਿਣ ਵਾਲੇ ਵਿਕਾਸ ਦਾ ਬਚਪਨ ਤੋਂ ਸੁਪਨਾ ਸੀ ਕਿ ਉਹ ਪਾਇਲਟ ਬਣੇ। ਉਸ ਨੇ ਵਾਅਦਾ ਕੀਤਾ ਸੀ ਕਿ ਪਾਇਲਟ ਬਣਨ ਉੱਤੇ ਉਹ ਆਪਣੇ ਪਿੰਡ ਦੇ ਬਜ਼ੁਰਗਾਂ ਨੂੰ ਮੁਫਤ ਹਵਾਈ ਸਫਰ ਕਰਾਵੇਗਾ। ਅੱਜ ਕੱਲ੍ਹ ਉਹ ਪਾਇਲਟ ਬਣ ਚੁੱਕਾ ਹੈਅਤੇ ਉਸ ਨੇ ਆਪਣਾ ਵਾਅਦਾ ਪੂਰਾ ਕੀਤਾ ਹੈ। ਉਸ ਨੇ ਪਿੰਡ ਦੇ 22 ਬਜ਼ੁਰਗਾਂ ਨੂੰ ਹਵਾਈ ਜਹਾਜ਼ ਰਾਹੀਂ ਨਵੀਂ ਦਿੱਲੀ ਤੋਂ ਅੰਮ੍ਰਿਤਸਰ ਤਕ ਸਫਰ ਕਰਵ-ਾਇਆ ਤੇ ਉਨ੍ਹਾਂ ਨੂੰ ਅੰਮ੍ਰਿਤਸਰ ਘੁੰਮਾਇਆ। ਓਥੇ ਉਹ ਸਭ ਜਲ੍ਹਿਆਂਵਾਲਾ ਬਾਗ, ਅਟਾਰੀ ਬਾਰਡਰ ਗਏ ਤੇ ਦਰਬਾਰ ਸਾਹਿਬ ਦੇ ਦਰਸ਼ਨ ਕਰ ਕੇ ਖੁਸ਼ ਹੋਏ। ਇਸ 'ਚ ਤਕਰੀਬਨ 1 ਲੱਖ ਰੁਪਏ ਖਰਚ ਆਇਆ, ਜੋ ਵਿਕਾਸ ਨੇ ਖੁਦ ਦਿੱਤਾ।

ਪਿੰਡ ਦੇ ਬਜ਼ੁਰਗਾਂ ਨੇ ਕਿਹਾ, 'ਅਸੀਂ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਜਹਾਜ਼ 'ਚ ਬੈਠਾਂਗੇ, ਪਰ ਮੁੰਡੇ ਨੇ ਕਮਾਲ ਹੀ ਕਰ ਦਿੱਤੀ, ਅਸੀਂ ਬਹੁਤ ਖੁਸ਼ ਹਾਂ।' ਵਿਕਾਸ ਦੇ ਪਿਤਾ ਮਹੇਂਦਰ ਜਿਆਣੀ ਫਤਿਹਾਬਾਦ ਦੇ ਜ਼ਮੀਨ ਵਿਕਾਸ ਬੈਂਕ ਦੇ ਬ੍ਰਾਂਚ ਮੈਨੇਜਰ ਹਨ। ਵਿਕਾਸ ਨੇ ਕੈਲੀਫੋਰਨੀਆ ਤੋਂ 2 ਸਾਲਾ ਪਾਇਲਟ ਕੋਰਸ ਕੀਤਾ ਹੈ। ਇਸ ਪਿੱਛੋਂ 2016 'ਚ ਉਹ ਪਾਇਲਟ ਬਣਿਆ। 2 ਅਕਤੂਬਰ ਤੋਂ 4 ਅਕਤੂਬਰ ਤਕ ਉਸ ਨੇ ਬਜ਼ੁਰਗਾਂ ਨੂੰ ਸੈਰ ਕਰਵਾਉਣ ਦਾ ਵਾਅਦਾ ਪੂਰਾ ਕਰ ਕੇ ਸਭ ਨੂੰ ਖੁਸ਼ ਕੀਤਾ। ਜਿਨ੍ਹਾਂ ਬਜ਼ੁਰਗਾਂ ਨੇ ਹਵਾਈ ਯਾਤਰਾ ਕੀਤੀ, ਉਨ੍ਹਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਅਸੀਂ ਕਦੇ ਸੋਚਿਆ ਨਹੀਂ ਸੀ ਕਿ ਹਵਾਈ ਜਹਾਜ਼ 'ਚ ਬੈਠਾਂਗੇ। ਵਿਕਾਸ ਨੇ ਉਨ੍ਹਾਂ ਦੀ ਬੁਢਾਪੇ 'ਚ ਮੌਜ ਲਾ ਦਿੱਤੀ। ਉਨ੍ਹਾਂ ਨੇ ਵਿਕਾਸ ਨੂੰ ਦੁਆਵਾਂ ਦਿੱਤੀਆਂ ਅਤੇ ਕਿਹਾ ਕਿ ਉਸ ਨੇ ਇਕ ਮਿਸਾਲ ਪੇਸ਼ ਕੀਤੀ ਹੈ।

# ਲੱਡੂ ਖਾ ਕੇ ਗਲੇ ਮਿਲਣ ਪਿੱਛੋਂ ਗੱਡੀ ਅੱਗੇ ਜੇ ਈ ਅਤੇ ਕਾਲਜ ਦੀ ਲੈਕਚਰਾਰ ਵੱਲੋਂ ਖੁਦਕੁਸ਼ੀ

ਪਟਿਆਲਾ, 9 ਅਕਤੂਬਰ (ਪੋਸਟ ਬਿਊਰੋ)- ਪਾਵਰਕਾਮ ਦੇ ਜੇ ਈ ਅਤੇ ਵੂਮੈਨ ਕਾਲਜ ਦੀ ਅਸਿਸਟੈਂਟ ਪ੍ਰੋਫੈਸਰ ਨੇ ਕੱਲ੍ਹ ਸਵੇਰੇ ਟਰੇਨ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਸਵੇਰੇ ਦੋਵੇਂ ਜਣੇ ਪਟਿਆਲਾ ਦੇ 23 ਨੰਬਰ ਫਾਟਕ ਦੇ ਨੇੜੇ ਕਾਰ ਵਿੱਚ ਆਏ। ਇੱਕ ਦੂਸਰੇ ਨੂੰ ਲੱਡੂ ਖਵਾਇਆ ਅਤੇ ਟਰੈਕ ਵੱਲ ਚੱਲ ਪਏ। ਵਿਆਹ ਦਾ ਜੋੜਾ ਪਾਈ ਲੜਕੀ ਟਰੈਕ 'ਤੇ ਉਸ ਲੜਕੇ ਦੇ ਗਲੇ ਲੱਗੀ, ਫਿਰ ਦੋਵਾਂ ਨੇ ਸਾਹਮਣੇ ਆ ਰਹੀ ਟਰੇਨ ਦੇ ਅੱਗੇ ਛਾਲ ਮਾਰ ਦਿੱਤੀ।

ਮਿਲੀ ਜਾਣਕਾਰੀ ਅਨੁਸਾਰ ਦੋਵੇਂ ਜਣੇ ਵਿਆਹ ਕਰਨਾ ਚਾਹੁੰਦੇ ਸਨ, ਪਰ ਵੱਖ-ਵੱਖ ਜਾਤੀ ਹੋਣ ਕਾਰਨ ਪਰਵਾਰ ਤਿਆਰ ਨਹੀਂ ਸਨ। ਪੁਲਸ ਦਾ ਕਹਿਣਾ ਹੈ ਕਿ 10 ਅਕਤੂਬਰ ਨੂੰ ਪਹਿਲੇ ਨਰਾਤੇ ਨੂੰ ਲੜਕੇ-ਲੜਕੀ ਦੀ ਮੰਗਣੀ ਤੈਅ ਸੀ। ਦੋਵਾਂ ਦੇ ਪਰਵਾਰ ਵੀ ਜਾਤੀ ਦੀ ਗੱਲ ਤੋਂ ਇਨਕਾਰ ਕਰਦੇ ਹਨ। ਮੌਕੇ ਤੋਂ ਪੁਲਸ ਨੂੰ ਨਾ ਕੋਈ ਸੁਸਾਈਡ ਨੋਟ ਮਿਲਿਆ ਤੇ ਨਾ ਫੋਨ ਮਿਲਿਆ ਹੈ। ਰਘੁਵੀਰ ਨਗਰ ਦਾ ਵਿਨੈ ਸੁੰਦਰਮ ਪਾਵਰਕਾਮ ਵਿੱਚ ਜੇ ਈ ਅਤੇ ਤਫਜ਼ੱਲਪੁਰਾ ਦੀ 27 ਸਾਲ ਦੀ ਵਿਮਪ੍ਰੀਤ ਕੌਰ ਵੂਮੈਨ ਕਾਲਜ ਵਿੱਚ ਅਸਿਸਟੈਂਟ ਪ੍ਰੋਫੈਸਰ ਸੀ। ਦੋਵੇਂ ਇੱਕ-ਦੂਜੇ ਨੂੰ ਅੱਠ ਸਾਲ ਤੋਂ ਜਾਣਦੇ ਸਨ। ਦੋਵਾਂ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਬਾਅਦ ਵਿਆਹ ਦੀ ਗੱਲ ਕਰਦੇ ਸਨ। ਮੌਕੇ 'ਤੇ ਮੌਜੂਦ ਲੋਕਾਂ ਅਨੁਸਾਰ ਦੋਵੇਂ ਜਣੇ ਰੇਲਵੇ ਫਾਟਕ ਦੇ ਨੇੜੇ ਕਾਰ 'ਚੋਂ ਉਤਰੇ। ਲੜਕੀ ਨੇ ਲਾਲ ਰੰਗ ਦੇ ਕੱਪੜੇ ਪਾਏ ਹੋਏ ਸਨ। ਕਾਰ 'ਚੋਂ ਉਤਰਨ ਦੇ ਬਾਅਦ ਉਨ੍ਹਾਂ ਨੇ ਇੱਕ-ਦੂਸਰੇ ਨੂੰ ਲੱਡੂ ਖਵਾਇਆ। ਇਸ ਦੇ ਬਾਅਦ ਉਹ ਕੁਝ ਪਲ ਖੜ੍ਹੇ ਰਹੇ। ਇਸ ਤੋਂ ਪਹਿਲਾਂ ਕਿ ਲੋਕ ਕੁਝ ਸਮਝਦੇ ਦੋਵਾਂ ਨੇ ਸਾਹਮਣੇ ਤੋਂ ਆ ਰਹੀ ਟਰੇਨ ਦੇ ਅੱਗੇ ਛਾਲ ਮਾਰ ਦਿੱਤੀ। ਦੋਵਾਂ ਦੀ ਮੌਕੇ 'ਤੇ ਮੌਤ ਹੋ ਗਈ।

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton 905-458-4733 (see Kamal)

SimConnect FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers :
Solo/Team : upto .65 Cents Per Mile
Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3

# ਸੰਗੀਤ, ਸਾਹਿਤ ਅਤੇ ਸਿਹਤ ਵਿਗਿਆਨ ਦੀ ਤ੍ਰਿਵੈਣੀ ਡਾ.ਮਨਜੀਤ ਸਿੰਘ ਬਲ

ਉਜਾਗਰ ਸਿੰਘ, ਸਾਬਕਾ
ਜ਼ਿਲ੍ਹਾ ਲੋਕ ਸੰਪਰਕ
ਅਧਿਕਾਰੀ
ਮੋਬਾ: 94178 13072



ਵਿਗਿਆਨ ਖਾਸ ਤੌਰ 'ਤੇ ਸਿਹਤ ਵਿਗਿਆਨ ਦਾ ਸੰਗੀਤ ਅਤੇ ਸਾਹਿਤ ਨਾਲ ਸੁਮੇਲ ਵਿਲੱਖਣ ਸੰਯੋਗ ਹੈ ਕਿਉਂਕਿ ਵਿਗਿਆਨ ਤਾਂ ਨਿਸਚਿਤ ਅਸੂਲਾਂ ਅਤੇ ਸਿਧਾਂਤਾਂ ਦਾ ਦੂਜਾ ਨਾਮ ਹੈ। ਸਿਹਤ ਵਿਗਆਨ ਤਾਂ ਫਾਰਮੂਲਿਆਂ ਤੇ ਅਧਾਰਤ ਹੁੰਦਾ ਹੈ। ਕਈ ਸਾਲਟ ਅਤੇ ਕੈਮੀਕਲ ਮਿਲਾਕੇ ਦਵਾਈਆਂ ਬਣਦੀਆਂ ਹਨ। ਇਸ ਵਿਚ ਦੋ ਜਮ੍ਹਾਂ ਦੋ ਚਾਰ ਹੁੰਦੇ ਹਨ ਪ੍ਰੰਤੂ ਸੰਗੀਤ ਅਤੇ ਸਾਹਿਤ ਤਾਂ ਕਾਲਪਨਿਕ, ਅਹਿਸਾਸਾਂ ਅਤੇ ਭਾਵਨਾਵਾਂ ਦਾ ਪੁਲੰਦਾ ਹੁੰਦਾ ਹੈ, ਜਿਸਨੂੰ ਰੁਮਾਂਸਵਾਦ ਵਿਚ ਲਪੇਟਕੇ ਪਾਠਕਾਂ ਅਤੇ ਸਰੋਤਿਆਂ ਅੱਗੇ ਪ੍ਰੋਸਿਆ ਜਾਂਦਾ ਹੈ। ਪਾਠਕ ਅਤੇ ਸਰੋਤੇ ਆਪਣੇ ਮਨੋਰੰਜਨ ਲਈ ਸੁਆਦ ਲੈ ਕੇ ਪੜ੍ਹਦੇ ਅਤੇ ਸੁਣਦੇ ਹਨ। ਸੰਗੀਤ ਅਤੇ ਸਾਹਿਤ ਰੂਹ ਦੀ ਖ਼ੁਰਾਕ ਹੁੰਦੇ ਹਨ ਜਦੋਂ ਕਿ ਸਿਹਤ ਵਿਗਿਆਨ ਦਾ ਸੰਬੰਧ ਸਰੀਰ ਨਾਲ ਹੁੰਦਾ ਹੈ। ਡਾ ਮਨਜੀਤ ਸਿੰਘ ਬਲ ਇਕ ਅਜਿਹਾ ਵਿਅਕਤੀ ਹੈ, ਜਿਹੜਾ ਸਿਹਤ ਵਿਗਿਆਨ, ਸੰਗੀਤ ਅਤੇ ਸਾਹਿਤ ਦੀ ਤ੍ਰਿਵੈਣੀ ਹੈ। ਉਹ ਥਰੀ ਇਨ ਵਨ ਹੈ। ਉਹ ਮਾਨਵਤਾ ਦੀਆਂ ਸੰਗੀਤਕ, ਸਾਹਿਤਕ ਅਤੇ ਸਿਹਤ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਸੰਗੀਤ ਮਨੁੱਖ ਦੀ ਮਾਨਸਿਕ ਤ੍ਰਿਪਤੀ ਕਰਦਾ ਹੈ, ਜਿਸ ਨਾਲ ਮਰੀਜ ਦੀ ਅੱਧੀ ਬਿਮਾਰੀ ਦੂਰ ਹੋ ਜਾਂਦੀ ਹੈ। ਕੁਦਰਤ ਨੇ ਉਸਦੇ ਗਲੇ ਵਿਚ ਮਿਸਰੀ ਘੋਲੀ ਹੋਈ ਹੈ। ਕਿਹਾ ਜਾਂਦਾ ਹੈ ਕਿ ਗੁੜ ਨਾਲੋਂ ਇਸ਼ਕ ਮਿੱਠਾ ਰੱਬਾ ਲੱਗ ਨਾ ਕਿਸੇ ਨੂੰ ਜਾਵੇ। ਜਿਸਨੂੰ ਇਸ਼ਕ ਲੱਗ ਜਾਂਦਾ ਹੈ, ਉਹ ਚੈਨ ਨਾਲ ਬੈਠ ਨਹੀਂ ਸਕਦਾ। ਇਸ਼ਕ ਭਾਵੇਂ ਕਿਸੇ ਕਿਸਮ ਦਾ ਹੋਵੇ ਉਹ ਇਨਸਾਨ ਨੂੰ ਸਰਸਾਰ ਕਰ ਦਿੰਦਾ ਹੈ। ਡਾ ਮਨਜੀਤ ਸਿੰਘ ਬਲ ਨੂੰ ਸੰਗੀਤ ਨਾਲ ਇਸ਼ਕ ਹੋ ਗਿਆ ਹੈ, ਜਿਸ ਕਰਕੇ ਉਹ ਸੰਗੀਤ ਦੇ ਇਸ਼ਕ ਵਿਚ ਇਤਨਾ ਲਬਰੇਜ ਹੋਇਆ ਫਿਰਦਾ ਹੈ ਕਿ ਉਸਨੂੰ ਕਈ ਵਾਰੀ ਸੁੱਧ ਬੁੱਧ ਹੀ ਨਹੀਂ ਰਹਿੰਦੀ। ਉਹ ਸੰਗੀਤ ਵਿਚ ਗੜੁਚ ਹੋ ਜਾਂਦਾ ਹੈ। ਉਹ ਕਮਾਲ ਦਾ ਬੰਸਰੀ, ਬੈਂਜੋ ਅਤੇ ਹਰਮੋਨੀਅਮ ਵਾਦਕ ਹੈ। ਉਸਦੇ ਸਾਹ ਦੀ ਹਵਾ ਬੰਸਰੀ ਰਾਹੀਂ ਸੰਗੀਤਕ ਧੁਨਾਂ ਪੈਦਾ ਕਰਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੰਦੀ ਹੈ। ਉਸਦੀਆਂ ਉਂਗਲਾਂ ਦੀ ਛੋਹ ਹਰਮੋਨੀਅਮ ਅਤੇ ਬੈਂਜੋ ਦੀਆਂ ਸੁਰਾਂ ਵਿਸਮਾਦਮਈ ਕਰ ਦਿੰਦੀਆਂ ਹਨ। ਅਸਲ ਵਿਚ ਇਨ੍ਹਾਂ ਸੁਗਾਤਾਂ ਦੀ ਗੁੜ੍ਹਤੀ ਉਸਨੂੰ ਵਿਰਾਸਤ ਵਿਚੋਂ ਹੀ ਮਿਲੀ ਹੈ ਕਿਉਂਕਿ ਉਸਦਾ ਪਿਤਾ ਅਤੇ ਦਾਦਾ ਗੁਰੂ ਘਰ ਦੇ ਕੀਰਤਨੀਏਂ ਸਨ। ਕੀਰਤਨ ਦੇ ਸੰਗੀਤਮਈ ਰਸ ਨੇ ਉਸਦੀ ਜ਼ਿੰਦਗੀ ਦੇ ਅਰਥ ਹੀ ਬਦਲ ਦਿੱਤੇ। ਉਸਦਾ ਕਾਰਜਖੇਤਰ ਡਾਕਟਰੀ ਕਿੱਤਾ ਹੈ। ਉਹ ਬਿਮਾਰੀਆਂ ਕਿਉਂ, ਕਿਵੇਂ ਅਤੇ ਕਿਹੜੇ ਕਾਰਨਾ ਕਰਕੇ ਲਗਦੀਆਂ ਹਨ, ਨਵੀਂਆਂ ਅਤੇ ਪੁਰਾਣੀਆਂ ਖੋਜਾਂ ਅਨੁਸਾਰ ਬਿਮਾਰੀਆਂ ਦੇ ਇਲਾਜ ਕਿਵੇਂ ਕੀਤੇ ਜਾ ਸਕਦੇ ਹਨ ਬਾਰੇ ਖੋਜਾਂ ਕਰਕੇ ਉਨ੍ਹਾਂ ਦੇ ਇਲਾਜ ਦੀ ਸਲਾਹ ਦਿੰਦਾ ਹੈ ਪ੍ਰੰਤੂ ਕਈ ਅਜਿਹੀਆਂ ਬਿਮਾਰੀਆਂ ਹਨ, ਜਿਨ੍ਹਾਂ ਦੇ ਇਲਾਜ ਨਾਲੋਂ ਪ੍ਰਹੇਜ ਅਤੇ ਸੰਗੀਤਕ ਵਿਸਮਾਦ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ। ਇਸ ਜ਼ਰੂਰਤ ਨੂੰ ਪੂਰੀ ਕਰਨ ਲਈ ਡਾਕਟਰ ਕੋਲ ਜਾਣ ਦੀ ਲੋੜ ਨਹੀਂ, ਇਹ ਜਾਣਕਾਰੀ ਅਖ਼ਬਾਰਾਂ ਅਤੇ ਰਸਲਿਆਂ ਵਿਚੋਂ ਸਿਹਤ ਸੰਬੰਧੀ ਲੇਖ ਪੜ੍ਹਕੇ ਲਈ ਜਾ ਸਕਦੀ ਹੈ। ਇਸ ਤੇ ਕੋਈ ਖ਼ਰਚ ਵੀ ਨਹੀਂ ਹੁੰਦਾ। ਡਾਕਟਰੀ ਕਿੱਤਾ ਅੱਜ ਕਲ੍ਹ ਵਿਓਪਾਰਕ ਬਣ ਗਿਆ ਹੈ। ਟਾਂਵੇਂ ਟਾਂਵੇਂ ਡਾਕਟਰਾਂ ਨੂੰ ਛੱਡਕੇ ਕੋਈ ਵੀ ਡਾਕਟਰ ਮੁਫ਼ਤ ਨਾ ਤਾਂ ਸਲਾਹ ਦਿੰਦਾ ਹੈ ਅਤੇ ਨਾ ਹੀ ਮਰੀਜ ਨੂੰ ਵੇਖਦਾ ਹੈ। ਮਨਜੀਤ ਸਿੰਘ ਬਲ ਦਾ ਵਿਅਕਤਿਵ ਅਤੇ ਕਾਰਜਖੇਤਰ ਵੱਖਰਾ ਤੇ ਮਹੱਤਵਪੂਰਨ ਹੈ। ਉਹ ਆਪਣੀ ਪੜ੍ਹਾਈ ਅਤੇ ਤਜਰਬੇ ਤੇ ਅਧਾਰਤ ਜਾਣਕਾਰੀ ਆਪਣੇ ਲੇਖਾਂ ਰਾਹੀਂ ਪਾਠਕਾਂ ਨੂੰ ਰਸਦਾਇਕ ਬਣਾਕੇ ਦਿੰਦਾ ਰਹਿੰਦਾ ਹੈ। ਇਹ ਉਸਦਾ ਗੁਣ ਹੈ ਕਿ ਉਹ ਆਪਣੀ ਜਾਣਕਾਰੀ ਨੂੰ ਦਿਲਚਸਪ ਬਣਾਕੇ ਵਿਗਿਆਨਕ ਤੱਥਾਂ ਤੇ ਅਧਾਰਤ ਦਿੰਦਾ ਹੈ। ਉਸਦੇ ਲੇਖ ਮਰੀਜਾਂ ਨੂੰ ਡਰਾਉਂਦੇ ਨਹੀਂ ਸਗੋਂ ਬਿਮਾਰੀਆਂ ਦੇ ਅਗੇਤੇ ਇਲਾਜ ਦੀ ਸਲਾਹ ਦੇ ਕੇ ਮਰੀਜਾਂ ਦਾ ਹੌਸਲਾ ਵਧਾਉਂਦੇ ਹਨ। ਉਸ ਅਨੁਸਾਰ ਕੋਈ ਬਿਮਾਰੀ ਐਸੀ ਨਹੀਂ ਜਿਸਦਾ ਇਲਾਜ ਨਹੀਂ ਹੋ ਸਕਦਾ। ਉਹ ਮਰੀਜਾਂ ਨੂੰ ਆਪਣੀ ਇਛਾ ਸ਼ਕਤੀ ਮਜ਼ਬੂਤ ਕਰਨ ਲਈ ਪ੍ਰੇਰਦਾ ਹੈ। ਭਾਵੇਂ ਡਾਕਟਰ ਦਾ ਕਿੱਤਾ ਰੁਝੇਵਿਆਂ ਵਾਲਾ ਹੁੰਦਾ ਹੈ ਪ੍ਰੰਤੂ ਡਾਕਟਰ ਬਲ ਫਿਰ ਵੀ ਸਮਾਂ ਕੱਢਕੇ ਲਿਖਣ ਪੜ੍ਹਨ ਦਾ ਕੰਮ ਕਰਦਾ ਰਹਿੰਦਾ ਹੈ। ਸੰਗੀਤ ਉਸਦੀ ਰੂਹ ਦੀ ਖ਼ੁਰਾਕ ਹੈ। ਉਹ ਆਪਣੇ ਕਿੱਤੇ ਦੇ ਨਾਲ ਸਮਾਜ ਸੇਵਕ ਵੀ ਹੈ। ਸਾਹਿਤਕਾਰ ਦੇ ਤੌਰ ਤੇ ਸਾਹਿਤਕ ਸਮਾਗਮਾ ਵਿਚ ਸ਼ਰੀਕ ਹੁੰਦਾ ਰਹਿੰਦਾ ਹੈ। ਹੁਣ ਤੱਕ ਉਸਦੀਆਂ 11 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ 2 ਹਿੰਦੀ ਅਤੇ 2 ਅੰਗਰੇਜੀ ਵਿਚ ਹਨ। ਇਸਤੋਂ ਇਲਾਵਾ ਉਸਨੂੰ ਗਾਉਣ ਦਾ ਵੀ ਸੌਕ ਹੈ। ਉਸਨੇ 2 ਫਿਲਮਾਂ ਵੀ ਬਣਾਈਆਂ ਹਨ। ਆਪ ਦੀਆਂ ਸਿਹਤ ਸੰਬੰਧੀ ਪੁਸਤਕਾਂ ਸਿਹਤ ਸਮੱਸਿਆਵਾਂ ਅਤੇ ਚੇਤਨਤਾ, ਰੋਗਾਂ ਦੀ ਉਤਪਤੀ ਕਿਵੇਂ ਤੇ ਕਿਉਂ?, ਸਿਹਤ ਸੰਭਾਲ ਕਿਵੇਂ ਕਰੀਏ ਅਤੇ ਗਦੂਦਾਂ ਦੀਆਂ ਸਮੱਸਿਆਵਾਂ ਬਹੁਤ ਹੀ ਹਰਮਨ ਪਿਆਰੀਆਂ ਹਨ। ਇਸਤੋਂ ਇਲਾਵਾ ਕਹਾਣੀਆਂ ਦੀ ਪੁਸਤਕ ''ਡੱਬੀਆਂ ਵਾਲਾ ਖੇਸ'' ਅਤੇ ਕਾਰਵਾਂ ਚਲਦਾ ਰਹੇ ਵੀ ਵਰਣਨਯੋਗ ਹਨ। ਡਾਕਟਰ ਬਲ ਬਹੁਪੱਖੀ ਸ਼ਖਸੀਅਤ ਦਾ ਮਾਲਕ ਹੈ। ਉਸਦਾ ਜਨਮ ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਬਲ ਕਲਾਂ ਵਿਚ 1 ਅਪ੍ਰੈਲ 1953 ਨੂੰ ਪਿਤਾ ਸ੍ ਸੰਤਾ ਸਿੰਘ ਅਤੇ ਮਾਤਾ ਸਰਦਾਰਨੀ ਪ੍ਰੀਤਮ ਕੌਰ ਦੇ ਘਰ ਹੋਇਆ। ਆਪਨੇ ਮਿਡਲ ਤੱਕ ਦੀ ਪੜ੍ਹਾਈ ਆਪਣੇ ਪਿੰਡ ਦੇ ਸਕੂਲ ਤੋਂ ਅਤੇ ਦਸਵੀਂ ਸਰਕਾਰੀ ਹਾਈ ਸਕੂਲ ਟਾਊਨ ਹਾਲ ਅੰਮ੍ਰਿਤਸਰ ਤੋਂ ਪਾਸ ਕੀਤੀ। ਪ੍ਰੀ ਮੈਡੀਕਲ ਡੀ ਏ ਵੀ ਕਾਲਜ ਅੰਮ੍ਰਿਤਸਰ ਤੋਂ ਕਰਨ ਤੋਂ ਬਾਅਦ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਐਮ ਬੀ ਬੀ ਐਸ ਦੀ ਡਿਗਰੀ ਪਾਸ ਕਰਕੇ 1987 ਵਿਚ ਪੈਥਾਲੋਜੀ ਵਿਚ ਮੁਹਾਰਤ ਐਫ ਆਈ ਸੀ ਪੀ ਪਾਸ ਕੀਤੀ। ਐਮ ਬੀ ਬੀ ਐਸ ਕਰਨ ਤੋਂ ਬਾਅਦ 1977 ਵਿਚ ਉਸਨੇ ਸਰਕਾਰੀ ਨੌਕਰੀ ਕੀਤੀ। ਉਹ ਕਈ ਪੇਂਡੂ ਡਿਸਪੈਂਸਰੀਆਂ ਵਿਚ ਬਤੌਰ ਮੈਡੀਕਲ ਅਫਸਰ ਕੰਮ ਕਰਦਾ ਰਿਹਾ। ਅੰਮ੍ਰਿਤਸਰ ਜਿਲ੍ਹੇ ਦੇ ਸਰਹੱਦੀ ਇਲਾਕੇ ਵਿਚ ਇਤਿਹਾਸਕ ਪਿੰਡ ਛੀਨਾ ਬਿਧੀ ਚੰਦ ਵਿਖੇ ਨੌਕਰੀ ਦੌਰਾਨ ਉਸਨੇ ਗ਼ਰੀਬ ਲੋਕਾਂ ਦੀ ਸੇਵਾ ਨੂੰ ਮੁੱਖ ਰੱਖਿਆ ਅਤੇ ਰਾਤ ਬਰਾਤੇ ਵੀ ਮਰੀਜਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਵੇਖਦਾ ਰਿਹਾ। ਉਸ ਪਿੰਡ ਦੇ ਲੋਕ ਅੱਜ ਤੱਕ ਉਸਨੂੰ ਯਾਦ ਕਰਦੇ ਹਨ। ਉਸ ਤੋਂ ਬਾਅਦ 1 ਜਨਵਰੀ 1984 ਨੂੰ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਨੌਕਰੀ ਕਰ ਲਈ। ਫਿਰ ਆਪਨੇ ਅਗਸਤ 1998 ਵਿਚ ਰਾਜਿੰਦਰਾ ਹਸਪਤਾਲ ਅਤੇ ਮੈਡੀਕਲ ਕਾਲਜ ਪਟਿਆਲਾ ਵਿਚ ਪੈਥਾਲੋਜੀ ਵਿਭਾਗ ਦੇ ਪ੍ਰੋਫੈਸਰ ਅਤੇ ਮੁੱਖੀ ਦੇ ਤੌਰ ਤੇ ਡਿਊਟੀ ਸੰਭਾਲ ਲਈ। ਮੈਡੀਕਲ ਕਾਲਜ ਵਿਚ ਪ੍ਰਬੰਧਕੀ ਜ਼ਿੰਮੇਵਾਰੀ ਕਾਰਜਕਾਰੀ ਪ੍ਰਿੰਸੀਪਲ ਅਤੇ ਮੈਡੀਕਲ ਸੁਪਰਇਨਟੈਂਡੈਂਟ ਦੀ ਵੀ ਨਿਭਾਈ। ਇਸ ਦੌਰਾਨ ਆਪ ਨੂੰ 2011 ਵਿਚ ਮੈਡੀਕਲ ਕੌਂਸਲ ਆਫ ਰਿਸਰਚ ਭਾਰਤ ਸਰਕਾਰ ਨੇ ਪੰਜਾਬ ਵਿਚ ਕੈਂਸਰ ਬਾਰੇ ਸਰਵੇ ਕਰਨ ਦੀ ਜ਼ਿੰਮੇਵਾਰੀ ਇਨਵੈਸਟੀਗੇਟਰ ਦੇ ਤੌਰ ਤੇ ਲਗਾਈ, ਜਿਸਨੂੰ ਆਪਨੇ ਬਾਖ਼ੂਬੀ ਨਾਲ ਨਿਭਾਇਆ। ਪਟਿਆਲਾ ਸਾਹਿਤਕ ਅਤੇ ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਹੋਣ ਕਰਕੇ ਡਾ ਮਨਜੀਤ ਸਿੰਘ ਬਲ ਦੇ ਲਿਖਣ ਪੜ੍ਹਨ ਦੇ ਸੌਕ ਨੂੰ ਬੂਰ ਪੈਣ ਲੱਗ ਗਏ। ਉਹ ਸਰਕਾਰੀ ਰਾਜਿੰਦਰਾ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਪੈਥਾਲੋਜੀ ਵਿਭਾਗ ਦੇ ਮੁੱਖੀ ਰਹੇ ਹਨ। ਉਥੋਂ ਹੀ ਸੇਵਾ ਮੁਕਤ ਹੋਏ ਹਨ। ਅੱਜ ਕਲ੍ਹ ਐਮ ਐਮ ਮੈਡੀਕਲ ਕਾਲਜ ਅਤੇ ਹਸਪਤਾਲ ਕੁਮਾਰਹੱਟੀ ਸੋਲਨ ਵਿਖੇ ਬਤੌਰ ਪ੍ਰੋਫੈਸਰ ਪੈਥਾਲੋਜੀ ਸੇਵਾ ਨਿਭਾ ਰਹੇ ਹਨ। ਉਸਨੇ ਆਪਣੀ ਨੌਕਰੀ ਦੌਰਾਨ ਬਹੁਤ ਸਾਰੇ ਸੈਮੀਨਾਰਾਂ ਅਤੇ ਸਿਹਤ ਕਨਵੈਨਸ਼ਨਾ ਵਿਚ ਦੇਸ ਵਿਦੇਸ ਵਿਚ ਹਿੱਸਾ ਲਿਆ ਅਤੇ ਆਪਣੇ ਖੋਜ ਭਰਪੂਰ ਪੇਪਰ ਪੜ੍ਹੇ ਜਿਹੜੇ ਸਲਾਹੇ ਗਏ। ਆਪ ਖੋਜ ਪੇਪਰ ਪੜ੍ਹਨ ਲਈ ਪਾਕਿਸਤਾਨ, ਸਿੰਘਾਪੁਰ, ਇੰਗਲੈਂਡ, ਕੈਨੇਡਾ, ਆਸਟਰੇਲੀਆ ਅਤੇ ਅਮਰੀਕਾ ਵਿਚ ਵਿਸੇਸ ਤੌਰ ਤੇ ਗਏ। ਇਸ ਦੌਰਾਨ ਆਪ ਨੂੰ ਬਹੁਤ ਸਾਰੇ ਮਾਨ ਸਨਮਾਨ ਵੀ ਮਿਲੇ, ਜਿਨ੍ਹਾਂ ਵਿਚ ਪਾਕਿਸਤਾਨ ਐਸੋਸੀਏਸ਼ਨ ਆਫ ਪੈਥਾਲੋਜਿਸਟਸ ਲਾਹੌਰ, ਬੰਗਲਾ ਦੇਸ਼ ਐਸੋਸੀਏਸ਼ਨ ਆਫ ਪੈਥਾਲੋਜਿਸਟਸ ਢਾਕਾ, ਸਿੰਘਾਪੁਰ ਕੈਂਸਰ ਸੋਸਾਇਟੀ ਸਿੰਘਾਪੁਰ, ਐਸੋਸੀਏਸ਼ਨ ਆਫ ਪੈਥਾਲੋਜਿਸਟਸ ਆਫ ਨੈਪਾਲ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫਰੀਦਕੋਟ, ਸੈਂਟਰਲ ਯੂਨੀਵਰਸਿਟੀ ਬਠਿੰਡਾ, ਇੰਟਰਨੈਸ਼ਨਲ ਗਾਇਨੀਕਾਲੋਜੀ ਕੈਂਸਰ ਸੋਸਾਇਟੀ ਮੈਲਬਾਰਨ ਆਸਟਰੇਲੀਆ, ਗਿਆਨਦੀਪ ਸਾਹਿਤਯ ਸਾਧਨਾ ਮੰਚ ਪਟਿਆਲਾ, ਮੋਦੀ ਕਾਲਜ ਪਟਿਆਲਾ, ਗਲੋਬਲ ਪੰਜਾਬ ਫਾਊਂਡੇਸ਼ਨ ਪਟਿਆਲਾ, ਸਿਹਤ ਪਰਿਵਾਰ ਭਲਾਈ ਵਿਭਾਗ ਮਾਨਸਾ, ਰਾਸ਼ਟਰੀਯ ਕਵੀ ਸੰਮੇਲਨ ਪਟਿਆਲਾ, ਸਿੱਖ ਟੈਂਪਲ ਹੈਲੀਫੈਕਸ ਨੋਵਾਸਕੇਟੀਆ ਕੈਨੇਡਾ, ਗੁਰਦੁਆਰਾ ਸਚਖੰਡ ਰੋਜ਼ਵਿਲੇ ਸਕਾਰਮੈਂਟੋ ਅਮਰੀਕਾ, ਕਾਮਾਗਾਟਾ ਮਾਰੂ ਹੈਰੀਟੇਜ ਫਾਊਂਡੇਸ਼ਨ ਵੈਨਕੂਵਰ ਕੈਨੇਡਾ, ਯੂਨੀਕ ਇੰਟਰਨੈਸ਼ਨਲ ਕਾਲਜ ਸਿਡਨੀ ਆਸਟਰੇਲੀਆ ਅਤੇ ਪੰਜਾਬੀ ਅਖ਼ਬਾਰ ਕੈਲਗਰੀ ਸ਼ਾਮਲ ਹਨ। ਡਾ ਮਨਜੀਤ ਸਿੰਘ ਬਲ ਦਾ ਸਮੁੱਚਾ ਪਰਿਵਾਰ ਪੜ੍ਹਿਆ ਲਿਖਿਆ ਹੈ ਇਸ ਲਈ ਪਰਿਵਾਰ ਦੇ ਸਾਰੇ ਮੈਂਬਰ ਉਸਨੂੰ ਪੂਰਾ ਸਾਥ ਦੇ ਰਹੇ ਹਨ। ਉਨ੍ਹਾਂ ਦੀ ਪਤਨੀ ਇੰਦਰਜੀਤ ਕੌਰ ਘਰੇਲੂ ਇਸਤਰੀ ਹੈ, ਜਿਸਨੇ ਡਾਕਟਰ ਮਨਜੀਤ ਸਿੰਘ ਦੇ ਰੁਝੇ ਰਹਿੰਦਿਆਂ ਆਪਣੇ ਬੱਚਿਆਂ ਦੀ ਪੜ੍ਹਾਈ ਦਾ ਪੂਰਾ ਧਿਆਨ ਰੱਖਿਆ ਹੈ। ਆਪਦੀ ਲੜਕਾ ਡਾ ਮਹਿਤਾਬ ਬਲ, ਲੜਕੀ ਡਾ ਸਿਮਰਨ ਅਤੇ ਜੁਆਈ ਡਾ ਉਪਿੰਦਰਧੀਰ ਸਿੰਘ ਸਾਰੇ ਡਾਕਟਰ ਹਨ।

ਬਿਊਟੀ ਟਿਪਸ

# ਚਿਹਰੇ ਉਤੇ ਵੈਕਸਿੰਗ ਕਿੰਨੀ ਸਹੀ

ਚਿਹਰੇ 'ਤੇ ਵੈਕਸਿੰਗ : ਬਿਊਟੀ ਐਕਸਪਰਟ ਦੀ ਮੰਨੀਏ ਤਾਂ ਵਾਰ-ਵਾਰ ਵੈਕਸਿੰਗ ਕਰਵਾਉਣ ਨਾਲ ਵਾਲ ਵਧਣ ਦੀ ਰਫਤਾਰ ਵੀ ਘੱਟ ਜਾਂਦੀ ਹੈ, ਪਰ ਇਹ ਬਹੁਤ ਦਰਦ ਵਾਲਾ ਹੁੰਦਾ ਹੈ ਕਿਉਂਕਿ ਇਸ ਵਿੱਚ ਚਮੜੀ 'ਤੇ ਵੈਕਸ ਲਾ ਕੇ ਉਸ ਨੂੰ ਇੱਕ ਸਟ੍ਰਿਪ ਨਾਲ ਢੱਕਿਆ ਜਾਂਦਾ ਹੈ ਤੇ ਕੁਝ ਦੇਰ ਬਾਅਦ ਉਸ ਸਟ੍ਰਿਪ ਨੂੰ ਵਾਲਾਂ ਦੇ ਵਧਣ ਦੀ ਉਲਟੀ ਦਿਸ਼ਾ ਵਿੱਚ ਜ਼ੋਰ ਨਾਲ ਖਿਚਿਆ ਜਾਂਦਾ ਹੈ, ਜਿਸ ਨਾਲ ਸਾਰੇ ਵਾਲ ਜੜ੍ਹ ਸਮੇਤ ਬਾਹਰ ਆ ਜਾਂਦੇ ਹਨ।



ਕਿਹੜੀਆਂ ਔਰਤਾਂ ਲਈ ਸਹੀ ਹੈ ਵੈਕਸਿੰਗ : ਜਿਨ੍ਹਾਂ ਲੋਕਾਂ ਦੇ ਚਿਹਰੇ 'ਤੇ ਬਹੁਤ ਜ਼ਿਆਦਾ ਵਾਲ ਹੋਣ, ਉਨ੍ਹਾਂ ਲਈ ਵੈਕਸਿੰਗ ਕਰਨਾ ਚੰਗਾ ਬਦਲ ਹੈ, ਕਿਉਂਕਿ ਉਨ੍ਹਾਂ ਲਈ ਥ੍ਰੈਡਿੰਗ ਬਹੁਤ ਸਮਾਂ ਲੈਣ ਵਾਲੀ ਸਿੱਧ ਹੋ ਸਕਦੀ ਹੈ। ਵੈਕਸਿੰਗ ਨਾਲ ਵਾਲ ਜੜ੍ਹੋਂ ਵੱਖ ਹੋ ਜਾਂਦੇ ਹਨ, ਜਿਸ ਤੋਂ ਬਾਅਦ ਚਮੜੀ ਮੁਲਾਇਮ ਤੇ ਚਮਕਦੀ ਹੈ। ਸਭ ਤੋਂ ਵੱਡੀ ਗੱਲ ਇਸ ਦਾ ਅਸਰ ਵੀ ਕਾਫੀ ਲੰਬੇ ਸਮੇਂ ਤੱਕ ਰਹਿੰਦਾ ਹੈ।

ਚਿਹਰੇ 'ਤੇ ਵੈਕਸਿੰਗ : ਰੈਗੂਲਰ ਵਕਫੇ 'ਤੇ ਵੈਕਸਿੰਗ ਕਰਾਉਣ ਨਾਲ ਚਿਹਰੇ 'ਤੇ ਮੌਜੂਦ ਦਾਗ-ਧੱਬਿਆਂ ਆਦਿ ਦੇ ਨਿਸ਼ਾਨਾ ਨੂੰ ਦੂਰ ਕੀਤਾ ਜਾ ਸਕਦਾ ਹੈ। ਉਂਝ ਵੀ ਲੇਜ਼ਰ ਤੇ ਐਲਕਟ੍ਰੋਲਿਸਿਸ ਦੇ ਮੁਕਾਬਲੇ ਇਹ ਕਾਫੀ ਸਸਤਾ ਹੈ, ਜਿਸ ਦੇ ਨਤੀਜੇ ਵੀ ਚੰਗੇ ਹੁੰਦੇ ਹਨ।

ਵੈਕਸਿੰਗ ਦਾ ਅਸਰ : ਪੂਰੇ ਚਿਹਰੇ ਦੀ ਵੈਕਸਿੰਗ ਵਿੱਚ ਕਾਫੀ ਦਰਦ ਹੁੰਦਾ ਹੈ ਤੇ ਕਈ ਵਾਰ ਵੈਕਸਿੰਗ ਤੋਂ ਬਾਅਦ ਲਾਲਗੀ ਆ ਜਾਂਦੀ ਹੈ। ਉਂਝ ਵੀ ਵੈਕਸ 'ਚ ਕਈ ਕੈਮੀਕਲਸ ਦੀ ਵਰਤੋਂ ਕੀਤੀ ਜਾਂਦੀ ਹੈ, ਜਿਨ੍ਹਾਂ ਕਾਰਨ ਸਕਿਨ 'ਚ ਇਨਫੈਕਸ਼ਨ ਹੋਣ ਦਾ ਖਤਰਾ ਕਾਫੀ ਵਧ ਜਾਂਦਾ ਹੈ। ਇਸ ਤੋਂ ਇਲਾਵਾ ਵੈਕਸਿੰਗ ਨਾਲ ਚਮੜੀ ਪਤਲੀ ਹੋਣ ਲੱਗਦੀ ਹੈ, ਜਿਸ ਕਾਰਨ ਚਮੜੀ 'ਤੇ ਬਲੱਡ ਪੈਚਿਸ ਦਿਸਣ ਲੱਗਦੇ ਹਨ। ਜੇ ਆਇਲੀ ਸਕਿਨ 'ਤੇ ਵੈਕਸਿੰਗ ਕੀਤੀ ਜਾਵੇ ਤਾਂ ਵੈਕਸਿੰਗ ਤੋਂ ਬਾਅਦ ਪਿੰਪਲਸ ਤੇ ਰੈਸ਼ਿਜ਼ ਦੀ ਸਮੱਸਿਆ ਵਧ ਜਾਂਦੀ ਹੈ। ਕਈ ਵਾਰ ਸਕਿਨ ਦੇ ਰੰਗ 'ਚ ਫਰਕ ਆਉਣ ਲੱਗਦਾ ਹੈ। ਵੈਕਸਿੰਗ ਕਰਵਾਉਣ ਤੋਂ ਬਾਅਦ ਘੱਟੋ-ਘੱਟ 24 ਘੰਟਿਆਂ ਤੱਕ ਬਾਹਰ ਧੁੱਪ ਵਿੱਚ ਨਹੀਂ ਜਾਣਾ ਚਾਹੀਦਾ।

ਸਾਵਧਾਨੀਆਂ

ਇਹ ਤਾਂ ਸਪੱਸ਼ਟ ਹੈ ਕਿ ਚਮੜੀ 'ਤੇ ਵੈਕਸਿੰਗ ਕਰਵਾਉਣਾ ਸਕਿਨ ਲਈ ਨੁਕਸਾਨਦਾਇਕ ਹੁੰਦਾ ਹੈ, ਪਰ ਕੁਝ ਸਾਵਧਾਨੀਆਂ ਵਰਤ ਕੇ ਕੁਝ ਹੱਦ ਤੱਕ ਇਨ੍ਹਾਂ ਸਮੱਸਿਆਵਾਂ ਨੂੰ ਘੱਟ ਕੀਤਾ ਜਾ ਸਕਦਾ ਹੈ।

FREDERICK BANTING
INTERNATIONAL SCHOOL

- CLASSES FROM KINDERGARTEN TO GRADE 12
- SMALL CLASS SIZE (MAX 19 STUDENTS PER CLASS)
- CELL PHONES NOT ALLOWED ON SCHOOL PROPERTY
- INNOVATIVE MATH PROGRAM AND NO USE OF CALCULATORS UNTIL GRADE 8
- ROBOTICS & STEM CLUB; MENTAL MATH; CHESS; MARTIAL ARTS; YOGA
- WESTERN DANCES (HIP HOP, JAZZ, BALLET, AND OTHERS); BHANGRA (PUNJABI FOLK DANCE); BOLLYWOOD DANCE
- FREE ACADEMIC HELP UNTIL 6:00 PM
- FRENCH LANGUAGE CLASSES BEGINNING FROM KINDERGARTEN




COVENTRY CAMPUS
21 Coventry Rd, Brampton, Ontario L6T 4V7
Phone: 647-407-4600
WWW.FBI.SCHOOL
INFO@FBS.SCHOOL

HIGHLIGHTS
- MID-TERM AND FINAL EXAMS BEGINNING AT GRADE 1
- INTENSIVE CARE UNIT FOR STUDENTS WHO NEED EXTRA HELP
- PARENT - PRINCIPAL MEETING EACH MONTH
- HOCKEY; BASKETBALL; SOCCER; FITNESS; AEROBICS

Avro Transport Inc.
Owner Operator/Single Drives & Team Drivers ਦੀ ਲੋੜ ਹੈ
Toronto to Montreal, Midwest & USA
Brand New Truck's Available
For Owner Operator:- $1.55
*Plates + Insurance + Tolls will be paid by Company
For Drivers:- $0.58 + $0.02
*Safety Bonus
For Team Drivers:- $0.70
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Ph: 416-896-1313

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।

FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE Photo Not Available $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

FOR SALE $859,900 Bramalea/Sandalwood
4 ਬੈਡਰੂਮ, 3 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, ਪਾਈ ਸ਼ੇਪ ਲੌਟ, ਪੋਟ ਲਾਈਟ, ਸੀਰਾਮਿਕ ਫਲੋਰ, ਰੂਫ ਸ਼ਿੰਗਲ 2015 ਵਿਚ ਬਦਲੇ ਹਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ



# ਚਾਰ ਪੁਲਸ ਵਾਲਿਆਂ ਉੱਤੇ ਭ੍ਰਿਸ਼ਟਾਚਾਰ ਐਕਟ ਦਾ ਕੇਸ ਦਰਜ

ਬੱਧਨੀ ਕਲਾਂ, 9 ਅਕਤੂਬਰ (ਪੋਸਟ ਬਿਊਰੋ)- ਥਾਣਾ ਬੱਧਨੀ ਕਲਾਂ ਦੇ ਕਿਸੇ ਸਮੇਂ ਦੇ ਮੁਖੀ ਇੰਸਪੈਕਟਰ ਗੁਰਪਿਆਰ ਸਿੰਘ ਸਮੇਤ ਚਾਰ ਪੁਲਸ ਵਾਲਿਆਂ 'ਤੇ ਕਰਿੱਪਸ਼ਨ ਐਕਟ ਹੇਠ ਕੱਲ੍ਹ ਕੇਸ ਦਰਜ ਕੀਤਾ ਗਿਆ ਹੈ।

ਕਾਂਗਰਸ ਆਗੂ ਸੁਰਜੀਤ ਸਿੰਘ ਮੀਤਾ ਭਾਊ ਰਣੀਆਂ ਅਤੇ ਜਸਵੰਤ ਸਿੰਘ ਪੱਪੀ ਰਾਉਕੇ ਕਲਾਂ ਨੇ ਸਪੈਸ਼ਲ ਟਾਸਕ ਫੋਰਸ ਪੰਜਾਬ ਚੰਡੀਗੜ੍ਹ ਨੂੰ ਕੀਤੀ ਸ਼ਿਕਾਇਤ ਵਿੱਚ ਦੋਸ਼ ਲਾਇਆ ਸੀ ਕਿ ਇੰਸਪੈਕਟਰ ਗੁਰਪਿਆਰ ਸਿੰਘ, ਜੋ ਬੱਧਨੀ ਕਲਾਂ ਥਾਣੇ ਦਾ ਐੱਸ ਐੱਚ ਓ ਲੱਗਾ ਹੋਇਆ ਸੀ, ਨੇ ਮਿਤੀ 28 ਮਈ 2017 ਨੂੰ ਪਿੰਡ ਲੰਡੇਕੇ ਕੋਲੋਂ ਮੁਖਬਰੀ ਦੇ ਆਧਾਰ ਉੱਤੇ ਇੱਕ ਛੋਟਾ ਹਾਥੀ ਰੋਕ ਕੇ ਉਸ 'ਚੋਂ ਚੂਰਾ ਪੋਸਤ ਦੇ 15 ਗੱਟੇ ਬਰਾਮਦ ਕੀਤੇ ਅਤੇ ਬਾਅਦ ਵਿੱਚ ਉਹ ਬੱਧਨੀ ਕਲਾਂ ਵਿਖੇ ਆਪਣੀ ਪ੍ਰਾਈਵੇਟ ਰਿਹਾਇਸ਼ ਉਪਰ ਉਕਤ ਕੈਂਟਰ ਨੂੰ ਸਮੇਤ ਚਾਲਕਾਂ ਦੇ ਲੈ ਆਇਆ, ਜਿੱਥੇ ਉਸ ਨੇ ਅਗਲੇ ਦਿਨ ਬਦਨੀਤੀ ਨਾਲ ਚੂਰਾ ਪੋਸਤ ਦੇ ਕੁਝ ਗੱਟਿਆਂ 'ਚ ਤਿੰਨ ਕੁਇੰਟਲ ਪਸ਼ੂਆਂ ਵਾਲੀ ਫੀਡ ਮੰਗਵਾ ਕੇ ਮਿਲਾ ਦਿੱਤੀ ਤੇ ਬਾਕੀ ਦੇ ਅਸਲੀ ਚੂਰਾ ਪੋਸਤ ਦੇ ਗੱਟੇ ਆਪਣੇ ਕੋਲ ਰੱਖ ਕੇ ਕੇਸ ਨੂੰ ਅੰਦਰ ਖਾਤੇ ਦਬਾਉਣ ਲਈ ਯਤਨ ਕੀਤਾ। ਜਦੋਂ ਅਸੀਂ ਕਈ ਅਧਿਕਾਰੀਆਂ ਦੇ ਧਿਆਨ ਵਿੱਚ ਇਹ ਮਾਮਲਾ ਲਿਆਂਦਾ ਤਾਂ ਪੋਚਾ-ਪਾਚੀ ਕਰ ਕੇ ਰਫਾ-ਦਫਾ ਕਰ ਦਿੱਤਾ ਗਿਆ। ਇਸ ਸ਼ਿਕਾਇਤ ਨੂੰ ਗੰਭੀਰਤਾ ਨਾਲ ਲੈਂਦਿਆਂ ਏ ਆਈ ਜੀ, ਸਪੈਸ਼ਲ ਟਾਸਕ ਫੋਰਸ ਸਨੇਹਦੀਪ ਸ਼ਰਮਾ ਨੂੰ ਕੇਸ ਦੀ ਜਾਂਚ ਕਰਨ ਲਈ ਕਿਹਾ ਗਿਆ ਜਿਨ੍ਹਾਂ ਨੇ ਗਵਾਹਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਆਈ ਜੀ ਸਪੈਸ਼ਲ ਟਾਸਕ ਫੋਰਸ ਬਠਿੰਡਾ ਜ਼ੋਨ ਅਤੇ ਡੀ ਜੀ ਪੀ ਚੰਡੀਗੜ੍ਹ ਨੂੰ ਜਾਂਚ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਮਾਮਲਾ ਮੁੱਖ ਮੰਤਰੀ ਦੇ ਓ ਐੱਸ ਡੀ ਸੰਦੀਪ ਸੰਧੂ ਦੇ ਧਿਆਨ ਵਿੱਚ ਵੀ ਕਾਂਗਰਸ ਦੀ ਲੀਡਰਾਂ ਨੇ ਲਿਆਂਦਾ ਸੀ। ਇਸ ਘਟਨਾਕ੍ਰਮ ਤੋਂ ਬਾਅਦ ਥਾਣਾ ਬੱਧਨੀ ਕਲਾਂ ਵਿਖੇ ਇੰਸਪੈਕਟਰ ਗੁਰਪਿਆਰ ਸਿੰਘ, ਹੌਲਦਾਰ ਲਾਲ ਚੰਦ, ਹੌਲਦਾਰ ਰੇਸ਼ਮ ਸਿੰਘ ਅਤੇ ਸਿਪਾਹੀ ਗੁਰਦੀਪ ਸਿੰਘ ਉਪਰ ਮਾਮਲਾ ਦਰਜ ਕਰ ਲਿਆ ਗਿਆ ਹੈ।

# ਸ਼ਹੀਦ ਫੌਜੀ ਦੀ ਪਤਨੀ ਤੋਂ ਰਿਸ਼ਵਤ ਫੜਨ ਲੱਗਾ ਫੂਡ ਸਪਲਾਈ ਇੰਸਪੈਕਟਰ ਫਸਿਆ

ਮਾਨਸਾ, 9 ਅਕਤੂਬਰ (ਪੋਸਟ ਬਿਊਰੋ)- ਵਿਜੀਲੈਂਸ ਵਿਭਾਗ ਮਾਨਸਾ ਨੇ ਫੂਡ ਸਪਲਾਈ ਦਫਤਰ ਵਿੱਚ ਇੰਸਪੈਕਟਰ ਨੂੰ ਰਿਸ਼ਵਤ ਲੈਣ ਦੇ ਦੋਸ਼ ਵਿੱਚ ਰੰਗੇ ਹੱਥੀਂ ਫੜਿਆ ਹੈ। ਉਸ ਨੇ 28 ਸਾਲ ਪਹਿਲਾਂ ਭਾਰਤੀ ਫੌਜ ਦੇ ਸ਼ਹੀਦ ਹੋਏ ਸਿਪਾਹੀ ਬਲਜਿੰਦਰ ਸਿੰਘ ਦੀ ਪਤਨੀ ਪਰਮਜੀਤ ਕੌਰ, ਜੋ ਰਾਸ਼ਨ ਡਿਪੂ ਚਲਾਉਂਦੀ ਹੈ, ਕੋਲੋਂ ਰਿਸ਼ਵਤ ਮੰਗੀ ਸੀ।



ਇਸ ਬਾਰੇ ਵਿਜੀਲੈਂਸ ਵਿਭਾਗ ਮਾਨਸਾ ਦੇ ਇੰਸਪੈਕਟਰ ਸਤਪਾਲ ਸਿੰਘ ਨੇ ਦੱਸਿਆ ਕਿ ਭੀਖੀ ਦੇ ਡਿਪੂ ਹੋਲਡਰ ਪਰਮਜੀਤ ਕੌਰ ਦੇ ਸਹੁਰਾ ਭਰਪੂਰ ਸਿੰਘ ਤੋਂ ਭੀਖੀ ਦੇ ਫੂਡ ਸਪਲਾਈ ਦਫਤਰ ਦੇ ਇੰਸਪੈਕਟਰ ਮੁਨੀਸ਼ ਕੁਮਾਰ ਵਾਸੀ ਬਰਨਾਲਾ ਨੇ ਆਟਾ ਦਾਲ ਸਕੀਮ ਦੀ ਕਣਕ ਦੀ ਢੁਆਈ ਦੇ ਬਿੱਲ ਪਾਸ ਕਰਾਉਣ ਦੀ ਪੰਜ ਹਜ਼ਾਰ ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਇਸ ਦਾ ਸੌਦਾ ਚਾਰ ਹਜ਼ਾਰ ਰੁਪਏ ਵਿੱਚ ਤੈਅ ਹੋ ਗਿਆ। ਉਨ੍ਹਾਂ ਦੱਸਿਆ ਕਿ ਕੱਲ੍ਹ ਇੰਸਪੈਕਟਰ ਮੁਨੀਸ਼ ਕੁਮਾਰ ਨੂੰ ਭਰਪੂਰ ਸਿੰਘ ਕੋਲੋਂ ਚਾਰ ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਹੈ ਅਤੇ ਅਗਲੇਰੀ ਕਾਰਵਾਈ ਜਾਰੀ ਹੈ। ਭਰਪੂਰ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤਰ ਬਲਜਿੰਦਰ ਸਿੰਘ ਫੌਜ ਵਿੱਚ ਸੀ, ਜੋ 28 ਸਾਲ ਪਹਿਲਾਂ ਸ਼ਹੀਦ ਹੋ ਗਿਆ ਸੀ। ਉਸ ਦੀ ਪਤਨੀ ਨੂੰ ਸਰਕਾਰ ਨੇ ਰਾਸ਼ਨ ਡਿਪੂ ਅਲਾਟ ਕੀਤਾ ਸੀ। ਡਿਪੂ ਦੇ ਢੁਆਈ ਦੇ ਬਿੱਲ ਪਾਸ ਕਰਾਉਣ ਲਈ ਇੰਸਪੈਕਟਰ ਮੁਨੀਸ਼ ਕੁਮਾਰ ਰਿਸ਼ਵਤ ਦੀ ਮੰਗ ਕਰਦਾ ਸੀ। ਉਹ ਉਨ੍ਹਾਂ ਨੂੰ ਕਈ ਦਿਨਾਂ ਤੋਂ ਪ੍ਰੇਸ਼ਾਨ ਕਰ ਰਿਹਾ ਸੀ, ਜਿਸ ਦੀ ਸ਼ਿਕਾਇਤ ਉਨ੍ਹਾਂ ਵਿਜੀਲੈਂਸ ਵਿਭਾਗ ਮਾਨਸਾ ਨੂੰ ਕੀਤੀ। ਇਸ 'ਤੇ ਕਾਰਵਾਈ ਕਰਦਿਆਂ ਇੰਸਪੈਕਟਰ ਵਿਜੀਲੈਂਸ ਸਤਪਾਲ ਸਿੰਘ ਤੇ ਉਨ੍ਹਾਂ ਦੀ ਟੀਮ ਨੇ ਰੇਡ ਕਰਕੇ ਇੰਸਪੈਕਟਰ ਨੂੰ ਰੰਗੇ ਹੱਥੀਂ ਗ੍ਰਿਫਤਾਰ ਕੀਤਾ। ਉਸ ਖਿਲਾਫ ਵਿਜੀਲੈਂਸ ਬਠਿੰਡਾ ਵਿੱਚ ਕੇਸ ਦਰਜ ਕੀਤਾ ਗਿਆ ਹੈ।

# ਅਕਾਲੀਆਂ ਨੇ ਪਟਿਆਲਾ ਰੈਲੀ ਵਿੱਚ ਪੈੱਗ ਲਵਾਏ, ਫੋਟੋ ਵਾਇਰਲ

ਫਤਹਿਗੜ੍ਹ ਸਾਹਿਬ, 9 ਅਕਤੂਬਰ (ਪੋਸਟ ਬਿਊਰੋ)- ਅਕਾਲੀ ਦਲ ਦੀ ਪਟਿਆਲਾ 'ਚ ਜਬਰ ਵਿਰੋਧੀ ਰੈਲੀ ਤੋਂ ਬਾਅਦ ਰੈਲੀ 'ਚ ਸ਼ਾਮਲ ਹੋਏ ਵਰਕਰਾਂ ਨੂੰ ਅਕਾਲੀ ਆਗੂਆਂ ਨੇ ਸਰਹਿੰਦ ਪਟਿਆਲਾ ਰੋਡ 'ਤੇ ਇਕ ਪੈਲੇਸ 'ਚ ਅੰਗਰੇਜ਼ੀ ਸ਼ਰਾਬ ਪਿਲਾਈ ਗਈ, ਜਿਸ ਬਾਰੇ ਵਾਇਰਲ ਹੋਇਆ ਇਕ ਵੀਡੀਓ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਸ ਅਕਾਲੀ ਦਲ ਦੇ ਕਈ ਲੋਕ ਟੱਪਾਂ 'ਚ ਭਰ ਕੇ ਪਲਾਸਟਿਕ ਦੇ ਗਲਾਸਾਂ 'ਚ ਸ਼ਰਾਬ ਵੰਡ ਰਹੇ ਹਨ।

ਸ਼ਰਾਬ ਪਿਲਾਉਣ ਦੀ ਇਸ ਘਟਨਾ ਪੁਲਸ ਅਤੇ ਐਕਸਾਈਜ਼ ਵਿਭਾਗ ਕੋਲ ਪਹੁੰਚੀ ਤਾਂ ਵਿਭਾਗਾਂ ਦੀਆਂ ਟੀਮਾਂ ਨੇ ਮੌਕੇ ਉਤੇ ਜਾ ਕੇ ਜਾਂਚ ਸ਼ੁਰੂ ਕਰ ਦਿੱਤੀ ਤਾਂ ਉਹ ਲੋਕ ਖਿਸ ਗਏ। ਪੁਲਸ ਨੇ ਮੌਕੇ ਤੋਂ ਅੰਗਰੇਜ਼ੀ ਸ਼ਰਾਬ ਦੀਆਂ ਪੇਟੀਆਂ ਬਰਾਮਦ ਕੀਤੀਆਂ ਅਤੇ ਇਸ ਬਾਰੇ ਪੈਲੇਸ ਮਾਲਕ ਕਰਮਜੀਤ ਖਾਨ ਖਿਲਾਫ ਐਕਸਾਈਜ਼ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਥਾਣਾ ਮੂਲੇਪੁਰ ਦੇ ਮੁਖੀ ਪ੍ਰਦੀਪ ਸਿੰਘ ਬਾਜਵਾ ਅਤੇ



*ਰੈਲੀ ਤੋਂ ਬਾਅਦ ਗੱਡੀ ਵਿਚ ਰੱਖੀ ਸ਼ਰਾਬ ਨਾਲ ਅਕਾਲੀ ਵਰਕਰ।*

ਐਕਸਾਈਜ਼ ਵਿਭਾਗ ਦੇ ਇੰਸਪੈਕਟਰ ਸਤਵਿੰਦਰ ਸਿੰਘ ਖੱਟੜਾ ਨੇ ਦੱਸਿਆ ਕਿ ਸਰਹਿੰਦ ਪਟਿਆਲਾ ਜਖਵਾਲੀ ਇਲਾਕੇ 'ਚ ਬਲੀਮ ਪੈਲੇਸ 'ਚ ਨਾਜਾਇਜ਼ ਢੰਗ ਨਾਲ ਸ਼ਰਾਬ ਪਿਲਾਉਣ ਦੀ ਸੂਚਨਾ ਮਿਲੀ ਸੀ, ਜਿਸ ਉਤੇ ਉਨ੍ਹਾਂ ਪੈਲੇਸ 'ਚ ਰੇਡ ਕੀਤੀ, ਜਿਥੋਂ ਅੰਗਰੇਜ਼ੀ ਸ਼ਰਾਬ ਦੀਆਂ 27 ਪੇਟੀਆਂ ਅਤੇ ਇਕ ਖਾਲੀ ਪੇਟੀ ਬਰਾਮਦ ਕਰਕੇ ਪੈਲੇਸ ਮਾਲਕ ਖਿਲਾਫ ਐਕਸਾਈਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।

# ਨਾਜਾਇਜ਼ ਉਸਾਰੀਆਂ ਰੈਗੂਲਰ ਕਰਨ ਦੀ ਨਵੀਂ ਨੀਤੀ ਆਵੇਗੀ



ਚੰਡੀਗੜ੍ਹ, 9 ਅਕਤੂਬਰ (ਪੋਸਟ ਬਿਊਰੋ)- ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕੱਲ੍ਹ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਦੇ ਦਾਇਰੇ ਵਿੱਚ ਬਣੀਆਂ ਨਾਜਾਇਜ਼ ਇਮਾਰਤਾਂ ਨੂੰ ਨਿਯਮਤ ਕਰਨ ਸਬੰਧੀ ਯਕਮੁਸ਼ਤ ਨੀਤੀ ਲਿਆਉਣ ਸਬੰਧੀ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਨੀਤੀ ਨੂੰ ਕੈਬਨਿਟ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕਰ ਕੇ ਉਥੋਂ ਮਨਜ਼ੂਰ ਹੋਣ ਮਗਰੋਂ ਇਹ ਅਮਲ ਵਿੱਚ ਲਾਗੂ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਨੇ ਜਲੰਧਰ, ਅੰਮ੍ਰਿਤਸਰ, ਲੁਧਿਆਣਾ ਅਤੇ ਪਟਿਆਲੇ ਦੇ ਮੇਅਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀ ਰਾਏ ਲਈ ਸੀ। ਸੂਬੇ ਵਿੱਚ ਨਗਰ ਨਿਗਮਾਂ ਦੇ ਦਾਇਰੇ ਵਿੱਚ ਸਭ ਤੋਂ ਵੱਧ ਨਾਜਾਇਜ਼ ਨਿਰਮਾਣ ਜਲੰਧਰ, ਅੰਮ੍ਰਿਤਸਰ, ਲੁਧਿਆਣਾ ਤੇ ਪਟਿਆਲਾ ਵਿੱਚ ਹਨ। ਇਸ 'ਤੇ ਕਾਰਵਾਈ ਕਰਨ ਨੂੰ ਲੈ ਕੇ ਸਿੱਧੂ ਤੇ ਨਾਜਾਇਜ਼ ਇਮਾਰਤਾਂ ਦੇ ਮਾਲਕ ਲੰਘੇ ਛੇ ਮਹੀਨਿਆਂ ਤੋਂ ਆਹਮੋ ਸਾਹਮਣੇ ਹਨ। ਸਿੱਧੂ ਨੇ ਨਾਜਾਇਜ਼ ਕਾਲੋਨੀਆਂ ਨੂੰ ਰੈਗੂਲਰ ਕਰਨ ਦੇ ਕੇਸ ਵਿੱਚ ਨਵੀਂ ਨੀਤੀ ਬਣਾਉਣ ਦੀ ਗੱਲ ਕਹੀ, ਪਰ ਸਰਕਾਰ ਨੇ ਉਨ੍ਹਾਂ ਦੀ ਚੱਲਣ ਨਹੀਂ ਦਿੱਤੀ ਸੀ। ਸ਼ਹਿਰੀ ਵਿਕਾਸ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਅੱਗੇ ਹੋ ਕੇ ਨਾਜਾਇਜ਼ ਕਾਲੋਨੀਆਂ ਨੂੰ ਨਿਯਮਤ ਕਰਨ ਸਬੰਧੀ ਨਵੀਂ ਨੀਤੀ ਨੂੰ ਵਜ਼ਾਰਤ ਦੀ ਪਿਛਲੀ ਮੀਟਿੰਗ ਦੌਰਾਨ ਪ੍ਰਵਾਨ ਕੀਤਾ ਸੀ। ਸਿੱਧੂ ਉਸ ਨੀਤੀ ਨੂੰ ਪ੍ਰਵਾਨ ਕਰਨ ਦੇ ਹੱਕ ਵਿੱਚ ਨਹੀਂ ਸਨ। ਇਸ ਵਾਰੀ ਨਾਜਾਇਜ਼ ਉਸਾਰੀਆਂ ਨੂੰ ਰੈਗੂਲਰ ਕਰਨ ਦੀ ਵਾਰੀ ਹੈ। ਸਿੱਧੂ ਨੇ ਲੋਕਲ ਬਾਡੀਜ਼ ਵਿਭਾਗ ਦੀ ਤਿਆਰ ਕੀਤੀ ਨੀਤੀ ਨੂੰ ਮੇਅਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀ ਰਾਏ ਲੈਣ ਪਿੱਛੋਂ ਕਲੀਨ ਚਿੱਟ ਦੇ ਦਿੱਤੀ ਹੈ। ਸਿੱਧੂ ਨੇ ਦੱਸਿਆ ਕਿ ਇਹ ਨੀਤੀ ਵਜ਼ਾਰਤ ਦੀ ਮੀਟਿੰਗ ਕਰਕੇ ਬੈਠਕ ਵਿੱਚ ਪੇਸ਼ ਕਰਨ ਲਈ ਭੇਜ ਦਿੱਤੀ ਗਈ ਹੈ।

# ਗਲੋਬਲ ਕਬੱਡੀ ਲੀਗ 14 ਅਕਤੂਬਰ ਤੋਂ ਜਲੰਧਰ ਵਿੱਚ ਸ਼ੁਰੂ ਹੋਵੇਗੀ

ਚੰਡੀਗੜ੍ਹ, 9 ਅਕਤੂਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ 14 ਅਕਤੂਬਰ ਤੋਂ ਤਿੰਨ ਨਵੰਬਰ ਤੱਕ ਕਰਵਾਈ ਜਾ ਰਹੀ ਗਲੋਬਲ ਕਬੱਡੀ ਲੀਗ ਦਾ ਉਦਘਾਟਨ ਜਲੰਧਰ ਦੇ ਬਰਲਟਨ ਪਾਰਕ ਦੇ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਹੋਵੇਗਾ। ਪ੍ਰਾਈਵੇਟ ਸਪਾਂਸਰ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਲੀਗ ਦੇ ਮੈਚ ਜਲੰਧਰ ਦੇ ਇਲਾਵਾ ਲੁਧਿਆਣਾ ਤੇ ਮੋਹਾਲੀ ਵਿੱਚ ਕਰਵਾਏ ਜਾਣਗੇ ਅਤੇ ਤਿੰਨ ਨਵੰਬਰ ਨੂੰ ਮੋਹਾਲੀ ਦੇ ਫੇਜ਼-9 ਦੇ ਹਾਕੀ ਸਟੇਡੀਅਮ ਵਿੱਚ ਫਾਈਨਲ ਤੇ ਸਮਾਪਤੀ ਸਮਾਰੋਹ ਹੋਵੇਗਾ ਜਿਸ ਦੇ ਮੁੱਖ ਮਹਿਮਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੋਣਗੇ।

ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਕੱਲ੍ਹ ਇਸ ਲੀਗ ਦੇ ਪ੍ਰਬੰਧਾਂ ਦੀ ਸਮੀਖਿਆ ਮੀਟਿੰਗ ਪਿੱਛੋਂ ਕਿਹਾ ਕਿ ਪੰਜਾਬੀਆਂ ਦੀ ਮਾਂ-ਖੇਡ ਦਾ ਪੱਧਰ ਉਚਾ ਚੁੱਕਣ ਲਈ ਪੰਜਾਬ ਸਰਕਾਰ ਲਗਾਤਾਰ ਕੋਸ਼ਿਸ਼ਾਂ ਕਰੇਗੀ। ਉਨਾਂ ਕਿਹਾ ਕਿ ਖੇਡ ਵਿਭਾਗ ਵੱਲੋਂ ਕਰਵਾਈ ਜਾ ਰਹੀ ਲੀਗ ਦਾ ਸਾਰਾ



ਖਰਚਾ ਪ੍ਰਾਈਵੇਟ ਸਪਾਂਸਰਾਂ ਵੱਲੋਂ ਚੁੱਕਿਆ ਜਾਏਗਾ। ਸਟੇਡੀਅਮ ਅਤੇ ਪ੍ਰਸ਼ਾਸਕੀ ਤੌਰ 'ਤੇ ਬਾਕੀ ਹਰ ਤਰ੍ਹਾਂ ਦੀ ਮਦਦ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾਏਗੀ। ਜਲੰਧਰ ਵਿੱਚ 14 ਤੋਂ 21 ਅਕਤੂਬਰ ਤੱਕ ਮੈਚ ਖੇਡੇ ਜਾਣਗੇ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਹਾਕੀ ਸਟੇਡੀਅਮ ਵਿੱਚ 24 ਤੋਂ 29 ਅਕਤੂਬਰ ਤੱਕ ਮੈਚ ਖੇਡੇ ਜਾਣਗੇ। ਇੱਕ ਤੋਂ ਤਿੰਨ ਨਵੰਬਰ ਤੱਕ ਮੋਹਾਲੀ ਵਿੱਚ ਫਾਈਨਲ ਅਤੇ ਸਮਾਪਤੀ ਸਮਾਰੋਹ ਸਣੇ ਹੋਰ ਮੈਚ ਖੇਡੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਦੀ ਚੀਫ ਪੈਟਨਰਸ਼ਿਪ ਹੇਠ ਜਿੱਥੇ ਸੂਬਾ ਪੱਧਰ 'ਤੇ ਬਣਾਈ ਕਮੇਟੀ ਲੀਗ ਦੇ ਪ੍ਰਬੰਧ ਦੇਖ ਰਹੀ ਹੈ ਉਥੇ ਹੀ ਤਿੰਨਾਂ ਸਥਾਨਾਂ 'ਤੇ ਜ਼ਿਲ੍ਹਾ ਪੱਧਰ ਦੀ ਕਮੇਟੀ ਬਣਾਈ ਗਈ ਹੈ। ਜਲੰਧਰ ਵਿੱਚ ਪਾਰਲੀਮੈਂਟ ਮੈਂਬਰ ਚੌਧਰੀ ਸੰਤੋਖ ਸਿੰਘ, ਲੁਧਿਆਣਾ ਵਿੱਚ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ, ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਅਤੇ ਮੋਹਾਲੀ ਵਿੱਚ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਅਗਵਾਈ ਵਿੱਚ ਕਮੇਟੀਆਂ ਬਣਾਈਆਂ ਹਨ, ਜਿਨ੍ਹਾਂ ਵਿੱਚ ਸਥਾਨਕ ਵਿਧਾਇਕ, ਸਿਵਲ ਅਤੇ ਪੁਲਸ ਅਧਿਕਾਰੀ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਦੀ ਕਬੱਡੀ ਲੀਗ ਵਿੱਚ ਛੇ ਟੀਮਾਂ ਹਿੱਸਾ ਲੈਣਗੀਆਂ ਜਿਨ੍ਹਾਂ ਦੇ ਨਾਂਅ ਕੈਲੀਫੋਰਨੀਆ ਈਗਲ (ਅਮਰੀਕਾ), ਮੈਪਲ ਲੀਫ (ਕੈਨੇਡਾ), ਸਿੰਘ ਵਾਰੀਅਰਸ (ਪੰਜਾਬ), ਬਲੈਕ ਪੈਂਥਰਜ਼ (ਫ੍ਰੀਜਨੋ, ਅਮਰੀਕਾ), ਹਰਿਆਣਾ ਲਾਇਨਸ (ਭਾਰਤ) ਅਤੇ ਦੋਆਬਾ ਵਾਈਅਰਸ (ਅਮਰੀਕਾ) ਹਨ। ਹਰ ਟੀਮ ਦੂਸਰੀ ਟੀਮ ਦੇ ਨਾਲ ਦੋ-ਦੋ ਮੈਚ ਖੇਡੇਗੀ ਅਤੇ ਇੱਕ ਟੀਮ ਕੁੱਲ 10 ਮੈਚ ਖੇਡੇਗੀ।

# ਪੰਜਾਬ ਵਿੱਚ ਹਰ ਦੂਸਰੇ ਖਾਣੇ 'ਚ ਮਿਲਾਵਟ ਮਿਲੀ

ਚੰਡੀਗੜ੍ਹ, 9 ਅਕਤੂਬਰ (ਪੋਸਟ ਬਿਊਰੋ)- ਖੁਰਾਕੀ ਵਸਤਾਂ ਵਿੱਚ ਮਿਲਾਵਟ ਦੇ ਖਿਲਾਫ ਮੁਹਿੰਮ ਅੱਗੇ ਵਧਣ ਲੱਗੀ ਹੈ। ਅੰਕੜਿਆਂ ਤੋਂ ਖੁਲਾਸਾ ਹੋਇਆ ਹੈ ਕਿ ਰਾਜ ਵਿੱਚ ਹਰ ਦੂਜੇ ਖਾਣੇ ਦੇ ਲਏ ਨਮੂਨੇ ਵਿੱਚ ਮਿਲਾਵਟ ਮਿਲੀ ਹੈ। ਪੰਜਾਬ ਦੀ ਖੁਰਾਕ ਅਤੇ ਡਰੱਗ ਅਥਾਰਟੀ ਵੱਲੋਂ ਇਕੱਠੇ ਕੀਤੇ ਅੰਕੜਿਆਂ ਮੁਤਾਬਕ ਅਗਸਤ ਮਹੀਨੇ ਵਿੱਚ ਲਏ ਗਏ ਨਮੂਨਿਆਂ ਵਿੱਚੋਂ 48.6 ਫੀਸਦੀ ਵਿੱਚ ਮਿਲਾਵਟ ਨਿਕਲੀ ਸੀ। ਸਤੰਬਰ ਵਿੱਚ ਵੀ ਇਹੋ ਜਿਹਾ ਅਨੁਪਾਤ ਰਿਹਾ ਸੀ। ਖੁਰਾਕੀ ਵਸਤਾਂ ਵਿੱਚ ਮਿਲਾਵਟ ਦੀ ਜਾਂਚ ਲਈ ਪੰਜਾਬ ਸਰਕਾਰ ਨੇ ਅਗਸਤ ਵਿੱਚ ਤੰਦਰੁਸਤ ਪੰਜਾਬ ਨਾਂ ਨਾਲ ਮੁਹਿੰਮ ਸ਼ੁਰੂ ਕੀਤੀ ਸੀ। ਇਸ ਤੋਂ ਪਹਿਲਾਂ ਬੀਤੇ ਚਾਰ ਸਾਲਾਂ ਵਿੱਚ ਮਿਲਾਵਟ ਦਾ ਅਨੁਪਾਤ 25 ਫੀਸਦੀ ਦੇ ਕਰੀਬ ਸੀ। ਇਨ੍ਹਾਂ ਦੋ ਮਹੀਨਿਆਂ ਵਿੱਚ ਲਏ ਗਏ ਨਮੂਨਿਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਬੀਤੇ ਛੇ ਸਾਲਾਂ ਵਿੱਚ ਸਰਕਾਰ ਸਾਲਾਨਾ ਅੱਠ ਹਜ਼ਾਰ ਨਮੂਨੇ ਇਕੱਠੇ ਕਰਦੀ ਸੀ, ਪਰ ਬੀਤੇ ਦੋ ਮਹੀਨਿਆਂ ਵਿੱਚ ਪ੍ਰਤੀ ਮਹੀਨਾ ਔਸਤ 1500 ਨਮੂਨੇ ਲਏ ਗਏ ਸਨ।

# ਮੁੱਕੇਬਾਜ਼ ਆਮਿਰ ਟਰਾਂਸਜੈਂਡਰ ਮਾਡਲ ਨੂੰ ਮੈਸੇਜ ਭੇਜ ਕੇ ਫਸਿਆ

ਜਲੰਧਰ, 9 ਅਕਤੂਬਰ (ਪੋਸਟ ਬਿਊਰੋ)- ਇੱਕ ਮਾਡਲ ਨਾਲ ਨੇੜਤਾ ਵਧਾ ਕੇ ਪਤਨੀ ਨਾਲ ਰਿਸ਼ਤਿਆਂ 'ਚ ਤਣਾਅ ਵਧਾ ਚੁੱਕਾ ਪ੍ਰਸਿੱਧ ਅਮਰੀਕੀ ਮੁੱਕੇਬਾਜ਼ ਆਮਿਰ ਖਾਨ ਇਸ ਵਾਰੀ ਇੱਕ ਟ੍ਰਾਂਸਜੈਂਡਰ ਮਾਡਲ ਨੂੰ ਮੈਸੇਜ ਭੇਜਣ ਨਾਲ ਚਰਚਾ 'ਚ ਆ ਗਿਆ ਹੈ। ਬਰਮਿੰਘਮ ਦੀ ਰਹਿਣ ਵਾਲੀ ਉਕਤ ਮਾਡਲ ਤਾਲੁਲਾ ਈਵ ਦਾ ਦਾਅਵਾ ਹੈ ਕਿ ਆਮਿਰ ਨੇ ਉਸ ਦੀ ਫੋਟੋ ਉੱਤੇ ਕੁਮੈਂਟ 'ਹੌਟ' ਕੀਤਾ ਸੀ। ਆਮਿਰ ਨੇ ਇਹ ਵੀ ਲਿਖਿਆ ਕਿ ਉਹ ਜਲਦੀ ਹੀ ਤਲਾਕ ਲੈਣ ਵਾਲਾ ਹੈ।

ਤਾਲੁਲਾ ਈਵ ਨੇ ਕਿਹਾ ਕਿ ਉਹ ਆਮਿਰ ਦੇ ਇਸ ਵਤੀਰੇ ਤੋਂ ਉਹ ਹੈਰਾਨ ਰਹਿ ਗਈ। ਉਸ ਨੂੰ ਸਮਝ ਨਹੀਂ ਸੀ ਆਇਆ ਕਿ ਆਖਿਰ ਇੰਨੀ ਸੋਹਣੀ ਪਤਨੀ ਫਰੀਲ ਮੁਖਦੂਮ ਅਤੇ ਦੋ ਬੱਚਿਆਂ ਦਾ ਪਿਓ ਅਜਿਹਾ ਕਿਵੇਂ ਕਰ ਸਕਦਾ ਹੈ। ਸਾਲ 2016 ਦੇ ਰਿਐਲਿਟੀ ਸ਼ੋਅ ਬ੍ਰਿਟੇਨ ਨੈਕਸਟ ਟਾਪ ਮਾਡਲ ਨਾਲ ਮਾਡਲਿੰਗ ਜਗਤ ਵਿੱਚ ਨਵਾਂ ਮੁਕਾਮ ਹਾਸਲ ਕਰਨ ਵਾਲੀ ਤਾਲੁਲਾ ਨੇ ਕਿਹਾ ਕਿ ਉਸ ਨੂੰ ਆਮਿਰ ਦਾ ਇਰਾਦਾ ਠੀਕ ਨਹੀਂ ਲੱਗਦਾ ਸੀ, ਇਸ ਲਈ ਉਸ ਨੇ ਉਸ ਦੇ ਮੈਸੇਜ ਦਾ ਰਿਪਲਾਈ ਨਾ ਕਰ ਕੇ ਗੱਲ ਖਤਮ ਕਰ ਦਿੱਤੀ। ਵਰਨਣ ਯੋਗ ਹੈ ਕਿ ਆਮਿਰ ਅਤੇ ਫਰੀਲ ਦਾ ਵਿਆਹ 2013 'ਚ ਹੋਇਆ ਸੀ। ਪਿਛਲੇ ਸਾਲ ਬਿਊਟੀਸ਼ੀਅਨ ਨਾਲ ਨੇੜਤਾ ਵਧਾਉਂਦੇ ਫੜੇ ਗਏ ਆਮਿਰ ਦੀ ਆਪਣੀ ਪਤਨੀ ਨਾਲ ਅਣਬਣ ਹੋ ਗਈ ਸੀ। ਆਖਿਰ ਕਈ ਮਹੀਨਿਆਂ ਬਾਅਦ ਜਦੋਂ ਮਾਮਲਾ ਸੁਲਝਿਆ ਤਾਂ ਹੁਣ ਟਰਾਂਸਜੈਂਡਰ ਮਾਡਲ ਨੂੰ ਮੈਸੇਜ ਭੇਜਣ ਦਾ ਵਿਵਾਦ ਸਿਰ ਚੁੱਕਣ ਲੱਗਾ ਹੈ।


ਮੰਨ ਪਸੰਦ ਦੀ Kitchen and Washroom ਬਣਵਾਓ

Pearson
Kitchen & Cabinet

Free Estimate
We Specialize in granite, quartz & marble countertops

We Specialize In:

100% Satisfaction On Time





- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor


ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory


271 - Glidden Rd. Unit#5, Brampton (Kennedy&Glidden)

Condo Townhouse for sale.



$559,000

100 Brickyard Way Unit #66, Brampton



ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਊਨ ਹਾਊਸ

A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities



KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com

Century 21 President Realty Inc. Brokerage*

Looking For a Nest..? Call the Best



UPPAL LAW

FREE CONSULTATION !

Avtar Uppal
Manager

Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

JEYA

LOOKING FOR LONG/SHORT HAULS

Hiring Team Drivers & Single drivers
DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS



www.jeyatransport.com

202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

## ਤ੍ਰਿਪੁਰਾ ਵਿੱਚ ਐੱਨ ਆਰ ਸੀ ਨੂੰ ਲਾਗੂ ਕਰਨ ਲਈ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ

* ਕੋਰਟ ਨੇ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ



ਨਵੀਂ ਦਿੱਲੀ, 9 ਅਕਤੂਬਰ (ਪੋਸਟ ਬਿਊਰੋ)- ਤ੍ਰਿਪੁਰਾ ਵਿੱਚ ਐੱਨ ਆਰ ਸੀ (ਨੈਸ਼ਨਲ ਸਿਟੀਜ਼ਨਸ਼ਿਪ ਰਜਿਸਟਰ) ਤਿਆਰ ਕਰਨ ਦੀ ਮੰਗ ਬਾਰੇ ਦਾਇਰ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਤੋਂ ਜਵਾਬ ਮੰਗਿਆ ਹੈ। ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਐੱਸ ਕੇ ਕੌਲ ਅਤੇ ਜਸਟਿਸ ਕੇ ਐੱਮ ਜੋਸੇਫ ਦੀ ਬੈਂਚ ਨੇ ਟੀ ਪੀ ਐੱਫ ਵੱਲੋਂ ਦਾਇਰ ਪਟੀਸ਼ਨ 'ਤੇ ਕੱਲ੍ਹ ਸੁਣਵਾਈ ਕਰਦੇ ਹੋਏ ਇਸ ਪਟੀਸ਼ਨ ਨੂੰ ਆਸਾਮ ਦੇ ਐੱਨ ਆਰ ਸੀ ਮੁੱਦੇ ਦੇ ਨਾਲ ਨੱਥੀ ਕਰਨ ਦਾ ਹੁਕਮ ਦਿੱਤਾ। ਪਟੀਸ਼ਨ ਵਿੱਚ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਪਛਾਣ ਲਈ ਤ੍ਰਿਪੁਰਾ ਵਿੱਚ ਐੱਨ ਆਰ ਸੀ ਨੂੰ ਲਾਗੂ ਕਨਰ ਦੀ ਮੰਗ ਕੀਤੀ ਗਈ ਹੈ।

ਪਟੀਸ਼ਨ ਕਰਤਾ ਵੱਲੋਂ ਪੇਸ਼ ਵਕੀਲ ਕੇ ਐੱਨ ਚੌਧਰੀ ਅਤੇ ਮਨੀਸ਼ ਗੋਸਵਾਮੀ ਨੇ ਦਲੀਲ ਦਿੱਤੀ ਕਿ ਬੰਗਲਾ ਦੇਸ਼ ਵੱਲੋਂ ਘੁਸਪੈਠ ਦੀ ਸਮੱਸਿਆ ਆਸਾਮ ਦੇ ਮੁਕਾਬਲੇ ਤ੍ਰਿਪੁਰਾ ਵਿੱਚ ਵੱਧ ਹੈ। ਤ੍ਰਿਪੁਰਾ ਵਿੱਚ ਐੱਨ ਆਰ ਸੀ 1951 ਵਿੱਚ ਤਿਆਰ ਕੀਤੀ ਗਈ ਸੀ। ਹੁਣ ਇੱਕ ਵਾਰ ਫਿਰ ਅਪਡੇਟ ਕਰਨ ਦੀ ਜ਼ਰੂਰਤ ਹੈ। ਭਾਜਪਾ ਦੇ ਕਈ ਨੇਤਾਵਾਂ ਵੱਲੋਂ ਦੇਸ਼ ਭਰ ਵਿੱਚ ਐੱਨ ਆਰ ਸੀ ਲਾਗੂ ਕਰਨ ਦੇ ਬਿਆਨਾਂ ਦੇ ਵਿੱਚ ਕੇਂਦਰ ਸਰਕਾਰ ਨੇ ਬੀਤੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਉਸ ਦੀ ਤ੍ਰਿਪੁਰਾ ਵਿੱਚ ਐੱਨ ਆਰ ਸੀ ਲਾਗੂ ਕਰਨ ਦੀ ਕੋਈ ਯੋਜਨਾ ਨਹੀਂ ਹੈ।

## ਬਕਸਰ ਵਿੱਚ ਥਾਣੇਦਾਰ ਨੇ ਛੇ ਲੱਖ ਵਿੱਚ ਥਾਣੇ ਦੀ ਜ਼ਮੀਨ ਵੇਚੀ

ਬਕਸਰ, 9 ਅਕਤੂਬਰ (ਪੋਸਟ ਬਿਊਰੋ)- ਨਾਵਾਨਗਰ ਥਾਣੇ ਦੇ ਥਾਣੇਦਾਰ ਮੁਹੰਮਦ ਜੁਨੈਦ ਆਲਮ ਨੇ ਥਾਣੇ ਦੀ ਜ਼ਮੀਨ ਹੀ ਵੇਚ ਦਿੱਤੀ। ਕਰੀਬ 10 ਫੁੱਟ ਚੌੜੀ ਤੇ ਚਾਲੀ ਫੁੱਟ ਲੰਬੀ ਜ਼ਮੀਨ ਦਾ ਪਲਾਟ ਚਾਲੀ ਲੱਖ ਰੁਪਏ ਵਿੱਚ ਵੇਚਿਆ ਗਿਆ। ਸ਼ਿਕਾਇਤ ਲੈ ਕੇ ਪਿੰਡ ਵਾਸੀ ਐੱਸ ਪੀ ਦੇ ਕੋਲ ਪਹੁੰਚੇ ਤਾਂ ਜਾਂਚ ਵਿੱਚ ਸਾਰੀ ਧੋਖਾਧੜੀ ਦਾ ਖੁਲਾਸਾ ਹੋਇਆ। ਐੱਸ ਪੀ ਦੇ ਹੁਕਮ ਉੱਤੇ ਕੱਲ੍ਹ ਡੁਮਰਾਂਵ ਸਬ ਡਵੀਜ਼ਨਲ ਪੁਲਸ ਅਫਸਰ ਕੇ ਕੇ ਸਿੰਘ ਅਤੇ ਡੁਮਰਾਂਵ ਸਰਕਲ ਦੇ ਇੰਸਪੈਕਟਰ ਅਵਿਨਾਸ਼ ਕੁਮਾਰ ਜਾਂਚ ਕਰਨ ਲਈ ਥਾਣੇ ਪਹੁੰਚੇ ਤਾਂ ਪਤਾ ਲੱਗਾ ਕਿ ਜ਼ਮੀਨ ਦਾ ਕਬਜ਼ਾ ਵੀ ਦੇ ਦਿੱਤਾ ਹੈ। ਇਸ ਦੇ ਲਈ ਥਾਣੇ ਦੀ ਬਾਊਂਡਰੀ ਤੋੜ ਕੇ ਅੰਦਰ ਕੀਤੀ ਗਈ। ਬਾਊਂਡਰੀ ਨੂੰ ਰਾਤੋ-ਰਾਤ ਤੋੜ ਕੇ ਉਥੇ ਪ੍ਰਾਈਵੇਟ ਗੇਟ ਲਗਵਾ ਦਿੱਤਾ ਗਿਆ। ਰੌਲਾ ਪੈਣ ਦੇ ਬਾਅਦ ਥਾਣੇਦਾਰ ਨੇ ਸਫਾਈ ਦਿੱਤੀ ਕਿ ਇੱਕ ਪ੍ਰਾਈਵੇਟ ਪਲਾਟ ਨੂੰ ਰਸਤਾ ਨਹੀਂ ਸੀ, ਇਸ ਲਈ ਸਾਬਕਾ ਐੱਸ ਪੀ ਰਾਕੇਸ਼ ਕੁਮਾਰ ਦੇ ਕਹੇ ਉੱਤੇ ਥਾਣੇ ਦੀ ਜ਼ਮੀਨ ਦਿੱਤੀ ਗਈ ਹੈ, ਪਰ ਇਸ ਦੇ ਬਦਲੇ ਪੈਸੇ ਲੈਣ ਦੀ ਗੱਲ ਗਲਤ ਹੈ।

## ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਚੁੱਪ-ਚੁਪੀਤੇ ਸਮਾਪਤੀ ਵੱਲ ਵਧੀ



ਚੰਡੀਗੜ੍ਹ, 9 ਅਕਤੂਬਰ (ਪੋਸਟ ਬਿਊਰੋ)- ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਭੋਗ ਪੈ ਗਿਆ ਜਾਪਦਾ ਹੈ। ਇਸ ਰਾਜ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੱਲੋਂ ਇਸ ਕਮੇਟੀ ਦੇ ਗਠਨ ਦੇ ਅਠ੍ਹਾਰਾਂ ਮਹੀਨੇ ਬਾਅਦ ਇਸ ਦੀ ਮਿਆਦ ਮੁੱਕ ਗਈ ਸੀ, ਪਰ ਅਹੁਦੇਦਾਰ ਹਾਲੇ ਵੀ ਓਸੇ ਅਹੁਦੇ ਦੀ ਵਰਤੋਂ ਕਰ ਰਹੇ ਹਨ। ਇਸ ਕਮੇਟੀ ਦੇ ਕੋਲ ਇਸ ਵੇਲੇ ਹਰਿਆਣਾ ਦੇ ਕੇਵਲ ਪੰਜ ਗੁਰਦੁਆਰਿਆਂ ਦਾ ਪ੍ਰਬੰਧ ਹੈ, ਸਾਰੇ ਗੁਰਦੁਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੇ ਹੋਏ ਹਨ। ਹਰਿਆਣਾ ਕਮੇਟੀ ਦੇ ਸਾਬਕਾ ਅਹੁਦੇਦਾਰਾਂ ਨੇ ਚੋਣਾਂ ਨੇੜੇ ਆਉਂਦੀਆਂ ਵੇਖ ਕੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੇ ਗਠਨ ਲਈ ਮੁੜ ਤੋਂ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਦਾ ਐਲਾਨ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ 11 ਜੁਲਾਈ 2014 ਨੂੰ ਕੀਤਾ ਸੀ। ਇਸ ਤੋਂ ਪਹਿਲਾਂ ਹਰਿਆਣਾ ਦੀ ਅਸੈਂਬਲੀ ਵਿੱਚ ਬਕਾਇਦਾ ਐਕਟ ਬਣਾਇਆ ਗਿਆ ਸੀ। ਸਾਬਕਾ ਮੁੱਖ ਮੰਤਰੀ ਹੁੱਡਾ ਨੇ ਕਮੇਟੀ ਦੇ ਗਠਨ ਵੇਲੇ ਇਸ ਦੀ ਮਿਆਦ ਤੈਅ ਕਰਦਿਆਂ ਅਠ੍ਹਾਰਾਂ ਮਹੀਨਿਆਂ ਦੇ ਅੰਦਰ ਚੋਣਾਂ ਕਰਵਾਉਣ ਲਈ ਕਿਹਾ ਸੀ। ਇਸ ਰਾਜ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣ ਜਾਣ ਤੋਂ ਬਾਅਦ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਚੋਣਾਂ ਨਹੀਂ ਸੀ ਕਰਵਾਈਆਂ, ਜਿਸ ਨਾਲ ਕਮੇਟੀ ਦਾ ਆਪਣੇ ਆਪ ਭੋਗ ਪੈ ਗਿਆ ਸੀ। ਹਰਿਆਣਾ ਸਰਕਾਰ ਦੇ ਅੰਦਰਲੇ ਸੂਤਰ ਦੱਸਦੇ ਹਨ ਕਿ ਭਾਜਪਾ ਸਰਕਾਰ ਨੇ ਹੁੱਡਾ ਸਰਕਾਰ ਦੇ ਐਲਾਨ ਮੁਤਾਬਕ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦਾ ਗਠਨ ਵੀ ਨਹੀਂ ਕੀਤਾ। ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਨੂੰ ਕਮੇਟੀ ਦੀਆਂ ਚੋਣਾਂ ਡੇਢ ਸਾਲ ਦੇ ਅੰਦਰ ਕਰਾਉਣ ਦੀ ਜ਼ਿੰਮੇਵਾਰੀ ਦੇਣੀ ਸੀ। ਨਵੀਂ ਕਮੇਟੀ ਦੀਆਂ ਅਠਾਰਾਂ ਮਹੀਨੇ ਦੇ ਅੰਦਰ ਚੋਣਾਂ ਨਾ ਕਰਵਾਉਣ ਕਰ ਕੇ ਇਸ ਦੇ ਅਹੁਦੇਦਾਰਾਂ ਦੇ ਅਹੁਦੇ ਦੀ ਮਿਆਦ ਵੀ ਨਾਲ ਹੀ ਖਤਮ ਹੋ ਗਈ ਹੈ।

ਹੁੱਡਾ ਸਰਕਾਰ ਨੇ ਇਸ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੂੰ ਨਾਮਜ਼ਦ ਕੀਤਾ ਅਤੇ ਦੀਦਾਰ ਸਿੰਘ ਨਲਵੀ ਨੂੰ ਸੀਨੀਅਰ ਮੀਤ ਪ੍ਰਧਾਨ ਬਣਾਇਆ ਸੀ। ਇਨ੍ਹਾਂ ਤੋਂ ਬਿਨਾਂ 39 ਮੈਂਬਰ ਨਾਮਜ਼ਦ ਕੀਤੇ ਸਨ। ਹਰਿਆਣਾ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਬੰਧ ਹੇਠ ਚੱਲਦੇ ਗੁਰਦੁਆਰਿਆਂ ਦੀ ਗਿਣਤੀ 72 ਹੈ। ਨਵੀਂ ਕਮੇਟੀ ਇਨ੍ਹਾਂ ਵਿੱਚੋਂ ਪੰਜਾਂ ਦਾ ਪ੍ਰਬੰਧ ਸੰਭਾਲਣ ਵਿੱਚ ਸਫਲ ਹੋ ਗਈ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਬਾਦਲ ਦੇ ਵਿਰੋਧ ਕਾਰਨ ਹੋਰ ਥਾਂਈਂ ਕਾਬਜ਼ ਹੋਣ ਵਿੱਚ ਅਸਫਲ ਰਹੀ ਸੀ। ਨਵੀਂ ਬਣਾਈ ਗਈ ਕਮੇਟੀ ਨੇ ਦੂਜੇ ਗੁਰਦੁਆਰਿਆਂ ਦਾ ਕਬਜ਼ਾ ਲੈਣ ਲਈ ਅਦਾਲਤ ਦਾ ਦਰਵਾਜ਼ਾ ਖੜਕਾ ਦਿੱਤਾ ਸੀ। ਅਦਾਲਤ ਨੇ ਉਸ ਵੇਲੇ ਦੀ ਮੌਜੂਦਾ ਸਥਿਤੀ ਉਤੇ ਸਟੇਅ ਲਾ ਦਿੱਤੀ, ਜਿਸ ਕਾਰਨ ਹਰਿਆਣਾ ਕਮੇਟੀ ਦੇ ਪ੍ਰਬੰਧ ਹੇਠ ਸਿਰਫ ਪੰਜ ਗੁਰਦੁਆਰੇ ਇੱਕ ਚੀਹਕਾ ਬਲਾਕ ਅਤੇ ਦੋ ਦੋ ਲਾਡਵਾ ਅਤੇ ਕੁਰੂਕਸ਼ੇਤਰ ਬਲਾਕ ਦੇ ਰਹਿ ਗਏ ਸਨ। ਇਨ੍ਹਾਂ ਪੰਜ ਗੁਰਦੁਆਰਿਆਂ ਦਾ ਬਜਟ ਸਵਾ ਕਰੋੜ ਰੁਪਏ ਸਾਲਾਨਾ ਦੇ ਨੇੜੇ ਹੈ। ਮਿਲੀ ਜਾਣਕਾਰੀ ਅਨੁਸਾਰ ਹਰਿਆਣਾ ਦੇ ਸਿੱਖਾਂ ਦੇ ਇੱਕ ਵਰਗ ਵੱਲੋਂ ਭਾਜਪਾ ਸਰਕਾਰ ਉਤੇ ਕਮੇਟੀ ਦੇ ਪੁਨਰ ਗਠਨ ਲਈ ਜ਼ੋਰ ਪੈ ਰਿਹਾ ਹੈ ਤੇ ਵਿਧਾਨ ਸਭਾ ਚੋਣਾਂ ਨੇੜੇ ਦੇਖ ਕੇ ਉਹ ਆਸਵੰਦ ਵੀ ਹਨ। ਕਾਨੂੰਨੀ ਮਾਹਰਾਂ ਮੁਤਾਬਕ ਸਰਕਾਰ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੜ ਗਠਨ ਲਈ ਸਿਰਫ ਨਵਾਂ ਨੋਟੀਫਿਕੇਸ਼ਨ ਜਾਰੀ ਕਰਨ ਦੀ ਲੋੜ ਹੈ।

ਹਰਿਆਣਾ ਦੇ ਸਿੱਖਾਂ ਦੀ ਸਥਿਤੀ ਇਨ੍ਹੀਂ ਦਿਨੀਂ ਬੜੀ ਅਜੀਬ ਬਣੀ ਹੋਈ ਹੈ। ਇੱਕ ਪਾਸੇ ਕਰਨਾਲ ਨੇੜਲੇ ਇੱਕ ਪਿੰਡ ਵਿੱਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਮੱਥਾ ਟੇਕਣ ਤੋਂ ਨਾਂਹ ਕੀਤੇ ਜਾਣ 'ਤੇ ਭਾਜਪਾ ਦੇ ਬਾਈਕਾਟ ਦਾ ਸੱਦਾ ਦੇ ਚੁੱਕੇ ਹਨ। ਦੂਜੇ ਪਾਸੇ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਸਰਕਾਰ ਦੇ ਆਖਰੀ ਦਿਨਾਂ ਦਾ ਲਾਹਾ ਲੈਣ ਦੀ ਤਾਕ ਨਾਲ ਦਬਾਅ ਬਣਾਇਆ ਜਾ ਰਿਹਾ ਹੈ। ਇਸ ਕਮੇਟੀ ਦੇ ਅਹੁਦੇਦਾਰ ਆਪਸ ਵਿੱਚ ਵੀ ਦੋਫਾੜ ਹੋ ਚੁੱਕੇ ਹਨ।

## ਹਾਈ ਕੋਰਟ ਵੱਲੋਂ ਬੈਂਕ ਗਾਹਕਾਂ ਦੇ ਪੈਸੇ ਦੀ ਗਾਰੰਟੀ ਬਾਰੇ ਕੇਂਦਰ ਨੂੰ ਸਿੱਧਾ ਸਵਾਲ



ਨਵੀਂ ਦਿੱਲੀ, 9 ਅਕਤੂਬਰ (ਪੋਸਟ ਬਿਊਰੋ)- ਬੈਂਕਾਂ ਵਿੱਚ ਪਏ ਲੋਕਾਂ ਦੇ ਪੈਸੇ ਬਾਰੇ ਕਈ ਤਰ੍ਹਾਂ ਦੇ ਚਰਚਿਆਂ ਕਾਰਨ ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਸਿੱਧਾ ਸਵਾਲ ਕੀਤਾ ਹੈ ਕਿ ਜੇ ਕਿਸੇ ਗਾਹਕ ਦੀ ਬੈਂਕ ਵਿੱਚ ਇਕ ਲੱਖ ਰੁਪਏ ਤੋਂ ਵੱਧ ਰਕਮ ਹੋਵੇ ਤੇ ਉਹ ਬੈਂਕ ਫੇਲ੍ਹ ਹੋ ਜਾਵੇ ਤਾਂ ਉਸ ਸੂਰਤ ਵਿੱਚ ਗਾਹਕਾਂ ਲਈ ਕੀ ਗਾਰੰਟੀ ਹੈ। ਕੋਰਟ ਨੇ ਸਾਫ ਕਰ ਦਿੱਤਾ ਕਿ ਇਹ ਮੁੱਦਾ ਕਾਫੀ ਅਹਿਮ ਅਤੇ ਆਮ ਲੋਕਾਂ ਨਾਲ ਜੁੜਿਆ ਹੋਇਆ ਹੈ।

ਚੀਫ ਜਸਟਿਸ ਰਾਜਿੰਦਰ ਮੈਨਨ ਅਤੇ ਜਸਟਿਸ ਵੀ ਕੇ ਰਾਓ ਦੇ ਬੈਂਚ ਨੇ ਕੇਂਦਰ ਸਰਕਾਰ ਨੂੰ ਜਨਹਿੱਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਇਹ ਸਵਾਲ ਕੀਤਾ ਹੈ। ਇਸ ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਡਿਪੋਜ਼ਿਟ ਇੰਸ਼ੋਰੈਂਸ ਤੇ ਕਰੈਡਿਟ ਗਾਰੰਟੀ ਕਾਰਪੋਰੇਸ਼ਨ (ਡੀ ਆਈ ਸੀ ਜੀ ਸੀ) ਹਰ ਕਿਸਮ ਦੇ ਬੱਚਤ, ਫਿਕਸਡ, ਚਾਲੂ ਤੇ ਰੈਕਰਿੰਗ ਖਾਤੇ ਉੱਤੇ (ਇਨ੍ਹਾਂ ਵਿੱਚ ਜਿੰਨੀ ਮਰਜ਼ੀ ਰਕਮ ਹੋਵੇ) ਵੱਧ ਤੋਂ ਵੱਧ ਇਕ ਲੱਖ ਰੁਪਏ ਦਾ ਇੰਸ਼ੋਰੈਂਸ ਕਵਰ ਦਿੰਦੀ ਹੈ। ਭਾਰਤੀ ਰਿਜ਼ਰਵ ਬੈਂਕ ਦੀ ਸਹਿਯੋਗੀ ਕੰਪਨੀ ਡੀ ਆਈ ਸੀ ਜੀ ਸੀ ਸਾਲ 1961 ਵਿੱਚ ਇਸ ਲਈ ਬਣਾਈ ਗਈ ਸੀ ਕਿ ਇਹ ਬੈਂਕਾਂ ਵਿੱਚ ਜਮ੍ਹਾਂ ਰਕਮਾਂ ਉੱਤੇ ਇੰਸ਼ੋਰੈਂਸ ਅਤੇ ਕਰੈਡਿਟ ਦੀ ਸਹੂਲਤ 'ਤੇ ਗਾਰੰਟੀ ਦੇ ਸਕੇ। ਪ੍ਰਦੀਮ ਕੁਮਾਰ ਵੱਲੋਂ ਦਾਇਰ ਜਨਹਿਤ ਪਟੀਸ਼ਨ ਵਿੱਚ ਕਾਰਪੋਰੇਸ਼ਨ ਨੇ ਵੱਧ ਤੋਂ ਵੱਧ ਇਕ ਲੱਖ ਰੁਪਏ ਤੱਕ ਬੀਮਾ ਦੇਣ ਨੂੰ ਚੁਣੌਤੀ ਦਿੱਤੀ ਸੀ। ਕੁਮਾਰ ਵੱਲੋਂ ਪੇਸ਼ ਹੋਏ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਸੂਚਨਾ ਅਧਿਕਾਰੀ (ਆਰ ਟੀ ਆਈ) ਹੇਠ ਮਿਲ ਸਕੀ ਜਾਣਕਾਰੀ ਮੁਤਾਬਕ ਦੇਸ਼ ਵਿੱਚ 16.5 ਕਰੋੜ ਬੈਂਕ ਖਾਤੇ ਇਹੋ ਜਿਹੇ ਹਨ, ਜਿਨ੍ਹਾਂ ਵਿੱਚ ਇਕ ਲੱਖ ਰੁਪਏ ਤੋਂ ਵੱਧ ਰਕਮ ਜਮ੍ਹਾਂ ਹੈ।

ਸੁਣਵਾਈ ਦੌਰਾਨ ਕੇਂਦਰ ਸਰਕਾਰ ਅਤੇ ਡੀ ਆਈ ਸੀ ਜੀ ਸੀ ਨੇ ਅਦਾਲਤ ਨੂੰ ਸਾਫ ਕਰ ਦਿੱਤਾ ਕਿ ਬੈਂਕ ਦੇ ਫੇਲ੍ਹ ਹੋਣ ਦੀ ਸੂਰਤ ਵਿੱਚ ਇਕ ਲੱਖ ਰੁਪਿਆ ਫੌਰੀ ਰਾਹਤ ਵਜੋਂ ਦਿੱਤਾ ਜਾਂਦਾ ਹੈ, ਪਰ ਇਸ ਨੂੰ ਅੰਤਿਮ ਅਤੇ ਪੂਰੀ ਰਾਹਤ ਦਾ ਹਿੱਸਾ ਨਾ ਮੰਨਿਆ ਜਾਵੇ। ਇਸ ਉੱਤੇ ਅਦਾਲਤ ਨੇ ਪੁੱਛਿਆ ਕਿ ਫਿਰ ਗਾਰੰਟੀ ਕੀ ਹੈ।

## ਕੰਨੜ ਵਰਕਰਾਂ ਵੱਲੋਂ ਸਨੀ ਲਿਓਨ ਦੇ ਬੇਂਗਲੂਰ ਵਿੱਚ ਪ੍ਰੋਗਰਾਮ ਦੇ ਖਿਲਾਫ ਪ੍ਰਦਰਸ਼ਨ

ਬੈਂਗਲੁਰੂ, 9 ਅਕਤੂਬਰ (ਪੋਸਟ ਬਿਊਰੋ)- ਕਰਨਾਟਕ ਦੀ ਰਾਜਧਾਨੀ ਬੈਂਗਲੁਰੂ ਵਿੱਚ ਤਿੰਨ ਨਵੰਬਰ ਨੂੰ ਅਭਿਨੇਤਰੀ ਸਨੀ ਲਿਓਨ ਦੇ ਪ੍ਰੋਗਰਾਮ ਉੱਤੇ ਰੋਕ ਲਾਉਣ ਦੀ ਮੰਗ ਬਾਰੇ ਕੰਨੜ ਸਮਰਥਕ ਵਰਕਰਾਂ ਨੇ ਇਥੇ ਕੱਲ੍ਹ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਕਿਹਾ ਕਿ ਇਸ ਅਭਿਨੇਤਰੀ ਦਾ ਪ੍ਰੋਗਰਾਮ ਕੰਨੜ ਸੱਭਿਆਚਾਰ ਦੇ ਖਿਲਾਫ ਹੈ।

ਵਰਨਣ ਯੋਗ ਹੈ ਕਿ ਬੈਂਗਲੁਰੂ ਦੇ ਮਯੰਤਾ ਟੈਕ ਪਾਰਕ ਵਿੱਚ 'ਪਿਓਰਿਟੀ ਐਂਡ ਐਕਸਪ੍ਰੈਸ਼ਨ' ਨਾਮ ਨਾਲ ਟਾਈਮ ਕ੍ਰਿਏਸ਼ਨਸ ਵੱਲੋਂ ਇੱਕ ਆਯੋਜਨ ਕੀਤਾ ਜਾ ਰਿਹਾ ਹੈ। ਕਰਨਾਟਕ ਰਕਸ਼ਣ ਵੇਦਿਕੇ ਯੁਵਾ ਸੇਨੇ (ਕੇ ਆਰ ਵੀ ਵਾਈ ਐਸ) ਨੇ ਕੱਲ੍ਹ ਓਥੇ ਆਉਣ ਵਾਲੀ ਦੱਸੀ ਜਾਂਦੀ ਅਭਿਨੇਤਰੀ ਸਨੀ ਲਿਓਨ ਦਾ ਪੁਤਲਾ ਸਾੜਿਆ ਤੇ ਦਾਅਵਾ ਕੀਤਾ ਕਿ ਪ੍ਰੋਗਰਾਮ 'ਕੰਨੜ ਸੱਭਿਆਚਾਰ' ਦੇ ਖਿਲਾਫ ਹੈ। ਕੇ ਆਰ ਵੀ ਵਾਈ ਐਸ ਦੇ ਪ੍ਰਧਾਨ ਕੇ ਹਰੀਸ਼ ਨੇ ਕਿਹਾ, 'ਅਸੀਂ ਪ੍ਰੋਗਰਾਮ ਦੇ ਖਿਲਾਫ ਪ੍ਰਦਰਸ਼ਨ ਕੀਤਾ ਹੈ, ਇਹ ਇਕ ਪ੍ਰੋਗਰਾਮ ਦੀ ਗੱਲ ਨਹੀਂ, ਮਾਮਲਾ ਕਿਤੇ ਜ਼ਿਆਦਾ ਹੈ। ਅਭਿਨੇਤਰੀ ਇਤਿਹਾਸ 'ਤੇ ਆਧਾਰਿਤ ਦੱਖਣੀ ਭਾਰਤ ਦੀ ਇਕ ਮਹਿਲਾ ਯੋਧਾ 'ਤੇ ਬਣਨ ਵਾਲੀ ਫਿਲਮ ਵਿੱਚ ਮੁੱਖ ਭੂਮਿਕਾ ਨਿਭਾਏਗੀ।' ਉਨ੍ਹਾਂ ਨੇ ਕਿਹਾ, 'ਉਹ ਇਕ ਮਹਾਨ ਮਹਿਲਾ, ਜੋ ਸਭ ਲਈ ਪੂਜਨੀਕ ਹੈ, ਦਾ ਕਿਰਦਾਰ ਨਿਭਾਉਣ ਦਾ ਹੱਕ ਸਨੀ ਲਿਓਨ ਵਰਗੀ ਇਕ ਅਭਿਨੇਤਰੀ ਨੂੰ ਕਿਸ ਤਰ੍ਹਾਂ ਦੇ ਸਕਦੇ ਹਨ?'

### ਸੁਪਰੀਮ ਕੋਰਟ ਨੇ ਕਿਹਾ:

## ਵਾਰ-ਵਾਰ ਅਦਾਲਤ ਆ ਕੇ ਗਵਾਹ ਪ੍ਰੇਸ਼ਾਨ ਹੁੰਦੇ ਹਨ



ਨਵੀਂ ਦਿੱਲੀ, 9 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕਾਨੂੰਨੀ ਪ੍ਰਕਿਰਿਆ ਵਿੱਚ ਸੁਣਵਾਈ ਦੇ ਮੁਲਤਵੀ ਹੋਣ ਕਾਰਨ ਗਵਾਹ ਵਾਰ-ਵਾਰ ਅਦਾਲਤਾਂ ਦੇ ਚੱਕਰ ਕੱਟ ਕੇ ਗਵਾਹ ਪਰੇਸ਼ਾਨ ਹੋ ਜਾਂਦੇ ਹਨ। ਇਹ ਇੱਕ ਕੌੜੀ ਜ਼ਮੀਨੀ ਹਕੀਕਤ ਹੈ, ਪਰ ਸੀ ਆਰ ਪੀ ਸੀ ਦੇ ਨਿਯਮਾਂ ਦੀ ਸਹੀ ਤਰੀਕੇ ਨਾਲ ਪਾਲਣਾ ਕੀਤੀ ਜਾਵੇ ਤਾਂ ਚੀਜ਼ਾਂ ਸੌਖੀਆਂ ਹੋ ਸਕਦੀਆਂ ਹਨ। ਜਸਟਿਸ ਮਦਨ ਬੀ ਲੋਕੁਰ ਐਤ ਦੀਪਕ ਗੁਪਤਾ ਦੀ ਬੈਂਚ ਨੇ ਜੇਲ੍ਹਾਂ ਦੀ ਕਮੀਆਂ ਨਾਲ ਜੁੜੇ ਮੁੱਦੇ 'ਤੇ ਸੁਣਵਾਈ ਦੌਰਾਨ ਕੱਲ੍ਹ ਇਹ ਵਿਸ਼ੇਸ਼ ਟਿੱਪਣੀ ਕੀਤੀ ਹੈ।

ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਦੇ ਦੋ ਜੱਜਾਂ ਨੇ ਇਸ ਸਾਲ ਜੂਨ ਵਿੱਚ ਫਰੀਦਾਬਾਦ ਜੇਲ੍ਹ ਦਾ ਦੌਰਾ ਕਰਨ ਦੇ ਬਾਅਦ ਇਹ ਮੁੱਦਾ ਉਠਾਇਆ ਸੀ। ਸੁਣਵਾਈ ਦੌਰਾਨ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਦੱਸਿਆ ਕਿ ਜੇਲ੍ਹ ਸੁਧਾਰ ਦੇ ਲਈ ਕੋਰਟ ਦੇ ਹੁਕਮ ਉੱਤੇ ਰਿਟਾਇਰਡ ਜੱਜ ਜਸਟਿਸ ਅਮਿਤਾਭ ਰਾਏ ਦੀ ਅਗਵਾਈ ਵਿੱਚ ਕਮੇਟੀ ਬਣਾਈ ਗਈ ਹੈ। ਉਨ੍ਹਾਂ ਨੇ ਨਾਬਾਲਗਾਂ ਦੇ ਲਈ ਸੁਧਾਰ ਘਰਾਂ ਵਿੱਚ ਵੀਡੀਓ ਕਾਨਫਰੰਸਿੰਗ ਵਿਵਸਥਾ ਸੁਚਾਰੂ ਨਾ ਹੋਣ ਦਾ ਵੀ ਜ਼ਿਕਰ ਕੀਤਾ। ਇਸ ਮੌਕੇ ਅਦਾਲਤ ਨੇ ਕਿਹਾ ਕਿ ਹਰ ਜੇਲ੍ਹ ਵਿੱਚ ਵੀਡੀਓ ਕਾਨਫਰੰਸਿੰਗ ਯੂਨਿਟ ਦਿੱਤੀ ਹੈ, ਪਰ ਕੁਝ ਜੇਲ੍ਹਾਂ ਵਿੱਚ ਇਹ ਇਨਸਟਾਲ ਹੀ ਨਹੀਂ ਹੋਈ। ਕਈ ਜੇਲ੍ਹਾਂ ਵਿੱਚ ਲੋਕ ਇਸ ਦੀ ਵਰਤੋਂ ਕਰਨਾ ਨਹੀਂ ਜਾਣਦੇ। ਬੈਂਚ ਨੇ ਸਾਰੇ ਸੂਬਿਆਂ ਨੂੰ ਇਸ ਮੁੱਦੇ 'ਤੇ ਸਹਿਯੋਗ ਦੇ ਲਈ ਕਿਹਾ ਹੈ। ਅਗਲੀ ਸੁਣਵਾਈ 22 ਅਕਤੂਬਰ ਨੂੰ ਹੋਵੇਗੀ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

Honesty, Reliability, Commitment
HomeLife SilverCity
"Open House Until Sold"
Hira Randhawa
Broker
○ 1 yr Home Warranty
○ 40% Discount on Brand Name
○ Appliances & Furniture
○ Free Evaluation & Lowest Commission
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585
$299,900 Hwy 20 & Stanley St. Front And Back Duplex Near Center St. And Clifton Hill. Brand New Roof 2016. Main House Has 2 Bdrms, Finished Attic Space And Full Unfinished Bsmnt With Sep. Ent. Covered Front Porch. Current Tenant Pays $750 Inclusive.
$619,000 Wanless & Mclaughlin Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities
$639,000 Hwy 10/ Sandalwood A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.
$699,900 Chinguacousy/Queen Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...

Supervisa, Travel Insurance
Call: 416.319.0551

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

• Insurance •
Punjab Insurance Inc
• Super Visa Insurance
• Life Insurance
• Disability Insurance
• Critical illness Insurance
• Mortgage Insurance
• RRSP (Retirement Plan)
• RESP (Education Plan)
• Visitor Insurance
• Health and Dental Plans..
• Travel Insurance
• Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DUCT CLEANING
A breath of Clean air
Residential & Commercial
Air duct cleaning
and dryer vent cleaning
Free Sanitizer
BEFORE AFTER
66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ
ਤਸਲੀ ਬਖਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਉ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

## ਅਮਰੀਕਾ ਦੇ ਵਿਲੀਅਮ ਨਾਰਡਹੋਸ ਅਤੇ ਪੋਲ ਰੋਮਰ ਨੂੰ ਇਕਾਨਮੀ ਦਾ ਨੋਬਲ ਪੁਰਸਕਾਰ

ਸਟਾਕਹੋਮ, 9 ਅਕਤੂਬਰ (ਪੋਸਟ ਬਿਊਰੋ)- ਜਲਵਾਯੂ ਅਤੇ ਨਵੀਨਤਾ ਦਾ ਸਬੰਧ ਆਰਥਿਕ ਵਿਕਾਸ ਨਾਲ ਜੋੜਨ ਵਾਲੇ ਅਮਰੀਕੀ ਅਰਥ ਸ਼ਾਸਤਰੀ ਵਿਲੀਅਮ ਨੋਰਡਹੋਸ ਅਤੇ ਪੋਲ ਰੋਮਰ ਨੂੰ ਸਾਂਝੇ ਤੌਰ ਉਤੇ 2018 ਦਾ ਅਰਥ ਸ਼ਾਸਤਰ ਦਾ ਨੋਬਲ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ।

ਰੋਇਲ ਸਵੀਡਿਸ਼ ਅਕੈਡਮੀ ਆਫ ਸਾਇੰਸਜ਼ ਨੇ ਆਪਣੇ ਬਿਆਨ 'ਚ ਕਿਹਾ ਕਿ ਯੇਲ ਯੂਨੀਵਰਸਿਟੀ ਦੇ ਪ੍ਰੋਫੈਸਰ ਨੋਰਡਹੋਸ ਅਤੇ ਵਿਸ਼ਵ ਬੈਂਕ ਦੇ ਸਾਬਕਾ ਮੁੱਖ ਅਰਥ ਸ਼ਾਸਤਰੀ ਰੋਮਰ, ਜੋ ਇਸ ਵੇਲੇ ਨਿਊਯਾਰਕ ਯੂਨੀਵਰਸਿਟੀ ਸਕੂਲ ਆਫ ਬਿਜ਼ਨੈਸ 'ਚ ਸੇਵਾ ਨਿਭਾ ਰਹੇ ਹਨ, ਨੇ ਸਾਨੂੰ ਸਾਡੇ ਸਮੇਂ ਦੇ ਸਭ ਤੋਂ ਬੁਨਿਆਦੀ ਤੇ ਅਹਿਮ ਸਵਾਲਾਂ ਬਾਰੇ ਦੱਸਿਆ, ਜੋ ਇਸ ਬਾਰੇ ਸੀ ਕਿ ਅਸੀ ਲੰਮੇ ਸਮੇਂ ਤੱਕ ਨਿਰੰਤਰ ਤੇ ਸਥਾਈ ਵਿਕਾਸ ਕਿਸ ਤਰ੍ਹਾਂ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਉਕਤ ਜੋੜੀ ਨੇ ਮਾਡਲਾਂ ਦਾ ਨਿਰਮਾਣ ਕਰਕੇ ਕਿਸ ਤਰ੍ਹਾਂ ਬਾਜ਼ਾਰ ਆਰਥਿਕਤਾ ਕੁਦਰਤ ਤੇ ਗਿਆਨ ਨਾਲ ਸੰਚਾਰ ਕਰਦੀ ਹੈ, ਇਸ ਬਾਰੇ ਸਮਝਾ ਕੇ ਆਰਥਿਕ ਵਿਸ਼ਲੇਸ਼ਣ ਦੇ ਘੇਰੇ ਨੂੰ ਕਾਫੀ ਵਿਸ਼ਾਲ ਕਰ ਦਿੱਤਾ। ਲੰਮੇ ਸਮੇਂ ਤੱਕ ਕੌਮੀ (ਮੈਕਰੋ) ਆਰਥਿਕਤਾ ਵਿਸ਼ਲੇਸ਼ਣ ਨੂੰ ਜਲਵਾਯੂ ਤਬਦੀਲੀ ਨਾਲ ਜੋੜਨ ਲਈ 77 ਸਾਲਾ ਨੋਰਡਹੋਸ ਨੂੰ ਖਾਸ ਤੌਰ 'ਤੇ ਸਨਮਾਨਿਤ ਕੀਤਾ ਗਿਆ ਹੈ। 62 ਸਾਲਾ ਰੋਮਰ ਨੇ ਕੌਮੀ ਆਰਥਿਕਤਾ ਵਿਸ਼ਲੇਸ਼ਣ ਨੂੰ ਲੰਮੇ ਸਮੇਂ ਤੱਕ ਤਕਨੀਕੀ ਨਵੀਨਤਾ ਦੇ ਨਾਲ ਜੋੜਨ ਬਦਲੇ ਇਹ ਪੁਰਸਕਾਰ ਜਿੱਤਿਆ।

## ਪਾਕਿਸਤਾਨ ਵਿੱਚ ਬੇਟੇ ਨੇ ਹੈਲਮੇਟ ਨਾ ਪਾਇਆ, ਥਾਣੇਦਾਰ ਪਿਤਾ ਨੇ ਚਲਾਨ ਕੱਟ ਦਿੱਤਾ

ਸਾਦਿਕਾਬਾਦ, 9 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਸਾਦਿਕਾ-ਬਾਦ ਵਿੱਚ ਏ ਐੱਸ ਆਈ ਇਮਤਿਆਜ਼ ਅੱਬਾਸ ਨੇ ਕੱਲ੍ਹ ਆਪਣੇ ਬੇਟੇ ਦਾ ਚਲਾਨ ਕੱਟ ਕੇ ਇਮਾਨਦਾਰ ਹੋਣ ਦੀ ਮਿਸਾਲ ਪੇਸ਼ ਕੀਤੀ। ਕੱਲ੍ਹ ਇਮਤਿਆਜ਼ ਅੱਬਾਸ ਡਿਊਟੀ 'ਤੇ ਸਨ। ਇਸ ਦੌਰਾਨ ਉਹ ਵਾਹਨਾਂ ਦੀ ਚੈਕਿੰਗ ਕਰ ਰਹੇ ਸਨ ਤਾਂ ਅੱਬਾਸ ਨੂੰ ਉਨ੍ਹਾਂ ਦਾ ਬੇਟਾ ਰਹੀਮ ਯਾਰ ਖਾਨ ਬਿਨਾ ਹੈਲਮੇਟ ਪਹਿਨੇ ਮੋਟਰ ਸਾਈਕਲ ਚਲਾਉਂਦਾ ਨਜ਼ਰ ਆਇਆ। ਅੱਬਾਸ ਨੇ ਬੇਟੇ ਨੂੰ ਰੋਕਿਆ ਅਤੇ ਇਸ਼ਾਰੇ ਨਾਲ ਆਪਣੇ ਵੱਲ ਬੁਲਾਇਆ। ਬੇਟੇ ਦੇ ਆਉਂਦੇ ਸਾਰ ਏ ਐਸ ਆਈ ਪਿਤਾ ਨੇ ਚਲਾਨ ਬੁੱਕ ਕੱਢੀ ਅਤੇ ਹੈਲਮੇਟ ਨਾ ਪਹਿਨਣ ਦੇ ਜੁਰਮ ਵਿੱਚ 200 ਰੁਪਏ ਦਾ ਚਲਾਨ ਕੱਟ ਦਿੱਤਾ। ਇਸ ਦੇ ਬਾਅਦ ਰਹੀਮ ਨੇ ਪਿਤਾ ਵੱਲੋਂ ਕੱਟੇ ਗਏ ਚਲਾਨ 'ਤੇ ਜੁਰਮਾਨਾ ਭਰਿਆ ਤਾਂ ਏ ਐੱਸ ਆਈ ਦਾ ਬੇਟਾ ਉਥੋਂ ਜਾ ਸਕਿਆ। ਚਲਾਨ ਭਰਨ ਦੇ ਬਾਅਦ ਇਮਤਿਆਜ਼ ਨੇ ਆਪਣੇ ਬੇਟੇ ਨੂੰ ਦੋਬਾਰਾ ਅਜਿਹੀ ਗਲਤੀ ਨਾ ਕਰਨ ਦੀ ਚਿਤਾਵਨੀ ਵੀ ਦਿੱਤੀ ਅਤੇ ਹੈਲਮੇਟ ਪਹਿਨਣ ਦੀ ਸਲਾਹ ਦਿੱਤੀ। ਅੱਬਾਸ ਦੀ ਇਸ ਕਾਰਵਾਈ ਨਾਲ ਉਹ ਚਰਚਾ ਵਿੱਚ ਆ ਗਏ ਹਨ। ਵਰਣਨ ਯੋਗ ਹੈ ਕਿ ਪਾਕਿਸਤਾਨ ਵਿੱਚ ਪੰਜਾਬ ਦੀ ਸਰਕਾਰ ਨੇ ਹੈਲਮੇਟ ਪਹਿਨ ਕੇ ਬਾਈਕ ਚਲਾਉਣ ਦੀ ਸਲਾਹ ਦਿੱਤੀ ਹੈ, ਤਾਂ ਕਿ ਉਹ ਸੁਰੱਖਿਅਤ ਰਹਿਣ।

# ਮੈਕਸੀਕੋ 'ਚ ਸੀਰੀਅਲ ਕਿਲਰ ਜੋੜਾ ਗ੍ਰਿਫਤਾਰ, ਮਨੁੱਖੀ ਅੰਗ ਵੀ ਮਿਲੇ



ਮੈਕਸੀਕੋ, 9 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਸ਼ਹਿਰ ਮੈਕਸੀਕੋ ਵਿਚ ਸੀਰੀਅਲ ਕਿਲਰ ਜੋੜੇ ਦਾ ਰਹੱਸ ਖੁੱਲ੍ਹ ਗਿਆ ਹੈ। ਇਸ ਜੋੜੇ ਨੇ ਆਪਣਾ ਅਪਰਾਧ ਸਵੀਕਾਰ ਕਰ ਲਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਪੁਲਸ ਨੇ ਮਨੁੱਖੀ ਅੰਗਾਂ ਸਮੇਤ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ। ਪੁੱਛਗਿੱਛ ਵਿਚ ਜੋੜੇ ਨੇ ਘੱਟੋ-ਘੱਟ 20 ਲੋਕਾਂ ਦੀ ਹੱਤਿਆ ਕਰਨ ਦਾ ਜ਼ੁਰਮ ਮੰਨਿਆ ਹੈ। ਪੁਰਸ਼ ਨੇ ਕਈ ਮਹਿਲਾ ਪੀੜਤਾਂ ਨਾਲ ਬਲਾਤਕਾਰ ਦੀ ਗੱਲ ਵੀ ਮੰਨੀ ਹੈ। ਕੇਸ ਦੇ ਮੁੱਖ ਜਾਂਚ ਕਰਤਾ ਨੇ ਦੱਸਿਆ ਕਿ ਦੋਸ਼ੀ ਜੋੜਾ ਬੱਚਿਆਂ ਦੀ ਗੱਡੀ ਵਿਚ ਰੱਖੇ ਮਨੁੱਖੀ ਅੰਗਾਂ ਦੀ ਤਸਕਰੀ ਕਰ ਰਿਹਾ ਸੀ। ਇਸੇ ਦੌਰਾਨ ਉਨ੍ਹਾਂ ਨੂੰ ਹਿਰਾਸਤ ਵਿਚ ਲਿਆ ਗਿਆ। ਸਰਕਾਰੀ ਵਕੀਲ ਅਲਜੈਂਡਰੋ ਗੋਮੇਜ਼ ਨੇ ਦੱਸਿਆ ਕਿ ਪੁਲਸ ਨੂੰ ਸ਼ਹਿਰ ਵਿਚ 10 ਔਰਤਾਂ ਦੇ ਕਾਤਲਾਂ ਦੀ ਤਲਾਸ਼ ਸੀ, ਪਰ ਜਦੋਂ ਕਾਤਲ ਫੜੇ ਗਏ ਤਾਂ ਪਤਾ ਲੱਗਾ ਕਿ ਉਨ੍ਹਾਂ ਨੇ 10 ਨਹੀਂ, 20 ਔਰਤਾਂ ਦੀ ਹੱਤਿਆ ਕੀਤੀ ਹੈ। ਫੜੇ ਗਏ ਪੁਰਸ਼ ਨੇ ਕੁਝ ਔਰਤਾਂ ਨਾਲ ਬਲਾਤਕਾਰ ਕਰਨ ਦੀ ਗੱਲ ਵੀ ਮੰਨੀ ਅਤੇ ਦੱਸਿਆ ਕਿ ਉਹ ਸ਼ਿਕਾਰ ਹੋਏ ਲੋਕਾਂ ਦੇ ਅੰਗ ਵੇਚ ਚੁੱਕਾ ਹੈ। ਗੋਮੇਜ਼ ਨੇ ਦੱਸਿਆ ਕਿ ਇਸ ਜੋੜੇ ਨੂੰ ਵੀਰਵਾਰ ਗ੍ਰਿਫਤਾਰ ਕੀਤਾ ਗਿਆ ਸੀ।

ਇਕ ਇੰਟਰਵਿਊ ਵਿਚ ਵਕੀਲ ਗੋਮੇਜ਼ ਨੇ ਕਿਹਾ, 'ਇਹ ਜੋੜਾ ਚਾਹੁੰਦਾ ਸੀ ਕਿ ਲੋਕ ਉਨ੍ਹਾਂ ਦੀਆਂ ਫੋਟੋ ਦੇਖਣ, ਉਨ੍ਹਾਂ ਦਾ ਨਾਮ ਜਾਣਨ। ਯਕੀਨੀ ਤੌਰ 'ਤੇ ਮੈਂ ਇਸ ਜੋੜੇ ਨੂੰ ਦਿਮਾਗੀ ਬੀਮਾਰ ਦੀ ਥਾਂ ਸੀਰੀਅਲ ਕਿਲਰ ਕਹਾਂਗਾ।' ਜੋੜੇ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਇਕ ਜੋੜੇ ਦੀ ਹੱਤਿਆ ਕਰ ਕੇ ਉਨ੍ਹਾਂ ਦਾ ਬੱਚਾ ਕਿਸੇ ਹੋਰ ਜੋੜੇ ਨੂੰ ਵੇਚ ਦਿੱਤਾ ਸੀ। ਬਿਆਨ ਦੇ ਆਧਾਰ 'ਤੇ ਪੁਲਸ ਨੇ ਉਸ ਬੱਚਾ ਖਰੀਦਣ ਵਾਲੇ ਜੋੜੇ ਨੂੰ ਵੀ ਗ੍ਰਿਫਤਾਰ ਕਰ ਲਿਆ। ਪੁਲਸ ਨੇ ਦੋਸ਼ੀਆਂ ਦੀ ਜਾਂਚ ਲਈ ਡਾਕਟਰਾਂ ਦੀ ਇਕ ਟੀਮ ਸੱਦੀ ਤਾਂ ਡਾਕਟਰਾਂ ਨੇ ਹੱਤਿਆ ਦੀ ਦੋਸ਼ੀ ਮਹਿਲਾ ਨੂੰ ਮਾਨਸਿਕ ਬੀਮਾਰ ਦੱਸਿਆ ਹੈ। ਦੋਸ਼ੀ ਜੋੜੇ ਦੇ ਤਿੰਨ ਬੱਚੇ ਹਨ। ਉਨ੍ਹਾਂ ਦੇ ਧੋਖੇ ਵਿਚ ਆਉਣ ਵਾਲੀਆਂ ਜ਼ਿਆਦਾਤਰ ਔਰਤ ਜਵਾਨ ਅਤੇ ਸਿੰਗਲ ਮਦਰ ਸਨ। ਉਨ੍ਹਾਂ ਨੂੰ ਉਸ ਵਿਅਕਤੀ ਦੀ ਤਲਾਸ਼ ਸੀ, ਜੋ ਉਨ੍ਹਾਂ ਦੇ ਬੱਚਿਆਂ ਲਈ ਸਸਤੇ ਕੱਪੜੇ ਲੱਭਣ ਵਿਚ ਮਦਦ ਕਰ ਸਕੇ। ਪੁਲਸ ਨੇ ਜਦੋਂ ਉਨ੍ਹਾਂ ਦੇ ਘਰ ਦੀ ਤਲਾਸ਼ੀ ਲਈ ਤਾਂ ਉਥੋਂ ਮਨੁੱਖੀ ਅੰਗ ਮਿਲੇ, ਜੋ ਸੀਮੈਂਟ ਨਾਲ ਭਰੀ ਬਾਲਟੀ ਅਤੇ ਫਰਿੱਜ ਵਿਚ ਰੱਖੇ ਹੋਏ ਸਨ। ਦੋਸ਼ੀ ਪੁਰਸ਼ ਨੇ ਦੱਸਿਆ ਕਿ ਉਹ ਅਤੇ ਉਸ ਦੀ ਪਤਨੀ ਆਪਣੇ ਪੀੜਤਾਂ ਨੂੰ ਲਾਲਚ ਦਿੰਦੇ ਸਨ।

# ਬੈਂਕਾਕ ਵਿੱਚ ਗੋਲੀਬਾਰੀ, ਭਾਰਤ ਦੇ ਇੱਕ ਟੂਰਿਸਟ ਸਣੇ ਦੋ ਮੌਤਾਂ

ਬੈਂਕਾਕ, 9 ਅਕਤੂਬਰ (ਪੋਸਟ ਬਿਊਰੋ)- ਥਾਈਲੈਂਡ ਵਿੱਚ ਦੋ ਵਿਰੋਧੀ ਗਿਰੋਹਾਂ ਦੀ ਗੋਲੀਬਾਰੀ ਵਿੱਚ 42 ਸਾਲਾ ਇੱਕ ਭਾਰਤੀ ਸਮੇਤ ਦੋ ਸੈਲਾਨੀਆਂ ਦੀ ਮੌਤ ਹੋ ਗਈ, ਜਦ ਕਿ ਪੰਜ ਹੋਰ ਲੋਕਾਂ ਗੰਭੀਰ ਜ਼ਖਮੀ ਹੋ ਗਏ।

ਗੋਲੀਬਾਰੀ ਦੀ ਇਹ ਘਟਨਾ ਐਤਵਾਰ ਰਾਤ ਨੂੰ ਸੇਂਟਾਰਾ ਵਾਟਰਗੇਟ ਪੈਵੇਲੀਅਨ ਹੋਟਲ ਦੇ ਪਿੱਛੇ ਇੱਕ ਗਲੀ ਵਿੱਚ ਹੋਈ। ਉਥੇ ਸੈਲਾਨੀਆਂ ਦੀ ਬਸ ਪਾਰਕ ਸੀ। ਘਟਨਾ ਵਿੱਚ ਜੀ. ਧੀਰਜ ਨਾਂਅ ਦੇ ਭਾਰਤੀ ਤੇ ਲਾਓਸ ਦੇ ਇੱਕ ਸੈਲਾਨੀ ਦੀ ਮੌਤ ਹੋ ਗਈ ਅਤੇ ਪੰਜ ਵਿਅਕਤੀ ਜ਼ਖਮੀ ਹੋਏ ਸਨ ਜਿਨ੍ਹਾਂ ਵਿੱਚ ਦੋ ਥਾਈਲੈਂਡ ਦੇ ਰਹਿਣ ਵਾਲੇ, ਦੋ ਭਾਰਤੀ ਅਤੇ ਇੱਕ ਲਾਓਸ ਦਾ ਸੈਲਾਨੀ ਸੀ। ਭਾਰਤੀ ਉਨ੍ਹਾਂ ਸੈਲਾਨੀਆਂ ਦੇ ਇੱਕ ਗਰੁੱਪ ਦਾ ਹਿੱਸਾ ਸੀ, ਜਿਨ੍ਹਾਂ ਨੇ ਮਾਲ ਵਿੱਚ ਇੱਕ ਭਾਰਤੀ ਰੈਸਟੋਰੈਂਟ ਵਿੱਚ ਭੋਜਨ ਕੀਤਾ ਸੀ ਅਤੇ ਉਸ ਦੇ ਬਾਅਦ ਪਾਰਕਿੰਗ ਵਿੱਚ ਆਪਣੀ ਬਸ ਦੀ ਉਡੀਕ ਕਰ ਰਹੇ ਸਨ।



ਘਟਨਾ ਸਥਾਨ ਉਤੇ ਬਿਖਰਿਆ ਪਿਆ ਸਮਾਨ।

ਮੇਜਰ ਜਨਰਲ ਸੈਨਿਟ ਸਮਾਰਾਰਨ ਨੇ ਦੱਸਿਆ ਕਿ ਜਦ ਉਹ ਲੋਕ ਬਸ ਦੀ ਉਡੀਕ ਕਰ ਰਹੇ ਸਨ ਤਾਂ ਦੋ ਗਰੁੱਪ ਨੇੜੇ ਦੇ ਸਨੂਕਰ ਕਲੱਬ ਤੋਂ ਬਾਹਰ ਆਏ ਤੇ ਉਨ੍ਹਾਂ ਦੀ ਲੜਾਈ ਸ਼ੁਰੂ ਹੋ ਗਈ। ਉਨ੍ਹਾਂ ਲੋਕਾਂ ਨੇ ਹਥਿਆਰ ਕੱਢ ਲਏ। ਇੱਕ ਰਾਹਗੀਰ ਨੇ ਦੱਸਿਆ ਕਿ ਕਰੀਬ 20 ਲੋਕ ਹੱਥਾਂ ਵਿੱਚ ਪਿਸਤੌਲਾਂ, ਚਾਕੂ ਅਤੇ ਡੰਡੇ ਫੜੀ ਕਲੱਬ 'ਚੋਂ ਗਲੀ ਵੱਲ ਭੱਜੇ। ਤਿੰਨ ਜਣਿਆਂ ਨੇ ਗੋਲੀਬਾਰੀ ਵੀ ਕੀਤੀ, ਪਰ ਪੁਲਸ ਦੇ ਆਉਂਦੇ ਹੀ ਉਹ ਲੋਕ ਉਥੋਂ

# ਭਾਰਤ ਦੀ ਸਫਲਤਾ ਅਗਲੇ ਸਮੇਂ ਵਿੱਚ ਦੁਨੀਆ ਦਾ ਚਿਹਰਾ ਬਦਲ ਸਕੇਗੀ

ਯੂ ਐਨ, 9 ਅਕਤੂਬਰ (ਪੋਸਟ ਬਿਊਰੋ)- ਯੂ ਐਨ ਜਨਰਲ ਅਸੈਂਬਲੀ (ਯੂ ਐਨ ਜੀ ਏ) ਵੱਲੋਂ ਤੈਅ ਗਏ ਸਮੁੱਚੇ ਵਿਕਾਸ ਦੇ ਟੀਚਿਆਂ (ਐਸ ਡੀ ਸੀ) ਨੂੰ ਪੂਰਾ ਕਰਨ 'ਚ ਭਾਰਤ ਦੀ ਸਫਲਤਾ ਪੂਰੀ ਦੁਨੀਆ ਦਾ ਚਿਹਰਾ ਬਦਲ ਸਕਦੀ ਹੈ। ਇਸ ਸੰਬੰਧ ਵਿੱਚ ਯੂ ਐਨ ਜਨਰਲ ਅਸੈਂਬਲੀ ਦੇ ਇਜਲਾਸ ਦੀ ਚੇਅਰਪਰਸਨ ਮਾਰੀਆ ਫਰਨਾਂਡ ਐਸਪਿਨੋਸਾ ਨੇ ਭਾਰਤ ਨੂੰ ਯੂ ਐਨ ਓ ਦਾ ਦੋਸਤ ਦੱਸਦਿਆਂ ਇਹ ਗੱਲ ਕਹੀ ਹੈ।

ਇਕਵਾਡੋਰ ਦੀ ਸਾਬਕਾ ਵਿਦੇਸ਼ ਮੰਤਰੀ ਮਾਰੀਆ ਨੂੰ ਜੂਨ ਵਿੱਚ ਜਨਰਲ ਅਸੈਂਬਲੀ ਦੀ ਚੇਅਰਪਰਸਨ ਚੁਣਿਆ ਗਿਆ ਸੀ। ਉਹ ਯੂ ਐਨ ਜੀ ਏ ਦੀ ਪ੍ਰਧਾਨ ਬਣਨ ਵਾਲੀ ਚੌਥੀ ਔਰਤ ਹੈ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਭੈਣ ਵਿਜੈ ਲਕਸ਼ਮੀ ਪੰਡਿਤ 1953 ਵਿੱਚ ਜਨਰਲ ਅਸੈਂਬਲੀ ਦੀ ਪਹਿਲੀ ਮਹਿਲਾ ਪ੍ਰਧਾਨ ਚੁਣੀ ਗਈ ਸੀ। ਮਾਰੀਆ ਨੇ ਕਿਹਾ, 'ਭਾਰਤ ਬਹੁਪੱਖੀ ਸਿਸਟਮ ਦਾ ਅਹਿਮ ਕਿਰਦਾਰ ਹੈ। 130 ਕਰੋੜ ਦੀ ਆਬਾਦੀ ਵਾਲਾ ਦੇਸ਼ ਜੇ 2030 ਤੱਕ ਐਸ ਡੀ ਜੀ ਨੂੰ ਪੂਰਾ ਕਰ ਲਵੇ ਤਾਂ ਉਹ ਪੂਰੀ ਦੁਨੀਆ ਦਾ ਨਕਸ਼ਾ ਬਦਲ ਦੇਵੇਗਾ।'

ਐਸ ਡੀ ਜੀ ਵਿੱਚ ਗਰੀਬੀ, ਭੁੱਖਮਰੀ, ਸਿੱਖਿਆ ਅਤੇ ਵਾਤਾਵਰਨ ਨਾਲ ਜੁੜੇ 17 ਟੀਚੇ ਸ਼ਾਮਲ ਹਨ। ਜਨਰਲ ਅਸੈਂਬਲੀ ਦੀ ਪ੍ਰਧਾਨ ਬਣਨ ਤੋਂ ਪਹਿਲਾਂ ਆਪਣੀ ਭਾਰਤ ਯਾਤਰਾ ਨੂੰ ਯਾਦ ਕਰਦਿਆਂ ਮਾਰੀਆ ਨੇ ਕਿਹਾ, 'ਭਾਰਤ ਵਿੱਚ ਐਸ ਡੀ ਜੀ ਨੂੰ ਪੂਰਾ ਕਰਨ ਲਈ ਜ਼ਮੀਨੀ ਪੱਧਰ 'ਤੇ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਨੂੰ ਵੇਖ ਕੇ ਮੈਂ ਕਾਫੀ ਪ੍ਰਭਾਵਿਤ ਹੋਈ ਸੀ।' ਮਾਰੀਆ ਨੇ ਵਾਤਾਵਰਨ ਦੇ ਖੇਤਰ ਵਿੱਚ ਯੂ ਐਨ ਦਾ ਸਭ ਤੋਂ ਵੱਡਾ ਸਨਮਾਨ 'ਦ ਯੂ ਐਨ ਈ ਪੀ ਚੈਂਪੀਅੰਸ ਆਫ ਦ ਅਰਥ' ਹਾਸਲ ਕਰਨ ਲਈ ਮੋਦੀ ਨੂੰ ਵਧਾਈ ਵੀ ਦਿੱਤੀ। ਮੋਦੀ ਨੂੰ ਇਹ ਸਨਮਾਨ ਕੌਮਾਂਤਰੀ ਸੌਰ ਸਮਝੌਤੇ 'ਚ ਲੀਡਰਸ਼ਿਪ ਤੇ ਭਾਰਤ 'ਚ ਪਲਾ-ਸਟਿਕ ਦੀ ਵਰਤੋਂ ਨੂੰ ਖਤਮ ਕਰਨ ਦੀ ਦਿਸ਼ਾ 'ਚ ਯਤਨ ਕਰਨ ਲਈ ਦਿੱਤਾ ਗਿਆ ਹੈ।

# ਬ੍ਰਿਟੇਨ ਵਿੱਚ 40 ਫੀਸਦੀ ਨੌਜਵਾਨ ਘਰ ਖਰੀਦਣ ਜੋਗੇ ਨਹੀਂ

ਲੰਡਨ, 9 ਅਕਤੂਬਰ (ਪੋਸਟ ਬਿਊਰੋ)- ਇੰਗਲੈਂਡ 'ਚ ਬੀਤੇ ਦੋ ਦਹਾਕਿਆਂ 'ਚ ਘਰਾਂ ਦੀਆਂ ਕੀਮਤਾਂ 173 ਫੀਸਦੀ ਵਧੀਆਂ ਹਨ, ਜਦ ਕਿ ਇਸੇ ਸਮੇਂ 'ਚ 25 ਤੋਂ 35 ਸਾਲ ਦੀ ਉਮਰ ਦੇ ਲੋਕਾਂ ਦੀਆਂ ਤਨਖਾਹਾਂ 'ਚ ਸਿਰਫ 19 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਇਸ ਬਾਰੇ ਸਮਾਜ ਸੋਚ ਰਿਹਾ ਹੈ।

ਇਕ ਤਾਜ਼ਾ ਰਿਪੋਰਟ 'ਚ ਕਿਹਾ ਗਿਆ ਹੈ ਕਿ 40 ਫੀਸਦੀ ਨੌਜਵਾਨ ਆਪਣੇ ਇਲਾਕੇ 'ਚ ਸਸਤੇ ਤੋਂ ਸਸਤਾ ਘਰ ਖਰੀਦਣ ਤੋਂ ਅਸਮਰੱਥ ਹਨ। 1996 'ਚ ਬਿਆਨਾ ਰੱਖ ਕੇ ਆਪਣੀ ਤਨਖਾਹ ਦੇ ਸਾਢੇ ਚਾਰ ਗੁਣਾ ਵੱਧ ਕਰਜ਼ਾ ਲੈ ਕੇ 93 ਫੀਸਦੀ ਲੋਕ ਆਪਣਾ ਘਰ ਖਰੀਦ ਸਕਦੇ ਸਨ, ਜਦ ਕਿ 2016 'ਚ ਸਿਰਫ 61 ਫੀਸਦੀ ਲੋਕ ਹੀ ਅਜਿਹਾ ਕਰ ਸਕਦੇ ਹਨ। ਆਈ ਐਫ ਐਸ ਨੇ ਕਿਹਾ ਹੈ ਕਿ ਘਰਾਂ ਦਾ ਕਿਰਾਇਆ ਬਹੁਤ ਵੱਧ ਹੈ,



ਇੰਗਲੈਂਡ 'ਚ ਅੰਦਾਜ਼ਨ 140 ਤੋਂ 200 ਪੌਂਡ ਪ੍ਰਤੀ ਹਫਤਾ ਕਿਰਾਇਆ ਅਦਾ ਕੀਤਾ ਜਾਂਦਾ ਹੈ। ਨੌਜਵਾਨਾਂ ਨੂੰ ਬੱਚਤ ਕਰਨ ਲਈ ਮੁਸ਼ਕਿਲ ਹੋ ਰਹੀ ਹੈ। 1998 'ਚ 25 ਤੋਂ 34 ਸਾਲ ਦੀ ਉਮਰ ਦੇ 35 ਫੀਸਦੀ ਲੋਕਾਂ ਕੋਲ ਆਪਣੇ ਘਰ ਸਨ। ਸਰਕਾਰੀ ਨੀਤੀਆਂ ਅਨੁਸਾਰ ਹਰ ਸਾਲ 88000 ਪਰਵਾਰਾਂ ਨੂੰ ਘਰਾਂ ਦਾ ਭੱਤਾ ਦਿੱਤਾ ਜਾਂਦਾ ਹੈ, ਜਿਸ ਨਾਲ ਖਜ਼ਾਨੇ 'ਤੇ ਲਗਭਗ 1.32 ਬਿਲੀਅਨ ਪੌਂਡ ਦਾ ਬੋਝ ਪੈਂਦਾ ਹੈ। ਬ੍ਰਿਟੇਨ 'ਚ 65 ਤੋਂ 74 ਸਾਲ ਦੀ ਉਮਰ ਦੇ ਲੋਕਾਂ ਕੋਲ ਆਪਣੇ ਘਰਾਂ ਦੀ ਦਰ 'ਚ 80 ਫੀਸਦੀ ਵਧੀ ਹੈ।

# ਗਲੋਬਲ ਵਾਰਮਿੰਗ ਨਾਲ ਭਾਰਤ ਨੂੰ ਵੱਡਾ ਖਤਰਾ

ਲੰਡਨ, 9 ਅਕਤੂਬਰ (ਪੋਸਟ ਬਿਊਰੋ)- ਜਲਵਾਯੂ ਪਰਿਵਰਤਨ ਬਾਰੇ ਦੁਨੀਆ ਦੀ ਸਭ ਤੋਂ ਵੱਡੀ ਸਮੀਖਿਆ ਰਿਪੋਰਟ ਵਿੱਚ ਭਾਰਤ ਲਈ ਵੱਡੀ ਚੇਤਾਵਨੀ ਦਿੱਤੀ ਗਈ ਅਤੇ ਦੱਸਿਆ ਗਿਆ ਹੈ ਕਿ ਜੇ ਦੁਨੀਆ ਦਾ ਤਾਪਮਾਨ ਦੋ ਡਿਗਰੀ ਸੈਲਸੀਅਸ ਵਧਦਾ ਹੈ ਤਾਂ ਭਾਰਤ ਨੂੰ 2015 ਵਾਂਗ ਜਾਨਲੇਵਾ ਗਰਮ ਹਵਾਵਾਂ ਦਾ ਸਾਹਮਣਾ ਕਰਨਾ ਪਵੇਗਾ, ਜਿਸ ਨਾਲ ਘੱਟ ਤੋਂ ਘੱਟ 2500 ਲੋਕ ਮਾਰੇ ਗਏ ਸਨ। ਇਹ ਰਿਪੋਰਟ ਕੱਲ੍ਹ ਕਲਾਈਮੇਟ ਚੇਂਜ 'ਤੇ ਇੰਟਰਗਵਰਨਮੈਂਟਲ ਪੈਨਲ (ਆਈ ਪੀ ਸੀ ਸੀ) ਵੱਲੋਂ ਜਾਰੀ ਕੀਤੀ ਗਈ ਹੈ।



ਇਕ ਸਟੱਡੀ ਅਨੁਸਾਰ ਭਾਰਤ ਦੇ ਚਾਰ ਵੱਡੇ ਮੈਟ੍ਰੋਜ ਦਿੱਲੀ, ਮੁੰਬਈ, ਚੇਨਈ ਤੇ ਕੋਲਕਾਤਾ ਦਾ ਔਸਤ ਤਾਪਮਾਨ ਪਿਛਲੇ 147 ਸਾਲਾਂ ਦੌਰਾਨ ਇਕ ਡਿਗਰੀ ਜਾਂ ਇਸ ਤੋਂ ਜ਼ਿਆਦਾ ਵਧਿਆ ਹੈ। ਇਸ ਸਾਲ ਦਸੰਬਰ ਵਿੱਚ ਪੋਲੈਂਡ ਵਿੱਚ ਕਲਾਈਮੇਟ ਚੇਂਜ ਉੱਤੇ ਹੋਣ ਵਾਲੀ ਬੈਠਕ ਵਿੱਚ ਰਿਪੋਰਟ ਦੇ ਅਨੁਮਾਨਾਂ 'ਤੇ ਚਰਚਾ ਹੋਵੇਗੀ। ਇਥੇ ਸਰਕਾਰਾਂ ਕਲਾਈਮੇਟ ਚੇਂਜ ਨੂੰ ਰੋਕਣ ਲਈ ਪੈਰਿਸ ਐਗਰੀਮੈਂਟ ਦੀ ਸਮੀਖਿਆ ਵੀ ਕਰੇਗੀ। ਸਭ ਤੋਂ ਵੱਡੇ ਕਾਰਬਨ ਪੈਦਾ ਕਰਨ ਵਾਲੇ ਦੇਸ਼ਾਂ ਵਿੱਚ ਹੋਣ ਦੀ ਵਜ੍ਹਾ ਨਾਲ ਭਾਰਤ ਇਸ ਗਲੋਬਲ ਇਵੈਂਟ ਵਿੱਚ ਅਹਿਮ ਕਿਰਦਾਰ ਨਿਭਾ ਸਕਦਾ ਹੈ।

# ਕੈਦੀ ਦੀ ਰਿਹਾਈ ਹੁੰਦੇ ਸਾਰ ਮਹਿਲਾ ਜੇਲ੍ਹ ਗਾਰਡ ਨੇ ਨੌਕਰੀ ਛੱਡੀ

ਈਡਨਬਰਗ, 9 ਅਕਤੂਬਰ (ਪੋਸਟ ਬਿਊਰੋ)- ਸਕਾਟਲੈਂਡ ਦਾ ਇਕ ਦਿਲਚਸਪ ਕੇਸ ਪਤਾ ਲੱਗਾ ਹੈ। ਜੇਲ ਵਿਚ ਕੰਮ ਕਰਦੀ ਇਕ ਮਹਿਲਾ ਸੁਰੱਖਿਆ ਕਰਮਚਾਰੀ ਨੇ ਅਚਾਨਕ ਉਦੋਂ ਨੌਕਰੀ ਛੱਡ ਦਿੱਤੀ, ਜਦੋਂ ਇਕ ਪੁਰਸ਼ ਕੈਦੀ ਦੀ ਰਿਹਾਈ ਹੋਈ। ਦਿਲਚਸਪ ਗੱਲ ਇਹ ਹੈ ਕਿ ਥੋੜ੍ਹੇ ਸਮੇਂ ਬਾਅਦ ਦੋਵੇਂ ਇਕੱਠੇ ਨਜ਼ਰ ਆਏ ਹਨ। ਮਿਲ ਸਕੀ ਜਾਣਕਾਰੀ ਅਨੁਸਾਰ ਸਕਾਟਲੈਂਡ ਦੇ ਵੈਸਟ ਲੋਥੀਅਨ ਦੀ ਐਡੀਵੇਲ ਜੇਲ ਵਿਚ 24 ਸਾਲਾ ਕ੍ਰਿਸਟੀ ਡੇਵਿਡਸਨ ਜੇਲ ਦੀ ਸੁਰੱਖਿਆ ਗਾਰਡ ਸੀ। ਇਸੇ ਜੇਲ ਵਿਚ 31 ਸਾਲਾ ਜੇਮੀ ਬੰਟਿੰਗ ਨਾ ਦਾ ਅਪਰਾਧੀ ਬੰਦ ਸੀ। ਮਾਮਲੇ ਦਾ ਖੁਲਾਸਾ ਉਦੋਂ ਹੋਇਆ, ਜਦੋਂ ਸੋਸ਼ਲ ਸਾਈਟ 'ਤੇ ਦੋਵਾਂ ਦੀ ਤੁਰਕੀ ਵਿਚ ਸਮਾਂ ਬਿਤਾਉਂਦੇ ਦੀ ਫੋਟੋ ਸਾਹਮਣੇ ਆਈ। ਇਸ ਜੋੜੇ ਨੇ ਇਕ ਤਸਵੀਰ ਨਾਲ ਲਿਖਿਆ: 'ਸਾਡੀ ਜ਼ਿੰਦਗੀ ਦੇ ਸਭ ਤੋਂ ਸ਼ਾਨਦਾਰ ਦੋ ਹਫਤੇ।'

ਜੇਲ ਅਧਿਕਾਰੀਆਂ ਨੇ ਇਸ ਮਾਮਲੇ 'ਤੇ ਪ੍ਰਤੀਕਿਰਿਆ ਦੇਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਲੋਕਾਂ ਦੇ ਨਿੱਜੀ ਮਾਮਲਿਆਂ ਵਿਚ ਦਖਲ ਨਹੀਂ ਦਿੰਦੇ, ਪਰ ਸੋਸ਼ਲ ਸਾਈਟ 'ਤੇ ਕਈ ਲੋਕ ਟਾਈਮਿੰਗ ਦਾ ਸਵਾਲ ਕਰ ਰਹੇ ਹਨ ਕਿ ਕੀ ਜੇਲ ਵਿਚ ਦੋਵਾਂ ਵਿੱਚ ਕੁਝ ਹੋਇਆ ਹੋਵੇਗਾ। ਜੇਮੀ ਦੀ ਰਿਹਾਈ ਤੇ ਕ੍ਰਿਸਟੀ ਦਾ ਨੌਕਰੀ ਛੱਡਣਾ ਦੋਵੇਂ ਘਟਨਾਵਾਂ ਜੁਲਾਈ ਵਿਚ ਹੋਈਆਂ ਸਨ। ਜੋੜੇ ਨੇ ਸੋਸ਼ਲ ਸਾਈਟ 'ਤੇ ਨਿੱਜੀ ਪਲਾਂ ਦੀਆਂ ਕਈ ਤਸਵੀਰਾਂ ਸ਼ੇਅਰ ਕੀਤੀਆਂ ਹਨ। ਇਕ ਅੰਗਰੇਜ਼ੀ ਅਖਬਾਰ ਦੀ ਰਿਪੋਰਟ ਮੁਤਾਬਕ ਇਕ ਸੂਤਰ ਨੇ ਕਿਹਾ ਕਿ ਨਿਸ਼ਚਿਤ ਤੌਰ 'ਤੇ ਜਦੋਂ ਕ੍ਰਿਸਟੀ ਕੰਮ ਕਰ ਰਹੀ ਸੀ, ਉਦੋਂ ਹੀ ਦੋਵਾਂ ਵਿਚਕਾਰ ਜ਼ਰੂਰ ਕੁਝ ਹੋਇਆ ਹੋਵੇਗਾ।

Auto | Home | Business
"ਵਾਜਿਬ ਰੇਟ ਤੇ ਵਧੀਆ ਕਵਰੇਜ"
LUCKY
◦ Unbeatable Prices ◦ Huge Discounts on Various Insurances
◦ Good Rates
Harmanjeet Kaur | 905.602.1629
LUCKY INSURANCE BROKERS LIMITED
1550 South Gateway Road, Suite #230 Mississauga, ON L4W 5G6

BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

Jobs Jobs Jobs
General Labour/ Unloader/ Window Assemblers & Machine Operators
– Full time/Part time workers Needed
– Morning & Afternoon Shifts Available
– 12 ਘੰਟੇ ਦੀਆਂ Shifts Available ਹਨ
– 7 ਦਿਨ ਕੰਮ ਉਪਲਬੱਧ ਹੈ।
– ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
– ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
2355 Derry Rd E, Unit#20, 2nd Floor, Mississauga
Torbram/Derry intersection ਦੇ ਨੇੜੇ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Neha: 416.855.9671 or 416.618.6030

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ Sale ਕੋਈ ਵੀ ਐਡਵਰਟਾਈਜ ਕੀਤੀ ਕੀਮਤ ਨੂੰ ਬੀਟ ਕੀਤਾ ਜਾਵੇਗਾ
SPECIAL ON TRUCK ALIGNMENT BRAND NEW MACHINES 2018
Brake & Drum - On Special Sale! -Made in U.S
4 CAT Batteries 1000 on Special Sale
ਟਰੱਕਾਂ/ਕਾਰਾਂ ਦੇ ਟਾਇਰਾਂ ਦੀ ਅਤੇ ਇੰਜਣ /ਬੰਕ ਹੀਟਰ ਦੀ ਭਾਰੀ ਸੈਲ
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# 22 ਅਕਤੂਬਰ 2018 ਦੀਆ ਬਰੈਂਪਟਨ ਚੋਣਾਂ



ਹਰ ਚਾਰ ਸਾਲਾ ਬਾਅਦ ਸਿਟੀ ਚੋਣਾ ਬਰੈਂਪਟਨ ਵਾਸੀਆ ਲਈ ਬੜਾ ਉਤਸੁਕਤਾ ਭਰਪੂਰ ਮਹੌਲ ਸਿਰਜ ਜਾਂਦੀਆਂ ਹਨ। ਨਿਕੇ ਤੋਂ ਨਿਕਾ ਬੰਦਾ, ਵਡੇ ਤੋਂ ਵਡਾ ਨੇਤਾ ਅਤੇ ਐਥੋਂ ਤਕ ਕਿ ਹਰ ਤਰ੍ਹਾ ਦਾ ਧਾਰਮਿਕ ਸੱਜਣ, ਚਰਚਾਵਾਂ ਵਿਚ ਹਿਸਾ ਲੈਣਾ ਸ਼ੁਰੂ ਕਰ ਦੇਂਦਾ ਹੈ। ਇਕ ਗਲ ਹਰ ਸਾਲ ਉਭਰਦੀ ਹੈ ਕਿ ਪੰਜਾਬੀ ਲੋਕਾਂ ਵਿਚ ਇਕਜੁਟਤਾ ਨਹੀਂ ਹੈ ਵਰਨਾ ਸਾਰੀਆ ਪੋਸਟਾਂ ਉਪਰ ਪੰਜਾਬੀ ਬੰਦੇ ਆ ਸਕਦੇ ਹਨ। ਇਹ ਸੋਚ, ਅਪਨੇਪਨ ਦੇ ਅਹਿਸਾਸ ਵਿਚੋਂ ਹਰ ਹਿਰਦੇ ਨੂੰ ਚੰਗੀ ਲਗਦੀ ਹੈ ਪਰ ਜਦ ਧਰਾਤਲੀ ਅਸਲੀਅਤਾਂ ਦਾ ਸਾਹਮਣਾ ਹੁੰਦਾ ਹੈ ਤਾਂ ਇਹ ਸੋਚ ਫਜ਼ੂਲ ਕਿਸਮ ਦੀ ਗਲ ਬਣ ਜਾਦੀ ਹੈ। ਮਨ ਵਿਚ ਇਕ ਸਵਾਲ ਉਠਦਾ ਹੈ ਕਿ ਹੁਣ ਤਕ ਸਾਡੇ ਬੰਦਿਆ ਨੇ ਕਿਹੜਾ ਕਿਲਾ ਫਤਿਹ ਕੀਤਾ ਹੈ? ਸਿਵਾਏ ਗੁਟਬੰਦੀਆ ਖੜੀਆ ਕਰਨ ਦੇ! ਸਾਰਾ ਭਾਈਚਾਰਾ ਪੰਜਾਬ ਪੱਖੀ ਧਾਰਮਿਕ ਅਤੇ ਰਾਜਨੀਤਕ ਪਾਰਟੀਬਾਜੀਆ ਵਿਚ ਵਿਖਰਿਆ ਪਿਆ ਹੈ। ਲੋਕ ਚੁਣੇ ਨੁਮਾਂਇੰਦਿਆ ਨੂੰ ਉਸੇ ਰੰਗ ਵਿਚ ਰੰਗ ਲੈਂਦੇ ਹਨ। ਵੇਖਿਆ ਜਾਵੇ ਤਾਂ ਕਿਸੇ ਪੰਜਾਬੀ ਰਾਜਨੀਤਕ (ਕੁਝ ਨੂੰ ਛਡਕੇ) ਨੇ ਅਜ ਤਕ ਕਿਹੜਾ ਤੀਰ ਮਾਰਿਆ ਹੈ ਜਿਸ ਉਪਰ ਮਾਣ ਮਹਿਸੂਸ ਕੀਤਾ ਜਾ ਸਕੇ! ਹੁਣ ਤਕ ਸਭਨੇ ਜੋ ਕੀਤਾ ਹੈ ਉਹ ਕੇਵਲ ਸਿੱਖੀ ਦਾ ਪੱਤਾ ਖੇਡਣ ਲਈ ਹੀ ਕੀਤਾ ਹੈ। ਦੂਸਰੀ ਗਲ ਇਹ ਵੀ ਕਿ ਸਾਡੇ ਵਿਚ ਅਪਨਾਪਨ ਹੈ ਕਿਥੇ? ਬਿਜ਼ਨਸ ਅਦਾਰਿਆ ਵਿਚ, ਸੋਸ਼ਿਲ ਸਰਗਰਮੀਆ ਵਿਚ ਅਤੇ ਧਾਰਮਿਕ ਖੇਤਰਾਂ ਦੇ ਸਿਲਸਿਲੇ ਅਸੀਂ ਹਮੇਸ਼ਾ ਇਕ ਦੂਸਰੇ ਦੀਆਂ ਡੋਰਾਂ ਕਟਦੇ ਰਹਿੰਦੇ ਹਾਂ। ਲੱਤਾਂ ਖਿਚਣਾ ਸਾਡਾ ਮਨ ਭਉਂਦਾ ਸ਼ੁਗਲ ਹੈ। ਬੱਚੇ ਬੱਚੇ ਦੀ ਜ਼ੁਬਾਨ ਉਪਰ ਇਕ ਗਲ ਹਾਵੀ ਹੋ ਚੁਕੀ ਹੈ ਕਿ ਪੰਜਾਬੀ ਲੋਕ ਬਰੈਂਪਟਨ ਵਿਚ ਆਪਣੇ ਪੇਂਡੂ ਪੰਜਾਬ ਵਾਲੀ ਹਾਲਤ ਬਣਾਈ ਜਾ ਰਹੇ ਹਨ ਜਿਥੇ ਅੰਨ੍ਹੇ ਨੂੰ ਬੋਲਾ ਘੜੀਸੀ ਫਿਰਦਾ ਹੈ। ਜਦ ਤਕ ਇਕ ਵਡੇ ਸਚ ਦਾ ਅਹਿਸਾਸ ਸਾਡੇ ਅੰਦਰ ਨਹੀਂ ਜਾਗਦਾ, ਉਨੀ ਦੇਰ ਸਾਡਾ ਭਾਈਚਾਰਾ ਕਿਸੇ ਪਾਸੇ ਨਹੀਂ ਲਗ ਸਕਦਾ। ਸਚ ਇਹ ਹੈ ਕਿ ਅਸੀਂ ਮਿਹਨਤੀ ਲੋਕ ਹਾਂ, ਪੈਸਾ ਕਮਾਉਣਾ ਜਾਣਦੇ ਹਾਂ ਅਤੇ ਪੈਸਾ ਸਾਂਭਣਾ ਵੀ ਜਾਣਦੇ ਹਾਂ ਪਰ ਰਾਜਨੀਤੀ ਕਰਨਾ ਸਾਡੇ ਵਸ ਦਾ ਰੋਗ ਨਹੀਂ ਹੈ। ਹਜਾਰਾ ਸਾਲਾਂ ਦਾ ਇਤਿਹਾਸ ਇਸ ਸੱਚ ਦਾ ਗਵਾਹ ਹੈ। ਰਾਜਨੀਤੀ ਵਿਚ ਸਿਵਾਏ ਇਕ ਦੂਸਰੇ ਦੀਆਂ ਲੱਤਾਂ ਖਿਚਣ ਦੇ ਹੋਰ ਕੁਝ ਅਸੀਂ ਕਰ ਨਹੀਂ ਸਕਦੇ। ਸਾਡੀ ਵਡਿਆਈ ਇਸ ਵਿਚ ਹੈ ਕਿ ਅਸੀਂ ਆਪਣੀਆਂ ਰਾਜਨੀਤਕ ਲੋੜਾ ਲਈ ਸਿਆਣੇ ਵਿਦੇਸ਼ੀ ਰਾਜਨੀਤਕਾਂ ਦੀ ਬਾਹ ਫੜੀਏ। ਉਨ੍ਹਾ ਨੂੰ ਆਪਣੇ ਵਡੇ ਵੋਟ ਬੈਂਕ ਦਾ ਲਾਲਚ ਦੇਕੇ ਆਪਣੇ ਲੋੜੀਦੇ ਕੰਮ ਕਰਵਾਈਏ। ਉਹ ਨੇਕ ਬੰਦੇ ਆਪਣਾ ਜੀ ਤਾਣ ਲਗਾ ਦੇਣਗੇ ਸਾਡੇ ਕੰਮ ਕਰਵਾਉਣ ਖਾਤਰ। ਸਾਡਾ ਨੈਤਿਕ ਫਰਜ ਹੈ ਕਿ ਜਿਸ ਚੰਗੀ ਕਨੇਡੀਅਨ ਕਲਚਰ ਵਲ ਨੂੰ ਦੁਨੀਆਂ ਭਰ ਤੋਂ ਲੋਕ ਖਿਚੇ ਆ ਰਹੇ ਹਨ, ਉਸਨੂੰ ਗੰਧਲਾ ਨਾ ਕਰੀਏ।

ਭਾਵੇਂ ਪਿਛਲੀਆ ਚੋਣਾ ਨਾਲੋਂ ਇਸ ਸਾਲ ਭੀੜ ਥੋਹੜਾ ਘਟ ਹੈ ਪਰ ਫਿਰ ਵੀ ਸੂਰਤੇ ਹਾਲ ਉਸੇ ਵਰਗੀ ਹੈ। ਮੈ ਵਾਰਡ 9 ਅਤੇ 10 ਦਾ ਵਸਨੀਕ ਹਾ। ਇਨ੍ਹਾ ਵਾਰਡਾਂ ਨੂੰ ਵੈਸੇ ਵੀ, ਜਲੰਧਰ ਅਤੇ ਹੁਸ਼ਿਆਰਪੁਰ ਦੇ ਜ਼ਿਲਿਆਂ ਦੀ ਤਰ੍ਹਾ ਪੰਜਾਬੀਆ ਦਾ ਗੜ੍ਹ ਗਿਣਿਆ ਜਾਂਦਾ ਹੈ। ਮੇਅਰ ਸਣੇ ਐਥੇ 5 ਸੀਟਾਂ ਉਪਰ ਚੋਣਾ ਹੋ ਰਹੀਆ ਹਨ। ਜਿਵੇਂ ਸਿਟੀ ਮੇਅਰ, ਸਿਟੀ ਕਉਂਸਲਰ, ਰਿਜਨਲ ਕਉਂਸਲਰ, ਸਕੂਲ ਟਰੱਸਟੀ ਪੀਲ ਅਤੇ ਸਕੂਲ ਟਰਸਟੀ ਡਫਰਨ ਐਜੂਕੇਸ਼ਨ ਬੋਰਡ ਲਈ। ਇਕ ਤਰ੍ਹਾ ਨਾਲ ਕੇਵਲ 4 ਸੀਟਾਂ ਲਈ ਅਲੈਕਸ਼ਨਾ ਹਨ ਕਿਓਂ ਕਿ ਡਫਰਨ ਦਾ ਸਕੂਲ ਟਰਸਟੀ ਐਕਸਵੀਅਰ ਸ਼ਾਨ ਪਹਿਲੋਂ ਹੀ ਇਕੋ ਇਕ ਨੁਮਾਂਇੰਦਾ ਹੈ। ਜਿਸ ਸੀਟ ਉਪਰ ਬਹੁਤਾ ਰਸ਼ ਹੈ ਉਹ ਹੈ ਸਕੂਲ ਟਰਸਟੀ ਲਈ ਜਿਥੇ ਆਪਣਾ ਸਤਪਾਲ ਜੋਹਲ ਖੜ੍ਹਾ ਹੈ। ਐਥੇ 12 ਬੰਦੇ ਚੋਣ ਲੜ ਰਹੇ ਹਨ। ਜਿਨ੍ਹਾ ਵਿਚੋਂ 7 ਪੰਜਾਬੀ ਹਨ। ਸਤਪਾਲ ਜੋਹਲ ਦਾ ਸੀਨੀਅਰ ਕਲੱਬਾਂ ਵਿਚ ਕਾਫੀ ਚਰਚਾ ਹੈ। ਰਿਜਨਲ ਕੌਂਸਲਰ ਦੀ ਪੋਸਟ ਲਈ ਬਾਕੀ ਸਭ ਤੋਂ ਘਟ ਭੀੜ ਹੈ। ਕੇਵਲ ਤਿੰਨ ਬੰਦੇ ਜਿਨ੍ਹਾ ਵਿਚੋਂ ਇਕ ਵਿਕੀ ਢਿਲੋਂ ਹੈ। ਜੇਕਰ ਤਜ਼ਰਬਾ, ਭਾਈਚਾਰਕ ਸਾਂਝ ਅਤੇ ਕਾਰਜਕੁਸ਼ਲਤਾ ਦੇ ਨੰਬਰ ਗਿਣਨੇ ਹੋਣ ਤਾਂ ਵਿਕੀ ਢਿਲੋਂ ਨੰਬਰ ਇਕ ਉਪਰ ਆਉਦਾ ਹੈ। ਮੇਅਰ ਅਤੇ ਸਿਟੀ ਕਉਂਸਲਰ ਵਾਸਤੇ ਸੱਤ ਸੱਤ ਉਮੀਦਵਾਰ ਹਨ। ਜਿਨ੍ਹਾ ਵਿਚੋਂ 2 ਮੇਅਰ ਲਈ ਅਤੇ 5 ਸਿਟੀ ਕਉਂਸਲਰ ਲਈ ਸਾਡੇ ਭਾਈਚਾਰਕ ਦੌੜਾਕ ਹਨ। ਇਨ੍ਹਾਂ ਦੋਨੋ ਪੋਸਟਾਂ ਵਾਸਤੇ ਕਿਸੇ ਵੀ ਪੰਜਾਬੀ ਦੀ ਜਿਤ ਯਕੀਨਨ ਨਹੀਂ ਲਗਦੀ। ਤਜ਼ੁਰਬੇ ਅਤੇ ਰਾਜਨੀਤਕ ਉਰਜਾ ਵਜੋਂ ਪੈਟਰਿਕ ਬਰਾਊਨ ਦੇ ਨੰਬਰ ਵਧੇਰੇ ਗਿਣੇ ਜਾ ਰਹੇ ਹਨ। ਸਿਟੀ ਕਉਂਸਲਰ ਲਈ ਕਿਸੇ ਦਾ ਨਾਮ ਵੀ ਚਰਚਿਤ ਨਹੀਂ ਲਗਦਾ। ਅਸਲੀ ਭੇਤ 22 ਅਕਤੂਬਰ 2018 ਨੂੰ ਖੁਲੇਗਾ।

ਅਜੀਤ ਸਿੰਘ ਰੱਖੜਾ
905 794 7882

# ਅਮਰ ਕਰਮਾ ਗਰੁੱਪ ਵਲੋਂ ਵਿਲੱਖਣ ਹੈਲੋਵੀਨ ਟਰਿੱਕ-ਓ-ਟਰੀਟਿੰਗ






ਅਮਰ ਕਰਮਾ ਗਰੁੱਪ ਦੇ ਭੂਤ ਅਤੇ ਆਤਮਾਵਾਂ ਹੁਣ ਮੁੜ ਸ਼ਹਿਰ ਵੱਲ ਨੂੰ ਪਰਤ ਰਹੀਆਂ ਹਨ। ਇਕ ਵਿਸ਼ੇਸ਼ ਹੈਲੋਵੀਨ ਸਮਾਗਮ ਜਿਸ ਤਹਿਤ ਟੀਮ ਦੇ ਮੈਂਬਰ ਵੱਖ ਵੱਖ ਤਰਾਂ ਦੇ ਪਹਿਰਾਵੇ ਪਾਕੇ ਆਪਣੇ ਅੰਗਦਾਨ, ਖ਼ੂਨ ਦਾਨ, ਮਾਨਸਿਕ ਸਿਹਤ, ਡਿਸਏਬਿਲਿਟੀ ਆਦਿ ਸੰਬੰਧੀ ਸੁਨੇਹੇ ਦੇਣਗੇ। ਬੈਸਟ ਪਹਿਰਾਵੇ ਅਤੇ ਬੈਸਟ ਸੰਦੇਸ਼ ਦਰਸਾਉਣ ਵਾਲੇ ਮੈਂਬਰ ਨੂੰ ਇਨਾਮ ਵੀ ਦਿੱਤੇ ਜਾਣਗੇ। ਟੀਮ ਦੇ ਡਾਇਰੈਕਟਰ ਵਿਪਨਦੀਪ ਮਾਰੋਕ ਮੁਤਾਬਿਕ ਇਹ ਨੌਜਵਾਨਾ ਅਤੇ ਬੱਚਿਆਂ ਦਾ ਗਰੁੱਪ ਹੈ ਅਤੇ ਹੈਲੋਵੀਨ ਦਾ ਬੱਚਿਆਂ ਨੂੰ ਖਾਸ ਤੌਰ ਤੇ ਇੰਤਜ਼ਾਰ ਹੁੰਦਾ ਹੈ। ਇਸ ਤਿਉਹਾਰ ਨੂੰ ਹੋਰ ਵੀ ਖ਼ੂਬਸੂਰਤ ਤਰੀਕੇ ਨਾਲ ਮਨਾਉਣ ਲਈ ਇਸ ਵਿਚ ਜ਼ਰੂਰੀ ਸੰਦੇਸ਼ ਜੋੜਨਾ ਸਾਨੂੰ ਸਹੀ ਲੱਗਿਆ। ਸ਼ਨੀਵਾਰ 27 ਅਕਤੂਬਰ ਨੂੰ ਅਮਰ ਕਰਮਾ ਹੈਲਥ ਐਂਡ ਵੈਲਨੈਸ ਅਵੇਅਰਨੈਸ ਨੈਟਵਰਕ ਵਲੋਂ ਇਕ ਹੈਲੋਵੀਨ ਤੇ ਵਿਸ਼ੇਸ਼ ਈਵੈਂਟ ਲੋਫਰਜ਼ ਲੇਕ ਕੌਮੂਨਿਟੀ ਸੈਂਟਰ ਵਿਚ ਸ਼ਾਮੀ 6 ਤੋਂ 8 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਵਿਚ ਹਿੱਸਾ ਲੈਣ ਲਈ amarkarma100@gmail.com 'ਤੇ ਈਮਲ ਕਰਕੇ ਰੈਜਿਸਟਰ ਕਰਨਾ ਜ਼ਰੂਰੀ ਹੈ।

ਜ਼ਿਕਰਯੋਗ ਹੈ ਕਿ ਅਮਰ ਕਰਮਾ ਅੰਗਦਾਨ ਸੋਸਾਇਟੀ ਦੇ ਨਾਮ ਨਾਲ ਦੁਨੀਆ ਭਰ ਵਿਚ ਮਕਬੂਲ ਹੋਈ ਨੌਜਵਾਨਾਂ ਦੀ ਇਸ ਸੰਸਥਾ ਅਮਰ ਕਰਮਾ ਹੈਲਥ ਐਂਡ ਵੈਲਨੈਸ ਅਵੇਅਰਨੈਸ ਨੈਟਵਰਕ ਵਲੋਂ ਸਾਊਥ ਏਸ਼ੀਅਨ ਮੂਲ ਦੀ ਕੈਨੇਡਾ ਵਿਚ ਪਹਿਲੀ ਅੰਗਦਾਨ ਜਾਗਰਤੀ ਕੈਂਪੈਨ ਤਕਰੀਬਨ ਦਹਾਕਾ ਪਹਿਲਾਂ ਸ਼ੁਰੂ ਕੀਤੀ ਗਈ ਸੀ। ਅਤੇ ਸਫਲਤਾ ਨਾਲ ਅੰਗਦਾਨ ਦਾ ਸੁਨੇਹਾ ਅਤੇ ਸੰਵਾਦ ਛੇੜਨ ਤੋਂ ਬਾਦ ਨਾੜੂ ਦਾਨ, ਵਾਲਾਂ ਦਾ ਦਾਨ, ਖ਼ੂਨ ਦਾਨ ਅਤੇ ਹੋਰ ਕਈ ਤਰਾਂ ਦੀਆਂ ਮੁਹਿੰਮਾਂ ਵਿਚ ਮੋਹਰੀ ਇਸ ਸੰਸਥਾ ਵਲੋਂ ਸਮੇਂ ਸਮੇਂ ਤੇ ਵਿਲੱਖਣ ਮੁਹਿੰਮਾਂ ਦੀ ਸ਼ੁਰੂਆਤ ਕੀਤੀ ਜਾਂਦੀ ਹੈ। ਜ਼ਿਆਦਾ ਜਾਣਕਾਰੀ . ਤੋਂ ਲਈ ਜਾ ਸਕਦੀ ਹੈ।



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Mann ਜਟ ਸਿੱਖ,ਉਮਰ 25 ਸਾਲ, ਕੱਦ 6 ਫੁੱਟ, Italian born, , ਚੰਗੀ ਨੌਕਰੀ ਕਰਦੇ ਲੜਕੇ ਲਈ PR ਜਟ ਸਿੱਖ ਲੜਕੀ ਦੀ ਲੋੜ। ਸਟੂਡੈਂਟ ਜਾਂ work permit 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਲੜਕਾ work permit 'ਤੇ ਹੈ। ਸੰਪਰਕ ਕਰੋ - 647-981-0014 , 416-918-7517

Jhajj ਜਟ ਸਿੱਖ,ਉਮਰ 33 ਸਾਲ, ਕੱਦ 6 ਫੁੱਟ, Post Graduate ਲੜਕੇ ਲਈ PR ਲੜਕੀ ਦੀ ਲੋੜ। visitor visa ਹੋਲਡਰ 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਲੜਕਾ visitor visa 'ਤੇ ਹੈ। ਲੜਕੇ ਕੋਲ **A/Z** ਲੇਸੰਸ ਹੈ, ਪੂਰੀ ਪਰਿਵਾਰ ਕੈਨੇਡਾ ਵਿੱਚ ਵੈਲ ਸੈਟਲਡ ਹੈ। ਸੰਪਰਕ ਕਰੋ - 647-408-3814

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਗਹੋਟਰਾ, ਕੈਨੇਡੀਅਨ ਸਿਟੀਜ਼ਨ, ਚੰਡੀਗੜ੍ਹ ਬੋਰਨ, ਉਮਰ 33 ਸਾਲ, ਕੱਦ 5'11" ਲਈ ਕੈਨੇਡੀਅਨ ਜਾਂ ਅਮੇਰਿਕਨ ਲੜਕੀ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-212-4856, 587-930-1345

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

ਜਟ ਸਿੱਖ ਵੈਸ਼ਨੂੰ ਲੜਕਾ, ਉਮਰ 27 ਸਾਲ, ਕੱਦ 6 ਫੁੱਟ, Post Graduate + N.I.S ਵਿੱਚ Diploma, Clean Shave, ਸਰਕਾਰੀ ਜੋਬ, ਵਿਜ਼ਟਰ ਵੀਜ਼ੇ ਤੇ ਆਏ ਲੜਕੇ ਲਈ P.R/Citizen/Student ਲੜਕੀ ਦੀ ਲੋੜ ਹੈ. Currently Working in S.A.I North India; Mom retired principal, Father is working in Private Sector; ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:- 905-956-4499 | 647-285-2299 ਜਾਂ +91 98147-10102 (Whatsapp Only)

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-762-5375 I 905-455-8152

ਜਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਹੇਠ ਲਿਖੇ ਨੂੰ ਤੇ
ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੌਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਹੋਰ ਜਾਣਕਾਰੀ 516-620-0565 ਤੇ ਫੋਨ ਕਰੋ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਓਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

IN HOME CAREGIVER

Required In-Home Caregiver For Elderly and Disabled Person. Must Be fluent in English and Punjabi. Great salary and flexible hours. Free of cost live in room and meals included.



Please send resume at:
mandeep.karwal@gmail.com
or Drop a Call: 647-649-8100

Domestic Help Required

Looking for domestic help which includes meal preparation, house cleaning and other supportive duties for two senior citizens.

- Work is 3 days per week.
- Punjabi/Hindi and English Preffered
- Wage will be $15.00 / hour.
- Must have a car to drive to work.

This care is for my inlaws in Carlisle Ontario (west of Milton).

Please call Tripat Bratch, 905-689-0164."

ਔਰਤਾਂ, ਮਰਦਾਂ ਅਤੇ ਬਚਿਆ ਦੀਆਂ ਬੀਮਾਰੀਆ
Chronic diseases of Men, Women and Children
Home Visit G Singh;
Ph: 416.931.0028
Dr. Edward Bach Flower Remedies


INNOVATION TRANSPORTATION
NEEDED A/Z CITY DRIVER
ਸਿਟੀ ਦੇ ਕੰਮ ਲਈ A/Z ਡਰਾਈਵਰਾਂ ਦੀ ਲੋੜ ਹੈ
○ 7 Days Work ○ All Shifts Available
* A/Z Driver Needed
* City Drivers Also Needed
* Good Pay/Mileage
* Day & Afternoon Shift & Weekend
* Weekly Pay
NOW HIRING
$22 /Hour
Call : 416- 268-9952
70 Delta Park Blvd, Unit # 4, Brampton

A/Z ਡਰਾਈਵਰ ਤੇ ਡਿਸਪੈਚਰ ਦੀ ਲੋੜ
IFS ਨੂੰ USA, Montreal, Montreal Local ਅਤੇ Within Ontario ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ
- 2 ਸਾਲ ਦਾ Experience, USA ਵਾਸਤੇ ਫਾਸਟ ਕਾਰਡ (Fast Card) ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ

E-Mail Resume to careers@interstatefreightsystem.com
ਜਾਂ ਕਾਲ ਕਰੋ 416-452-0677, 647-448-3500
( Monday to Friday from 10am to 5pm)

STARLANE PAINTING
Residential ▪ Commercial ▪ Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਬਰੈਂਪਟਨ ਪੰਜਾਬੀਆਂ ਦੀ ਰਾਜਧਾਨੀ



-ਪ੍ਰਿੰ. ਸਰਵਣ ਸਿੰਘ-









ਕੈਨੇਡਾ ਦੀ ਫੈਡਰਲ ਪਾਰਲੀਮੈਂਟ ਵਿਚ ਬਰੈਂਪਟਨ ਦੇ ਪੰਜੇ ਐਮ. ਪੀ. ਪੰਜਾਬੀ ਹਨ। 7 ਜੂਨ 2018 ਨੂੰ ਉਨਟਾਰੀਓ ਸਟੇਟ ਅਸੰਬਲੀ ਦੀਆਂ ਚੋਣਾਂ ਹੋਈਆਂ ਸਨ। ਬਰੈਂਪਟਨ ਦੀਆਂ ਪੰਜ ਸੀਟਾਂ ਲਈ ਤਿੰਨ ਮੁੱਖ ਪਾਰਟੀਆਂ ਦੇ 15 'ਚੋਂ 14 ਉਮੀਦਵਾਰ ਪੰਜਾਬੀ ਸਨ। ਬਾਰਾਂ ਸਿੱਖ, ਇਕ ਹਿੰਦੂ, ਇਕ ਮੁਸਲਮਾਨ ਤੇ ਇਕ ਇਸਾਈ। ਉਨ੍ਹਾਂ 'ਚੋਂ ਛੇ ਉਮੀਦਵਾਰ ਦਸਤਾਰਧਾਰੀ ਸਨ। ਬਰੈਂਪਟਨ ਈਸਟ ਤੋਂ ਗੁਰਰਤਨ ਸਿੰਘ, ਪਰਮਿੰਦਰ ਸਿੰਘ ਤੇ ਸਿਮਰ ਸਿੰਘ ਸੰਧੂ ਖੜ੍ਹੇ ਸਨ। ਸਿਮਰ ਸੰਧੂ ਦੇ ਬੈਠ ਜਾਣ ਨਾਲ ਸੰਦੀਪ ਵਰਮਾ ਖੜ੍ਹ ਗਿਆ ਸੀ। ਬਰੈਂਪਟਨ ਸਾਊਥ ਤੋਂ ਪ੍ਰਭਮੀਤ ਸਿੰਘ ਸਰਕਾਰੀਆ, ਸੁਖਵੰਤ ਸਿੰਘ ਠੇਠੀ ਤੇ ਪਰਮਜੀਤ ਸਿੰਘ ਗਿੱਲ ਵਿਚਕਾਰ ਤਿਕੋਨਾ ਮੁਕਾਬਲਾ ਸੀ। ਬਰੈਂਪਟਨ ਵੈਸਟ ਤੋਂ ਜਗਰੂਪ ਸਿੰਘ, ਵਿੱਕ ਢਿੱਲੋਂ ਅਤੇ ਅਮਰਜੋਤ ਸਿੰਘ ਸੰਧੂ ਖੜ੍ਹੇ ਸਨ। ਬਰੈਂਪਟਨ ਸੈਂਟਰ ਤੋਂ ਸਾਰਾ ਸਿੰਘ, ਹਰਜੀਤ ਸਿੰਘ ਜਸਵਾਲ ਤੇ ਸਫਦਰ ਹੁਸੈਨ ਸਨ। ਬਰੈਂਪਟਨ ਨਾਰਥ ਤੋਂ ਰਿਪਦੁਮਣ ਸਿੰਘ ਢਿੱਲੋਂ, ਹਰਿੰਦਰ ਕੌਰ ਮੱਲ੍ਹੀ ਤੇ ਕੈਵਨ ਜਾਰਡੀ ਵਿਚੋਂ ਇਕ ਨੇ ਜਿੱਤਣਾ ਸੀ। ਉਮੀਦ ਪੰਜਾਂ ਹੀ ਸਿੰਘਾਂ ਦੇ ਜਿੱਤ ਜਾਣ ਦੀ ਸੀ ਪਰ ਚਾਰ ਸਿੰਘ ਜਿੱਤੇ ਜਦ ਕਿ ਇਕਮਾਮੂਲੀ ਫਰਕ ਨਾਲ ਜਿੱਤਣੋਂ ਰਹਿ ਗਿਆ। ਬਰੈਂਪਟਨ ਨੂੰਪੰਜਾਬੀਆਂ ਦੀ ਰਾਜਧਾਨੀ ਨਾ ਕਹੀਏ ਤਾਂ ਹੋਰ ਕੀ ਕਹੀਏ?

22 ਅਕਤੂਬਰ 2018 ਨੂੰ ਬਰੈਂਪਟਨ ਦੀਆਂ ਪੰਚਾਇਤੀ ਚੋਣਾਂ ਹੋ ਰਹੀਆਂ ਹਨ। ਉਨ੍ਹਾਂ ਚੋਣਾਂ ਵਿਚ ਬਰੈਂਪਟਨ ਦਾ ਮੇਅਰ, ਕੌਂਸਲਰ, ਰਿਜਨਲ ਕੌਂਸਲਰ ਤੇ ਸਿੱਖਿਆ ਬੋਰਡ ਦੇ ਟ੍ਰੱਸਟੀ ਚੁਣੇ ਜਾਣਗੇ। ਇਸ ਨੂੰ ਬਰੈਂਪਟਨ ਦੀ ਸਰਕਾਰ ਸਮਝ ਲਓ। ਵੇਖਣਾ ਹੁਣ ਇਹ ਹੈ ਕਿ ਪੰਜਾਬੀਆਂ ਦੀ ਰਾਜਧਾਨੀ ਦਾ ਮੇਅਰ ਕੋਈ ਪੰਜਾਬੀ ਬਣਦਾ ਹੈ ਜਾਂ ਗ਼ੈਰ ਪੰਜਾਬੀ?ਅਤੇ ਬਰੈਂਪਟਨ ਦੀ ਸਥਾਨਕ ਸਰਕਾਰ ਵਿਚ ਕਿੰਨੇ ਪੰਜਾਬੀ ਮੈਂਬਰ ਚੁਣੇ ਜਾਂਦੇ ਹਨ? ਕੀ ਉਹ ਕਦੇ ਫੈਡਰਲ ਪਾਰਲੀਮੈਂਟ ਮੈਂਬਰ ਤੇ ਪ੍ਰੋਵਿੰਸ਼ੀਅਲ ਪਾਰਲੀਮੈਂਟ ਮੈਂਬਰਾਂ ਵਾਂਗ ਹੂੰਝਾਫੇਰ ਜਿੱਤ ਹਾਸਲ ਕਰ ਸਕਦੇ ਹਨ?

ਬਰੈਂਪਟਨ ਦਾ ਨਾਂ ਗੋਰਿਆਂ ਨੇ ਫਲਾਵਰ ਟਾਊਨ ਆਫ਼ ਕੈਨੇਡਾ ਰੱਖਿਆ ਸੀ ਜੋ ਹੁਣ ਫਲਾਵਰ ਸਿਟੀ ਬਰੈਂਪਟਨ ਦੇ ਨਾਂ ਨਾਲ ਜਾਣਿਆ ਜਾਂਦੈ। ਖਿੜਿਆ ਹੋਇਆ ਫੁੱਲ ਇਸ ਸ਼ਹਿਰ ਦਾ ਲੋਗੋ ਹੈ। 1860ਵਿਆਂ ਵਿਚ ਇੰਗਲੈਂਡ ਦੇ ਸ਼ਹਿਰ ਡੋਰਕਿੰਗ ਤੋਂ ਐਡਵਰਡ ਡੇਲ ਨਾਂ ਦਾ ਅੰਗਰੇਜ਼ ਇਥੇ ਆਇਆ ਤਾਂ ਇਸ ਦੀ ਆਬਾਦੀ ਇਕ ਹਜ਼ਾਰਤੋਂ ਵੀ ਘੱਟ ਸੀ। ਉਸ ਨੇ 1863 ਵਿਚ ਫੁੱਲਾਂ ਦੀ ਪਹਿਲੀ ਨਰਸਰੀ ਲਾਈ। ਬਰੈਂਪਟਨ ਦੀ ਭੋਇੰ ਫੁੱਲਾਂ-ਬੂਟਿਆਂ ਦੇ ਅਨੁਕੂਲ ਨਿਕਲੀ। ਪਹਿਲੀ ਨਰਸਰੀ ਦਾ ਨਾਂ 'ਚਿਮਨੀ' ਰੱਖਿਆ ਗਿਆ। ਚਿਮਨੀ ਕੰਪਨੀ ਰੁਜ਼ਗਾਰ ਦਾ ਸਾਧਨ ਬਣ ਗਈ ਤੇ ਇਹਦੇ ਫੁੱਲ ਬੂਟੇ ਸਾਰੇ ਉੱਤਰੀ ਅਮਰੀਕਾ ਵਿਚ ਵਿਕਣ ਲੱਗੇ। ਫਿਰ ਚਿਮਨੀ ਕੰਪਨੀ ਐਸੀ ਚੜ੍ਹੀ ਕਿ ਉਸ ਨੇ ਫੁੱਲਾਂ ਦੀਆਂ 48ਖੁੱਲ੍ਹੀਆਂ ਨਰਸਰੀਆਂ ਚਾਲੂ ਕਰ ਲਈਆਂ ਅਤੇ 140 ਗਰੀਨ ਹਾਊਸ ਬਣਾ ਲਏ। ਫੁੱਲਾਂ ਦੀ ਬਹਾਰਤਾਂ ਫਿਰ ਆਉਣੀ ਹੀ ਸੀ।ਇਕੋ ਸੀਜ਼ਨ ਵਿਚ ਦੋ ਕਰੋੜ ਫੁੱਲਾਂ ਬੂਟਿਆਂ ਦਾ ਵਪਾਰ ਹੋਣ ਲੱਗ ਪਿਆ।ਬਰੈਂਪਟਨ ਨੂੰ ਫੁੱਲਾਂ ਦਾ ਸ਼ਹਿਰ ਐਵੇਂ ਨਹੀਂ ਕਿਹਾ ਜਾਂਦਾ।

2001 ਤੋਂ ਮੈਂ ਇਸੇ ਸ਼ਹਿਰ ਵਿਚ ਰਹਿ ਰਿਹਾਂ ਜਿਸ ਕਰਕੇ ਇਸ ਦੇ ਫੁੱਲਾਂ ਦੀ ਬਹਾਰ ਅਤੇ ਸਿਆਸਤ ਦੀ ਨੁਹਾਰ ਦਾ ਚਸ਼ਮਦੀਦ ਗਵਾਹ ਹਾਂ। ਬਰੈਂਪਟਨ 1853 'ਚ ਇਕ ਛੋਟੇ ਜਿਹੇ ਪਿੰਡ ਵਜੋਂ ਵਜੂਦ ਵਿਚ ਆਇਆ ਸੀ। ਇਹ ਉਹ ਸਮਾਂ ਸੀ ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਬ੍ਰਿਟਿਸ਼ ਰਾਜ ਅਧੀਨ ਕਰ ਲਿਆ ਗਿਆ ਸੀ। ਪੰਜਾਬ ਦੀ ਰਾਜਧਾਨੀ ਲਾਹੌਰ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਸੀ। ਸ਼ਾਹ ਮੁਹੰਮਦ ਨੇ ਲਿਖਿਆ ਸੀ:

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ...

ਰਾਣੀ ਜਿੰਦਾਂ ਨੇ ਕਿਹਾ ਸੀ:

ਜਿਨ੍ਹਾਂ ਕੋਹਕੇ ਮਾਰਿਆ ਵੀਰ ਮੇਰਾ, ਮੈਂ
ਤਾਂ ਖੁਹਾਊਂਗੀ ਉਨ੍ਹਾਂ ਦੀਆਂ ਜੁੰਡੀਆਂ ਨੀ
ਧਾਕਾਂ ਜਾਣ ਵਲਾਇਤੀਂ ਦੇਸ਼ ਸਾਰੇ,
ਪਾਵਾਂ ਬੱਕਰੇ ਵਾਂਗ ਚਾ ਵੰਡੀਆਂ ਨੀ
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ,
ਨੱਥ ਚੌਕ ਤੇ ਵਾਲੀਆਂ ਡੰਡੀਆਂ ਨੀ
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ, ਜਦੋਂ
ਹੋਣ ਪੰਜਾਬਣਾਂ ਰੰਡੀਆਂ ਨੀ...

ਕਰਤਾਰ ਦੇ ਰੰਗ ਵੇਖੋ। ਜਦੋਂ ਪੂਰਬ ਵਿਚ ਪੰਜਾਬੀਆਂ ਤੋਂ ਲਾਹੌਰ ਖੁੱਸਿਆ ਤਾਂ ਉਸੇ ਵੇਲੇ ਪੱਛਮ ਵਿਚ ਬਰੈਂਪਟਨ ਦੀ ਮੋਹੜੀ ਗੱਡੀ ਗਈ। ਉਹਨੀਂ ਦਿਨੀਂ ਉਨਟਾਰੀਓ ਝੀਲ ਨੇੜੇ ਸੁੰਨੀ ਪਈ ਉੱਚੀ ਨੀਵੀਂ ਧਰਤੀ ਉਤੇ ਫਸਲੀ ਉਪਜ ਦਾ ਇਕ ਮੰਡੀ-ਮੇਲਾ ਲੱਗਾ। ਫਸਲ ਦੀ ਵੇਚ ਵੱਟ ਪਿਛੋਂ ਕੁਝ ਬੰਦੇ ਇਥੇ ਹੀ ਟਿਕ ਗਏ। ਇਸ ਦਾ ਨਾਂ ਇੰਗਲੈਂਡ ਦੇ ਇਕ ਨਿੱਕੇ ਜਿਹੇ ਕਸਬੇ ਦੇ ਨਾਂ ਉਤੇ ਬਰੈਂਪਟਨ ਰੱਖਿਆ ਗਿਆ। ਇਹ ਉਵੇਂ ਹੀ ਸੀ ਜਿਵੇਂ ਮਾਝੇ, ਮਾਲਵੇ ਤੇ ਦੁਆਬੇ 'ਚੋਂ ਬਾਰਾਂ ਵਿਚ ਗਏ ਬੰਦਿਆਂ ਨੇ ਆਪਣੇ ਮੁਰੱਬਿਆਂ ਵਾਲੇ ਚੱਕਾਂ ਦੇ ਨਾਂ ਆਪੋ ਆਪਣੇ ਜੱਦੀ ਪਿੰਡਾਂ ਦੇ ਨਾਂਵਾਂ ਨਾਲ ਜੋੜ ਲਏ ਸਨ। ਹੋ ਸਕਦੈ ਕੈਨੇਡਾ 'ਚ ਘੁੱਗ ਵਸਦੇ ਪੰਜਾਬੀ,ਕਦੇ ਨਾ ਕਦੇ ਭਵਿੱਖ ਵਿਚ ਆਪਣੇ ਵਸੇਬੇ ਦੀਆਂ ਥਾਵਾਂ ਨਾਲ ਆਪੋ ਆਪਣੇ ਪਿੰਡਾਂ ਦੇ ਨਾਂਵੀ ਜੋੜ ਲੈਣ। ਬਰੈਂਪਟਨ ਦੇ ਸਪਰਿੰਗਡੇਲ ਏਰੀਏ ਨੂੰ ਤਾਂ ਉਹ ਸਿੰਘਡੇਲ ਕਹਿਣ ਲੱਗ ਹੀ ਪਏ ਹਨ।

1857 ਵਿਚ ਜਦੋਂ ਭਾਰਤ ਵਿਚ ਗਦਰ ਹੋਇਆ ਉਦੋਂ ਬਰੈਂਪਟਨ 'ਚ ਕੇਵਲ 50 ਬੰਦਿਆਂ ਦਾ ਵਸੇਬਾ ਸੀ। 1871 ਤਕ ਇਥੇ 2090 ਵਿਅਕਤੀ ਰਹਿਣ ਲੱਗੇ। 1901 ਤਕ ਆਬਾਦੀ 2748 ਤੇ 1911 ਤਕ 3412 ਤਕ ਹੀ ਵਧੀ। 1951 ਵਿਚ 8398, 1961 ਵਿਚ 18477 ਤੇ 1971 ਵਿਚ 41211 ਹੋਈ। 70ਵਿਆਂ ਵਿਚ ਜਦੋਂ ਪੰਜਾਬੀਆਂ ਤੇ ਹੋਰ ਪਰਵਾਸੀਆਂ ਨੇ ਬਰੈਂਪਟਨ ਵੱਲ ਮੂੰਹ ਕੀਤਾ ਤਾਂ 1981 ਵਿਚ ਆਬਾਦੀ 149030 ਹੋ ਗਈ। 1991 ਵਿਚ 234445 ਤੇ 2001 ਵਿਚ 325428 ਤਕ ਜਾ ਪੁੱਜੀ। 2001 ਵਿਚ ਮੇਰੇ ਬਰੈਂਪਟਨ ਪੁੱਜਣ ਤੋਂ ਬਾਅਦ ਆਬਾਦੀ ਵਧ ਕੇ ਛੇ ਲੱਖ ਹੋ ਗਈ ਹੈ। 2016 ਦੇ ਅੰਕੜਿਆਂ ਅਨੁਸਾਰ 593638 ਸੀ। ਇਸ ਵਿਚ 261705 ਸਾਊਥ ਏਸ਼ੀਅਨ, 153390 ਯੂਰਪੀਨ, 82175 ਅਫਰੀਕਨ, 20100 ਫਿਲਪੀਨੋ ਤੇ 8955 ਚੀਨੇ ਹਨ। ਲੇਟਿਨ ਅਮੈਰੀਕਨ, ਸਾਊਥ-ਈਸਟ ਏਸ਼ੀਅਨ, ਵੈਸਟ ਏਸ਼ੀਅਨ, ਕੋਰੀਅਨ ਤੇ ਆਦਿਵਾਸੀ ਵੀ ਕੁਝ ਸੈਂਕੜਿਆਂ ਤੇ ਹਜ਼ਾਰਾਂ ਵਿਚ ਹਨ। ਇਥੇ ਦੁਨੀਆਂ ਦੀਆਂ ਸਭ ਨਸਲਾਂ ਵੇਖੀਆਂ ਜਾ ਸਕਦੀਆਂ ਹਨ। ਬਰੈਂਪਟਨ ਦੀ ਕੁਲ ਆਬਾਦੀ 'ਚੋਂ 50% ਈਸਾਈ, 19% ਸਿੱਖ, 12% ਹਿੰਦੂ ਤੇ 7% ਮੁਸਲਮਾਨ ਹਨ। 10% ਐਸੇ ਹਨ ਜਿਨ੍ਹਾਂ ਨੇ ਆਪਣਾ ਕੋਈ ਧਰਮ ਨਹੀਂ ਲਿਖਵਾਇਆ। ਬਾਕੀ ਬੋਧੀ, ਜੈਨੀ ਤੇ ਪਾਰਸੀ ਬਗੈਰਾ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ 'ਸਿੱਖ ਰਾਜ' ਵਿਚ ਸਿੱਖ 10% ਤੋਂ ਵੀ ਘੱਟ ਸਨ।

51% ਬਰੈਂਪਟਨੀਆਂ ਦੀ ਮਾਤ ਭਾਸ਼ਾ ਅੰਗਰੇਜ਼ੀ ਹੈ ਤੇ 18% ਦੀ ਮਾਂ ਬੋਲੀ ਪੰਜਾਬੀ। ਇਨ੍ਹਾਂ ਦੋ ਭਾਸ਼ਾਵਾਂ ਤੋਂ ਬਾਅਦ ਜਿਹੜੀਆਂ ਨੌਂ ਗਿਣਨਯੋਗ ਭਾਸ਼ਾਵਾਂ ਸਨ ਉਨ੍ਹਾਂ ਦੀ ਫੀਸਦੀ 1.5% ਤੋਂ 2.8% ਤਕ ਹੀ ਹੈ। ਵਿਚਲੀ ਗੱਲ ਇਹ ਹੈ ਕਿ ਪੰਜਾਬ ਵਾਂਗ ਹੀ ਇਥੋਂ ਦੇ ਹਜ਼ਾਰਾਂ ਪੰਜਾਬੀਆਂ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਨਹੀਂ ਲਿਖਾਈ। ਉਂਜ ਬਰੈਂਪਟਨ ਦੇ ਇਕ ਚੌਥਾਈ ਤੋਂ ਵੱਧ ਵਸਨੀਕ ਪੰਜਾਬੀ ਮੂਲ ਦੇ ਹਨ ਜਿਨ੍ਹਾਂ ਵਿਚ ਪਾਕਿਸਤਾਨੀ ਪੰਜਾਬੀ ਵੀ ਹਨ। ਪਰਵਾਸੀ ਬਣ ਕੇ ਵੀ ਕੁਝ ਪੰਜਾਬੀ ਵੀਰ ਆਪਣੀ ਮਾਤ ਭਾਸ਼ਾ, ਉਰਦੂ, ਹਿੰਦੀ ਜਾਂ ਅੰਗਰੇਜ਼ੀ ਲਿਖਾਈ ਜਾਂਦੇ ਹਨ। ਮਰਦਮ ਸ਼ੁਮਾਰੀ ਦੇ ਅਜੋਕੇ ਅੰਕੜਿਆਂ ਅਨੁਸਾਰ 269790 ਬਰੈਂਪਟਨ ਵਾਸੀਆਂ ਨੇ ਆਪਣੀ ਮਾਦਰੀ ਜ਼ਬਾਨ ਅੰਗਰੇਜ਼ੀ ਲਿਖਾਈ, 91345 ਨੇ ਪੰਜਾਬੀ, 14580 ਨੇ ਉਰਦੂ ਜੋ ਲਹਿੰਦੇ ਪੰਜਾਬ ਦੇ ਪੰਜਾਬੀਆਂ ਨੇ ਲਿਖਵਾਈ, 11095 ਨੇ ਪੁਰਤਗੇਜ਼ੀ, 11040 ਨੇ ਗੁਜਰਾਤੀ, 10225 ਨੇ ਸਪੇਨੀ, 10060 ਨੇ ਹਿੰਦੀ, 9530 ਨੇ ਤਾਮਿਲ, 8785 ਨੇ ਟੈਗਾਲਾਗ ਅਤੇ 7990 ਨੇ ਆਪਣੀ ਮਾਤ ਭਾਸ਼ਾ ਇਤਾਲਵੀ ਲਿਖਾਈ।

2016 ਦੇ ਅੰਕੜਿਆਂ ਅਨੁਸਾਰ ਬਰੈਂਪਟਨ ਵਿਚ ਔਰਤਾਂ ਦੀ ਗਿਣਤੀ 300105 ਹੈ ਜਦ ਕਿ ਮਰਦ 293335 ਹਨ। 15 ਸਾਲ ਤੋਂ ਘੱਟ ਉਮਰ ਦੇ 20.3%, 15 ਤੋਂ 65 ਸਾਲ ਦੇ 68% ਅਤੇ 65 ਤੋਂ 85 ਸਾਲ ਦੇ 11.2% ਹਨ। 1% ਵਸੋਂ 85 ਸਾਲ ਤੋਂ ਵਡੇਰਿਆਂ ਦੀ ਹੈ। ਬਰੈਂਪਟਨ 'ਚਕੁਲ 164525 ਘਰ ਹਨ ਜਿਨ੍ਹਾਂ 'ਚ ਵਿਆਹੇ ਵਰੇ ਤੇ ਕਾਮਨ ਲਾਅ ਮੈਰਿਜ ਵਾਲੇ 126360 ਪਰਿਵਾਰ ਰਹਿੰਦੇ ਹਨ। ਬਾਕੀ ਮਕਾਨਾਂ 'ਚ ਛੜੇ ਛਾਂਟ ਤੇ ਤਲਾਕਸ਼ੁਦਾ 'ਕੱਲੇ 'ਕੱਲੇਜੀਵਨ ਬਸਰ ਕਰਦੇ ਹਨ। ਵਿਆਹੇ ਜੋੜਿਆਂ 'ਚੋਂ 31035 ਦੇ ਇਕ ਬੱਚਾ, 44440 ਦੇ ਦੋ ਬੱਚੇ ਤੇ 19125 ਜੋੜਿਆਂ ਦੇ ਤਿੰਨ ਜਾਂ ਵੱਧ ਬੱਚੇ ਹਨ। ਬੱਚਿਆਂ ਦੀਕੁਲ ਗਿਣਤੀ 94600 ਹੈ।ਹੁਣ ਕੈਨੇਡੀਅਨ ਜੰਮਦੇਘੱਟ ਹਨ ਤੇ ਮਰਦੇ ਵੱਧ ਹਨ। ਘਾਟਾ ਵਾਧਾ ਪਰਵਾਸੀ ਪੂਰਾ ਕਰ ਰਹੇ ਹਨ। ਬਹੁਤੇ ਕੈਨੇਡੀਅਨ ਵਿਆਹ ਕਰਾਉਣੇ ਛੱਡੀ ਜਾ ਰਹੇ ਹਨ। ਕਹਿੰਦੇ ਔਲਾਦ ਸਾਂਭਣੀ ਔਖੀ ਐ। ਵੇਖਦੇ ਜਾਓ, ਗੋਰਿਆਂ ਦੀ ਰੀਸੇ ਕਰਨਾ ਪੰਜਾਬੀਆਂ ਨੇ ਵੀ ਉਹੋ ਕੁਝ ਹੀ ਹੈ!

ਇਹ ਵਰਣਨਯੋਗ ਹੈ ਕਿ ਉਪ੍ਰੋਕਤ ਗਿਣਤੀ ਮਿਣਤੀ 'ਚ ਬਰੈਂਪਟਨ ਵਿਚ ਰਹਿੰਦੇ ਵਿਦਿਆਰਥੀਆਂ, ਵਰਕ ਪਰਮਿਟ ਵਾਲਿਆਂ ਤੇ ਵਿਜ਼ਟਰਾਂ ਦੀ ਗਿਣਤੀ ਸ਼ਾਮਲ ਨਹੀਂ ਜੋ ਸੰਭਵ ਹੈ ਲੱਖ ਤੋਂ ਵੀ ਵੱਧ ਹੋਵੇ।

ਕੈਨੇਡਾ ਬੀ. ਸੀ. ਦਾ ਸ਼ਹਿਰ ਸੱਰੀ ਵੀ ਪੰਜਾਬੀਆਂ ਦੀ ਚੋਖੀ ਵਸੋਂ ਵਾਲਾ ਹੈ। ਅਜੋਕੇ ਅੰਕੜਿਆਂ ਅਨੁਸਾਰ ਸੱਰੀ ਦੀ ਆਬਾਦੀ 517887 ਹੈ ਜਿਨ੍ਹਾਂ ਵਿਚੋਂ 93785ਜਣੇ ਪੰਜਾਬੀ ਬੋਲਦੇ ਹਨ। ਉਥੇ 51% ਲੋਕ ਅੰਗਰੇਜ਼ੀ ਬੋਲਦੇ ਹਨ ਤੇ 20% ਪੰਜਾਬੀ। ਬਾਕੀ ਨੌਂ ਭਾਸ਼ਾਵਾਂ ਬੋਲਣ ਵਾਲੇ ਕੁਲ ਵਸੋਂ ਦੇ 1.06% ਤੋਂ 2.95% ਹਨ। ਬੋਲੀ ਜਾਣ ਵਾਲੀ ਭਾਸ਼ਾ ਵਜੋਂ ਉਥੇ ਪੰਜਾਬੀ ਜ਼ੁਬਾਨ ਦਾ ਚੰਗਾ ਬੋਲਬਾਲਾ ਹੈ ਜੋ ਸਕੂਲਾਂ ਤੇ ਯੂਨੀਵਰਸਿਟੀ ਵਿਚ ਵੀ ਪੜ੍ਹਾਈ ਜਾਂਦੀ ਹੈ।ਓਨਟਾਰੀਓ ਸੂਬੇ ਵਿਚ ਬਰੈਂਪਟਨ ਤੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਸੱਰੀ ਪੰਜਾਬੀਆਂ ਦੇ ਸਭ ਤੋਂ ਵੱਡੇ ਸ਼ਹਿਰ ਹਨ। ਇਨ੍ਹਾਂ ਸ਼ਹਿਰਾਂ ਵਿਚ ਪੰਜਾਬੀ ਦੇ ਅਨੇਕਾਂ ਅਖ਼ਬਾਰ ਛਪਦੇ ਅਤੇ ਦਰਜਨਾਂ ਰੇਡੀਓ ਤੇ ਟੀਵੀ ਦੇ ਪੰਜਾਬੀ ਪ੍ਰੋਗਰਾਮ ਚਲਦੇ ਹਨ। ਕੁਝ ਦੁਕਾਨਾਂ ਦੇ ਬੋਰਡ ਵੀ ਗੁਰਮੁਖੀ ਅੱਖਰਾਂ ਵਿਚ ਲਿਖੇ ਦਿਸਦੇ ਹਨ। ਪਾਰਕਾਂ ਵਿਚ ਪੰਜਾਬੀ ਬਾਬਿਆਂ ਦੀਆਂ ਸੱਥਾਂ ਜੁੜਦੀਆਂ ਅਤੇ ਕਮਿਊਨਿਟੀ ਕੇਂਦਰਾਂ 'ਚ ਤਾਸ਼ ਦੀਆਂ ਬਾਜ਼ੀਆਂ ਲੱਗਦੀਆਂ ਹਨ। ਦਿਓਰ ਭਾਬੀ,ਸਰਾਂ ਮੰਗਣ, ਘੜਵੰਜਤੇ ਬੇਗੀ ਬਾਦਸ਼ਾਹ ਕੁੱਟ ਤੋਂ ਲੈ ਕੇ ਸੀਪ ਲਾਉਣ ਤਕਦੀਆਂ ਖੇਡਾਂ ਖੇਡੀਆਂ ਜਾਂਦੀਆਂ ਹਨ।

ਬਰੈਂਪਟਨ ਵਿਚ ਅਨੇਕਾਂ ਗੁਰਦਵਾਰੇ ਹਨ ਜਿਥੇ ਪਾਠਾਂ,ਭੋਗਾਂ, ਕਥਾ ਕੀਰਤਨ ਤੇ ਅਨੰਦ ਕਾਰਜਾਂ ਦਾ ਵਾਰ ਨਹੀਂ ਆਉਂਦਾ। ਨਗਰ ਕੀਰਤਨਾਂ ਸਮੇਂ ਤਾਂ ਸੰਗਤਾਂ ਦਾ ਹੜ੍ਹ ਹੀ ਆ ਜਾਂਦੈ। ਲੰਗਰਾਂ ਦਾ ਅੰਤ ਸ਼ੁਮਾਰ ਨਹੀਂ ਰਹਿੰਦਾ। ਭਾਂਤ ਸੁਭਾਂਤੀਆਂ ਮਠਿਆਈਆਂ,ਕਰਾਰੇ ਨਮਕੀਨ, ਦਹੀਂ-ਭੱਲੇ, ਗੋਲਗੱਪੇ,ਸਮੋਸੇ ਤੇ ਪਕੌੜੇ। ਮੇਵੇ ਤੇ ਫਲ-ਫਰੂਟ। ਗਰਮਾ-ਗਰਮ ਜਲੇਬੀਆਂ। ਕੁਲਫੀਆਂ ਤੇ ਆਈਸ ਕਰੀਮਾਂ। ਉਤੋਂ ਦੇਸੀ ਘਿਉ ਦਾ ਕੜਾਹ ਪ੍ਰਸ਼ਾਦ। ਜਿੰਨਾ ਲੰਗਰ ਖਾਧਾ ਗਿਆ ਖਾ ਲਿਆ, ਬਾਕੀ ਸ਼ਰਧਾਲੂਆਂ ਨੂੰ ਝੋਲ਼ੇ ਭਰ ਕੇਘਰ ਲਿਜਾਣਾ ਪੈਂਦੈ ਜੋ ਹਫ਼ਤਾ ਭਰ ਨਹੀਂ ਮੁੱਕਦਾ!ਗੋਰੇ ਤੇ ਕਾਲੇ ਹੈਰਾਨ ਹੁੰਦੇ ਹਨ ਕਿ ਥਾਂ ਪਰ ਥਾਂ 'ਫਰੀ ਫੂਡ' ਦੇ ਸਟਾਲ ਲਾਈ,ਪੱਗਾਂ ਦਾੜ੍ਹੀਆਂ ਵਾਲਿਆਂ ਦਾਇਡਾ ਵੱਡਾ ਕਟਕ ਕਿਥੋਂ ਆ ਚੜ੍ਹਿਆ? ਗਾਉਣ ਵਾਲਿਆਂ ਦੇ ਅਖਾੜੇ ਤੇ ਕਬੱਡੀ ਦੇ ਟੂਰਨਾਮੈਂਟ ਵੀ ਹਜ਼ਾਰਾਂ ਲੋਕ ਵੇਖਦੇ ਹਨ। ਤੀਆਂ ਦੇ ਮੇਲਿਆਂ ਵਿਚਤੀਵੀਆਂ ਦਾ ਵੱਖ ਧੱਕਾ ਪੈਂਦੈ!ਬਰੈਂਪਟਨ ਵਿਚ ਢੋਲ ਵੀ ਵੱਜਦੇ ਹਨ ਤੇ ਭੰਗੜੇ ਵੀ ਪੈਂਦੇ ਹਨ। ਗਾਉਣ ਮੇਲੇ ਇਕੋ ਦਿਨ ਦੋ-ਦੋ ਲੱਗਦੇ ਹਨ। ਕਬੱਡੀ ਕੱਪ ਵੀ ਬਰਾਬਰੋਬਰ ਹੋ ਜਾਂਦੇ ਹਨ ਤੇ ਉਹ ਵੀ 'ਵਰਲਡ ਕੱਪ'!

ਪਹਿਲਾਂ ਇੰਗਲੈਂਡ ਦਾ ਸਾਊਥਾਲ, ਫਿਰ ਅਮਰੀਕਾ ਦਾ ਯੂਬਾ ਸਿਟੀ ਤੇ ਫਿਰ ਕੈਨੇਡਾ ਦਾ ਸੱਰੀ ਪੰਜਾਬੀਆਂ ਦੇ ਗੜ੍ਹ ਕਹੇ ਜਾਂਦੇ ਸਨ। ਹੁਣ ਗਰੇਟਰ ਟੋਰਾਂਟੋ ਦਾ ਸ਼ਹਿਰ ਬਰੈਂਪਟਨਸੱਚੀਂਮੁੱਚੀਂ ਪੰਜਾਬੀਗੜ੍ਹ ਬਣ ਗਿਆ ਹੈ। ਇੰਟਰਨੈਸ਼ਨਲ ਵਿਦਿਆਰਥੀਆਂ ਦੀ ਆਮਦ ਨਾਲ ਇਸ ਦੀ ਆਬਾਦੀ ਵਿਚ ਬੜੀ ਤੇਜ਼ੀ ਨਾਲ ਵਾਧਾ ਹੋ ਰਿਹੈ। ਬਰੈਂਪਟਨ ਹੁਣ ਕੈਨੇਡਾ ਦਾ ਨੌਵਾਂ ਵੱਡਾ ਸ਼ਹਿਰ ਹੈ। ਜਿਵੇਂ ਦੇਸ਼-ਵੰਡ ਪਿੱਛੋਂ ਲਾਹੌਰ ਦੀ ਥਾਂ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਬਣਿਆ ਸੀ ਉਵੇਂ ਚੰਡੀਗੜ੍ਹ ਖੁੱਸ ਜਾਣ ਪਿੱਛੋਂ ਬਰੈਂਪਟਨ ਪੰਜਾਬ ਦੀ ਰਾਜਧਾਨੀ ਬਣ ਰਿਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

**Security Jobs - Security Guard Training - Licensing**
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

**ਵਾਜਿਬ ਕੀਮਤ ਤੇ ਤਸੱਲੀ ਬਖਸ਼ ਕੰਮ ਦੀ ਗਰੰਟੀ**
With Over 15 Years of Experience
ਪੇਂਟ | ਬੈਕਸਪਲੇਸ ਕਿਚਨ | ਬੇਸਮੈਂਟ ਫਿਨਿਸ਼ ਤੇ ਵਾਸ਼ਰੂਮ | ਫਲੋਰ ਟਾਇਲਜ
Perfect Renovations
Call Davinder Singh: 416.909.6650

**RESIDENTIAL - COMMERCIAL PROPERTY - INDUSTRIAL**
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

**ਦੇਖੋ ਮਾਲਿਸ਼ ਦਾ ਕਮਾਲ**
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

**PESTAGON Ltd**
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

**City Translogistics Co.**
ਨੂੰ ਡਰਾਈਵਰਾਂ ਦੀ ਲੋੜ ਹੈ
– City ਲਈ $20/hour
– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ।
ਜਿਆਦਾ ਜਾਣਕਾਰੀ ਲਈ: 647-632-1742

**V4U LOGISTIC INC.**
Delivering "Satisfaction"... On Time ...Every Time.
NOW HIRING
A/Z Drivers Needed
For Canada To US Runs
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ: 416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

**A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ**
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

**amar** INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

**AZ ਡਰਾਇਵਰਾਂ ਦੀ ਲੋੜ ਹੈ**
"New Drivers are welcome"
ਵਧੀਆ ਤਨਖਾਹ
ਆਟੋਪਾਰਟਸ ਲਈ
ਆਟੋਮੈਟਿਕ ਟੱਰਕ
ਸਿੰਗਲ ਡਰਾਇਵਰ ਦੀ Toronto to Montreal ਲਈ ਲੋੜ ਹੈ
ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰ[illegible] ਲਈ ਲੋੜ ਹੈ
416.904.0715 | 647.458.8520

**MANN RENOVATION**
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ। ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

# ਸ਼ੂਗਰਕੇਨ ਸੀਨੀਅਰਜ਼ ਕਲੱਬ ਵੱਲੋਂ ਸਤਪਾਲ ਸਿੰਘ ਜੌਹਲ ਦੀ ਹਿਮਾਇਤ ਦਾ ਐਲਾਨ



ਬਰੈਂਪਟਨ, (ਡਾ. ਝੰਡ)-ਬਰੈਂਪਟਨ 'ਚ ਵਾਰਡ 9-10 ਤੋਂ ਸਕੂਲ ਟ੍ਰੱਸਟੀ ਉਮੀਦਵਾਰ ਸਤਪਾਲ ਸਿੰਘ ਜੌਹਲ ਦੀ ਕੰਪੇਨ ਨੂੰ ਸ਼ੂਗਰਕੇਨ ਸੀਨੀਅਰਜ਼ ਕਲੱਬ ਦੀ ਕਾਰਜਕਾਰਨੀ ਅਤੇ ਮੈਂਬਰਾਂ ਨੇ ਪੂਰਨ ਹਿਮਾਇਤ ਦੇਣ ਦਾ ਫੈਸਲਾ ਕੀਤਾ ਹੈ। ਕਲੱਬ ਦੇ ਪ੍ਰਧਾਨ ਹਰਬੰਸ ਸਿੰਘ ਪੁਰੇਵਾਲ ਨੇ ਆਖਿਆ ਹੈ ਕਿ ਸਤਪਾਲ ਸਿੰਘ ਜੌਹਲ ਨੂੰ ਸਕੂਲਾਂ ਦੇ ਸਿਸਟਮ ਅਤੇ ਕਮਿਊਨਟੀ ਦੀਆਂ ਮੁਸ਼ਕਿਲਾਂ ਬਾਰੇ ਡੂੰਘਾਈ ਤੱਕ ਸਮਝ ਹੈ ਜਿਸ ਕਰਕੇ ਸ਼ੂਗਰਕੇਨ ਕਲੱਬ ਉਨ੍ਹਾਂ ਦੇ ਨਾਲ਼ ਹੈ। ਕਲੱਬ ਦੇ ਸਕੱਤਰ ਕਰਨੈਲ ਸਿੰਘ ਸੰਧੂ ਨੇ ਕਿਹਾ ਕਿ ਬੱਚਿਆਂ, ਮਾਪਿਆਂ ਅਤੇ ਅਧਿਆਪਕਾਂ ਵਿਚਕਾਰ ਕੜੀ ਵਜੋਂ ਕੰਮ ਕਰਨ ਲਈ ਸਤਪਾਲ ਸਿੰਘ ਜੌਹਲ ਸਮਰੱਥ ਸ਼ਖਸੀਅਤ ਹੈ।

ਪ੍ਰਧਾਨ ਸ. ਪੁਰੇਵਾਲ ਨੇ ਕਿਹਾ ਕਿ 13 ਅਕਤੂਬਰ ਨੂੰ ਹੋਣ ਵਾਲ਼ੀ ਐਡਵਾਂਸ ਵੋਟਿੰਗ ਵਿੱਚ ਲੋਕਾਂ ਨੂੰ ਪਰਿਵਾਰਾਂ ਸਮੇਤ ਵੋਟਾਂ ਪਾਉਣ ਅਤੇ ਸਤਪਾਲ ਸਿੰਘ ਜੌਹਲ ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਸ. ਸੰਧੂ ਨੇ ਦੱਸਿਆ ਕਿ ਸ਼ੂਗਰਕੇਨ ਸੀਨੀਅਰਜ਼ ਕਲਬ ਵਲੋਂ ਸਾਰੇ ਸਾਲ ਦੌਰਾਨ ਕਮਿਊਨਿਟੀ ਐਜੂਕੇਸ਼ਨ ਵਾਸਤੇ ਕਈ ਸਮਾਗਮ ਕਰਵਾਏ ਜਾਂਦੇ ਹਨ ਜਿਨ੍ਹਾਂ ਦਾ ਮੁੱਖ ਮਕਸਦ ਵੱਖ-ਵੱਖ ਭਾਈਚਾਰਿਆਂ ਵਿੱਚ ਮਿਲਵਰਤਣ ਵਧਾਉਣਾ ਹੁੰਦਾ ਹੈ। ਇਸ ਮੌਕੇ 'ਤੇ ਕਲੱਬ ਦੇ ਚੇਅਰਮੈਨ ਚਰਨਜੀਤ ਸਿੰਘ ਗਿੱਲ, ਖਜਾਨਚੀ ਜੀਤ ਸਿੰਘ ਕੁਲਾਰ ਅਤੇ ਡਾਇਰੈਕਟਰ ਸ਼ਿੰਦਰ ਸਿੰਘ ਭੁੱਲਰ ਵੀ ਹਾਜ਼ਿਰ ਸਨ।

# ਉਮੀਦਵਾਰਾਂ ਦੇ ਸਾਈਨ-ਬੋਰਡ ਪੁੱਟੇ ਜਾਣ ਅਤੇ ਤਰੋੜ-ਮਰੋੜ ਕੇ ਸੁੱਟੇ ਜਾਣ ਦੀਆਂ ਘਟਨਾਵਾਂ ਨਿੰਦਣਯੋਗ

ਬਰੈਂਪਟਨ, (ਡਾ. ਝੰਡ) -ਫ਼ੋਨ ਰਾਹੀਂ ਪ੍ਰਾਪਤ ਇਕ ਸੂਚਨਾ ਅਨੁਸਾਰ ਪਿਛਲੇ ਕਈ ਦਿਨਾਂ ਤੋਂ ਵਾਰਡ ਨੰਬਰ 3-4 ਵਿਚ ਕਈ ਅਜਿਹੀਆਂ ਘਟਨਾਵਾਂ ਵੇਖਣ ਨੂੰ ਮਿਲ ਰਹੀਆਂ ਹਨ ਜੋ ਕਿਸੇ ਵੀ ਤਰ੍ਹਾਂ ਸ਼ੋਭਾ ਨਹੀਂ ਦਿੰਦੀਆਂ ਅਤੇ ਇਹ ਅਤੀ-ਨਿੰਦਣਯੋਗ ਹਨ। ਪਤਾ ਲੱਗਾ ਹੈ ਕਿ ਰਾਤ ਦੇ ਸਮੇਂ ਕਈ ਸ਼ਰਾਰਤੀ ਅਨਸਰ ਇਨ੍ਹਾਂ ਚੋਣਾਂ ਵਿਚ ਖੜੇ ਕਈ ਉਮੀਦਵਾਰਾਂ ਦੇ ਸਾਈਨ-ਬੋਰਡ ਪੁੱਟ ਜਾਂਦੇ ਹਨ ਅਤੇ ਇਨ੍ਹਾਂ ਨੂੰ ਤਰੋੜ-ਮਰੋੜ ਕੇ ਉਜਾੜ ਥਾਵਾਂ 'ਤੇ ਸੁੱਟ ਜਾਂਦੇ ਹਨ।

ਜਿਉਂ-ਜਿਉਂ ਚੋਣਾਂ ਦਾ ਦਿਨ 22 ਅਕਤੂਬਰ ਨੇੜੇ ਆ ਰਿਹਾ ਹੈ, ਅਜਿਹੀਆਂ ਗ਼ਤੀਵਿਧੀਆਂ ਵਿਚ ਹੋਰ ਵੀ ਵਾਧਾ ਹੋਈ ਜਾ ਰਿਹਾ ਹੈ। ਅਜਿਹਾ ਕਰਨ ਨਾਲ ਨਾ ਸਿਰਫ਼ ਗ਼ਲਤ ਕਦਰਾਂ-ਕੀਮਤਾਂ ਦਾ ਸਹਾਰਾ ਲੈ ਕੇ ਕਈਆਂ ਉਮੀਦਵਾਰਾਂ ਵੱਲੋਂ ਅੱਗੇ ਵੱਧਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਸਗੋਂ ਇਸ ਦੇ ਨਾਲ ਸ਼ਹਿਰ ਦੇ ਖ਼ੂਬਸੂਰਤ ਵਾਤਾਵਰਣ ਨੂੰ ਵੀ ਗੰਦਾ ਕਰਨ ਦਾ ਕੋਝਾ ਯਤਨ ਕੀਤਾ ਜਾ ਰਿਹਾ ਹੈ ਜਿਸ ਦੀ ਜਿੰਨੀ ਵੀ ਨਖੇਧੀ ਕੀਤੀ ਜਾਏ, ਘੱਟ ਹੈ। ਖ਼ੂਬਸੂਰਤ ਸ਼ਹਿਰ ਬਰੈਂਪਟਨ ਜਿਸ ਨੂੰ 'ਫ਼ਲਾਵਰ ਸਿਟੀ' ਦੇ ਨਾਂ ਨਾਲ ਵੀ ਜਾਣਿਆਂ ਜਾਂਦਾ ਹੈ, ਅਜਿਹੀਆਂ ਸ਼ਰਮਨਾਕ ਘਟਨਾਵਾਂ ਮਨੁੱਖੀ ਸਾਡੀਆਂ ਉੱਚ ਮਨੁੱਖੀ ਕਦਰਾਂ-ਕੀਮਤਾਂ 'ਤੇ ਪ੍ਰਸ਼ਨ-ਚਿੰਨ ਲਗਾਉਂਦੀਆਂ ਹਨ।

ਸਾਰੇ ਹੀ ਉਮੀਦਵਾਰਾਂ ਅਤੇ ਉਨ੍ਹਾਂ ਦੇ ਸਮੱਰਥਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਸ ਕਿਸਮ ਦੀ ਨੀਵੀਂ ਸੋਚ ਨੂੰ ਛੱਡ ਕੇ ਉਚੇਰੀਆਂ ਮਨੁੱਖੀ ਕਦਰਾਂ-ਕੀਮਤਾਂ ਦਾ ਲੜ ਫੜ੍ਹਨ ਅਤੇ ਇਸ ਚੋਣ ਨੂੰ ਉੱਚ ਦਰਜੇ ਦੀ ਖੇਡ-ਭਾਵਨਾ ਨਾਲ ਲੜਨ ਦੀ ਕੋਸ਼ਿਸ਼ ਕਰਨ ਤਾਂ ਕਿ ਕਿਸੇ ਵੀ ਉਮੀਦਵਾਰ ਦੀਆਂ ਭਾਵਨਾਵਾਂ ਨੂੰ ਕੋਈ ਠੇਸ ਨਾ ਪਹੁੰਚੇ ਅਤੇ ਸ਼ਹਿਰ ਵਿਚ ਆਪਸੀ-ਮਿਲਵਰਤਣ ਤੇ ਸਦਭਾਵਨਾ ਦਾ ਮਾਹੌਲ ਬਣਿਆ ਰਹੇ।

# ਬੇਹੱਦ ਸਫ਼ਲ ਰਹੀ 'ਪਰਵਾਸੀ ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ ਓਨਟੇਰੀਓ' ਦੀ ਸਾਲਾਨਾ ਜਨਰਲ ਬਾਡੀ ਮੀਟਿੰਗ

ਬਰੈਂਪਟਨ (ਡਾ. ਝੰਡ) -ਪਰਵਾਸੀ ਪੰਜਾਬ ਪੈਨਸ਼ਨਰਜ਼ ਐਸੋਸਿਏਸ਼ਨ ਓਨਟੇਰੀਓ (ਕੈਨੇਡਾ) ਦੀ ਸਾਲਾਨਾ ਜਨਰਲ ਬਾਡੀ ਮੀਟਿੰਗ ਬੀਤੇ ਐਤਵਾਰ ਬਰੈਂਪਟਨ ਸੌਕਰ ਸੈਂਟਰ ਵਿਚ ਹੋਈ ਜਿਸ ਵਿਚ 150 ਦੇ ਕਰੀਬ ਮੈਬਰਾਂ ਨੇ ਹਿੱਸਾ ਲਿਆ। ਇੱਥੇ ਪ੍ਰੈੱਸ ਦੇ ਨਾਂ ਜਾਰੀ ਕੀਤੇ ਇਕ ਬਿਆਨ ਵਿਚ ਐਸੋਸੀਏਸ਼ਨ ਦੇ ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਦੱਸਿਆ ਕਿ ਸੱਭ ਤੋਂ ਪਹਿਲਾਂ ਜਨਰਲ ਸਕੱਤਰ ਵੱਲੋਂ ਐਸੋਸੀਏਸ਼ਨ ਦੀਆਂ ਪਿਛਲੇ ਸਾਲ ਦੀਆਂ ਸਰਗ਼ਰਮੀਆਂ ਦੀ ਜਾਣਕਾਰੀ ਦਿੱਤੀ ਗਈ ਕਿ ਕਿਵੇਂ ਐਸੋਸੀਏਸ਼ਨ ਦੀਆਂ ਪ੍ਰਮੁੱਖ ਮੰਗਾਂ ਦੇ ਅਧਾਰ ਤੇ ਮੰਗ-ਪੱਤਰ ਤਿਆਰ ਕਰਕੇ ਪ੍ਰੈੱਸ, ਈ-ਮੇਲ ਅਤੇ ਹੋਰ ਸਾਧਨਾਂ ਰਾਹੀਂ ਪ੍ਰਚਾਰਿਆ ਗਿਆ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਤਨਖ਼ਾਹ ਕਮਿਸ਼ਨ ਦੀ ਰਿਪੋਰਟ ਛੇਤੀ ਪ੍ਰਾਪਤ ਕਰਕੇ ਲਾਗੂ ਕੀਤੀ ਜਾਵੇ ਅਤੇ ਡੀ.ਏ. ਦੀਆਂ ਬਕਾਇਆ ਕਿਸਤਾਂ ਦੀ ਅਦਾਇਗੀ ਤੁਰੰਤ ਕੀਤੀ ਜਾਵੇ।





ਉਪ-ਪ੍ਰਧਾਨ ਇੰਜੀਨੀਅਰ ਬਲਦੇਵ ਸਿੰਘ ਬਰਾੜ ਨੇ ਫ਼ੈਡਰਲ ਸਰਕਾਰ ਨਾਲ ਸਬੰਧਿਤ ਮੰਗਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਓਲਡ ਏਜ ਸਕਿਉਰਿਟੀ ਅਤੇ ਜੀ.ਆਈ.ਐੱਸ. ਦੀ ਦਰ 'ਚ ਵਰਤਮਾਨ ਮਹਿੰਗਾਈ ਅਨੁਸਾਰ ਮੌਜੂਦਾ $3500 ਸਾਲਾਨਾ ਦੀ ਹੱਦ ਵਿਚ ਵਾਧਾ, ਗਰੀਬੀ-ਰੇਖਾ ਦੀ ਹੱਦ ਵਿਚ ਵਾਧਾ ਅਤੇ ਵਿਦੇਸ਼ੀ ਜਾਇਦਾਦ ਦੀ ਹੱਦ ਵਿਚ ਵਾਧਾ ਇਕ ਲੱਖ ਡਾਲਰ ਤੋਂ ਦੋ ਮਿਲੀਅਨ ਡਾਲਰ ਹੋਣਾ ਚਾਹੀਦਾ ਹੈ। ਜਦੋਂ ਕੋਈ ਵਿਅੱਕਤੀ ਕੈਨੇਡਾ ਦੀ ਨਾਗਰਿਕਤਾ ਹਾਸਿਲ ਕਰ ਲੈਂਦਾ ਹੈ ਤਾਂ ਉਸ ਨੂੰ 65 ਸਾਲ ਦੀ ਉਮਰ ਹੋਣ 'ਤੇ ਕੈਨੇਡੀਅਨ ਨਾਗਰਿਕ ਵਾਲੇ ਸਾਰੇ ਹੀ ਲਾਭ ਮਿਲਣੇ ਚਾਹੀਦੇ ਹਨ ਜਿਸ ਵਿਚ ਓਲਡ ਏਜ ਸਕਿਉਰਿਟੀ ਵੀ ਸ਼ਾਮਲ ਹੋਵੇ।

ਚੇਅਰਮੈਨ ਡਾ. ਪਰਮਜੀਤ ਸਿੰਘ ਢਿੱਲੋਂ ਨੇ ਪ੍ਰੋਵਿੰਸ਼ੀਅਲ ਸਰਕਾਰ ਨਾਲ ਸਬੰਧਿਤ ਮੰਗਾਂ ਦਾ ਵਿਸਥਾਰ ਦਿੰਦੇ ਹੋਏ ਕਿਹਾ ਕਿ ਸਰਕਾਰ ਵਲੋਂ ਇਹ ਨੀਤੀ ਬਣਾਈ ਜਾਵੇ ਕਿ ਡਿਵੈੱਲਪਰਾਂ ਲਈ ਇਹ ਲਾਜ਼ਮੀ ਕੀਤਾ ਜਾਵੇ ਕਿ ਇਕ ਜਾਂ ਦੋ ਕਮਰਿਆਂ ਵਾਲੇ 15% ਘਰ ਸੀਨੀਅਰਜ਼ ਨੂੰ ਰਿਆਇਤੀ ਦਰ 'ਤੇ ਦੇਣ ਲਈ ਉਸਾਰੇ ਜਾਣ ਅਤੇ ਇੰਨ੍ਹਾਂ ਦੀ ਇਨਸ਼ੋਰੈਂਸ ਦਾ ਖ਼ਰਚਾ ਵੀ ਸਰਕਾਰ ਵਲੋਂ ਅਦਾ ਕੀਤਾ ਜਾਵੇ, ਕਮਿਊਨਿਟੀ ਘਰਾਂ ਅਤੇ ਅਫ਼ੋਰਡੇਬਲ ਘਰਾਂ ਦੀ ਗਿਣਤੀ ਵਧਾਈ ਜਾਵੇ, ਅਫ਼ੋਰਡੇਬਲ ਰੈਂਟਲ ਘਰਾਂ ਵਿਚ ਰਹਿ ਰਹੇ ਵਸਨੀਕਾਂ ਦੀ ਦੇਸੋਂ ਬਾਹਰ ਰਹਿਣ ਦੀ ਸਮਾਂ ਸੀਮਾ 3 ਮਹੀਨਿਆਂ ਤੋਂ ਵਧਾ ਕੇ 6 ਮਹੀਨੇ ਕੀਤੀ ਜਾਵੇ ਅਤੇ ਅਲਬਰਟਾ ਵਾਂਗ ਓਨਟੇਰੀਓ ਵਿਚ ਵੀ ਸੀਨੀਅਰਜ਼ ਵਾਸਤੇ ਦੰਦਾਂ ਅਤੇ ਅੱਖਾਂ ਦੇ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਜਾਵੇ ਅਤੇ ਬੱਸਾਂ ਵਿਚ ਸਫਰ ਕਰਨ ਲਈ $50 ਸਾਲਾਨਾ ਅਤੇ $15 ਮਹੀਨੇਵਾਰ ਪਾਸ ਦੀ ਸਹੂਲਤ ਦਿੱਤੀ ਜਾਵੇ।

ਏਸੇ ਤਰ੍ਹਾਂ ਸਿਟੀ ਨਾਲ ਸਬੰਧਿਤ ਮੰਗਾਂ ਸਬੰਧੀ ਵਿਸਥਾਰ ਦਿੰਦੇ ਹੋਏ ਪ੍ਰਧਾਨ ਪਰਮਜੀਤ ਸਿੰਘ ਬੜਿੰਗ ਨੇ ਕਿਹਾ ਕਿ ਜਦੋਂ ਡਿਵੈੱਲਪਰਾਂ ਨੂੰ ਪਰਮਿੱਟ ਦੇਣ ਸਮੇਂ ਇਹ ਸ਼ਰਤ ਲਾਈ ਜਾਵੇ ਕਿ 15% ਘਰ ਸੀਨੀਅਰਜ਼ ਲਈ ਰਾਖਵੇਂ ਰੱਖੇ ਜਾਣ, ਅਫ਼ੋਰਡੇਬਲ ਰੈਂਟਲ ਘਰਾਂ ਦੀ ਸੰਖਿਆ ਵਧਾਈ ਜਾਵੇ, ਬੱਸਾਂ ਦੇ ਸਫ਼ਰ ਲਈ $1 ਦਾ ਪਾਸ ਦਿੱਤਾ ਜਾਵੇ ਜਿਸ ਦੀ ਮਿਆਦ 8 ਘੰਟੇ ਹੋਵੇ, $15 ਵਿਚ ਮਾਸਿਕ ਅਤੇ $50 ਵਿਚ ਸਾਲਾਨਾ ਪਾਸ ਦਿੱਤਾ ਜਾਵੇ ਜਿਵੇਂ ਕਿ ਕੁਝ ਹੋਰ ਸੂਬਿਆਂ ਵਿਚ ਦਿੱਤਾ ਜਾ ਰਿਹਾ ਹੈ ਅਤੇ ਪਾਰਕਾਂ ਵਿਚ ਪੱਕੇ ਵਾਸ਼-ਰੂਮ ਅਤੇ ਪੀਣ ਵਾਲੇ ਪਾਣੀ ਦੇ ਪ੍ਰਬੰਧ ਦੇ ਨਾਲ ਹੀ ਪੱਕੇ ਵਾਕ-ਵੇਅ ਬਣਾਏ ਜਾਣ। ਹੋਰ ਬੁਲਾਰਿਆਂ ਵਿਚ ਮੱਲ ਸਿੰਘ ਬਾਸੀ, ਤਾਰਾ ਸਿੰਘ ਗਰਚਾ, ਪੀ. ਐੱਸ ਪਸਰੀਚਾ, ਸੁਰਿੰਦਰ ਸਿੰਘ ਪਾਮਾ, ਐੱਚ.ਐੱਸ ਮਿਨਹਾਸ, ਗੁਰਬਚਨ ਸਿੰਘ ਧਾਲੀਵਾਲ, ਇਕਬਾਲ ਕੌਰ ਛੀਨਾ ਅਤੇ ਪ੍ਰਤਾਪ ਸਿੰਘ ਸੈਣੀ ਵੀ ਸਾਮਲ ਸਨ।

ਮੁਹਿੰਦਰ ਸਿਘ ਮੋਹੀ ਵਲੋਂ ਐਸੋਸੀਏਸ਼ਨ ਦਾ ਹਿਸਾਬ-ਕਿਤਾਬ ਪੇਸ਼ ਕੀਤਾ ਗਿਆ ਜੋ ਸਰਵਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਚਾਹ-ਪਾਣੀ ਦੀ ਸੇਵਾ ਬਾਖ਼ੂਬੀ ਕਰਨ ਲਈ ਸੀਨੀਅਰ ਮੈਂਬਰ ਬਲਵਿੰਦਰ ਸਿੰਘ ਬਰਾੜ ਦਾ ਵਿਸੇਸ਼ ਧੰਨਵਾਦ ਕੀਤਾ ਗਿਆ। ਇਸ ਮੀਟਿੰਗ ਦਾ ਇਕ ਦਿਲਚਸਪ ਪਹਿਲੂ ਇਹ ਵੀ ਸੀ ਕਿ ਇਸ ਵਿਚ ਇਨ੍ਹਾਂ ਚੋਣਾਂ ਵਿਚ ਮੇਅਰ-ਪਦ ਲਈ ਖੜੇ ਉਮੀਦਵਾਰ ਬਲ ਗੌਸਲ ਅਤੇ ਵਾਰਡ 9-10 ਤੋਂ ਰੀਜਨਲ ਕਾਊਂਸਲ ਲਈ ਉਮੀਦਵਾਰ ਗੁਰਪ੍ਰੀਤ ਸਿੰਘ ਢਿੱਲੋਂ ਨੇ ਵੀ ਕੁਝ ਸਮੇਂ ਲਈ ਸ਼ਿਰਕਤ ਕੀਤੀ। ਐਸੋਸੀਏਸ਼ਨ ਦੀ ਕਾਰਜਕਾਰਨੀ ਵੱਲੋਂ ਉਨ੍ਹਾਂ ਨੂੰ ਮੈਮੋਰੈਂਡਮ ਦੀ ਕਾਪੀ ਦੇ ਕੇ ਇਹ ਮੰਗਾਂ ਵੱਖ-ਵੱਖ ਪੱਧਰ 'ਤੇ ਮਨਵਾਉਣ ਲਈ ਬੇਨਤੀ ਕੀਤੀ ਗਈ ਜਿਸ ਦੇ ਬਾਰੇ ਉਨ੍ਹਾਂ ਦੋਹਾਂ ਵੱਲੋਂ ਯਕੀਨ ਦਿਵਾਇਆ ਗਿਆ।

ਐਸੋਸੀਏਸ਼ਨ ਨਾਲ ਸਬੰਧਿਤ ਹੋਰ ਜਾਣਕਾਰੀ ਵਾਸਤੇ ਪਰਮਜੀਤ ਸਿੰਘ ਬੜਿੰਗ (647-963-0331), ਜਗੀਰ ਸਿੰਘ ਕਾਹਲੋਂ (647-533-8297), ਡਾ. ਪਰਮਜੀਤ ਸਿੰਘ ਢਿੱਲੋਂ (416-527-1040), ਮੱਲ ਸਿੰਘ ਬਾਸੀ (437-980-7015), ਬਲਦੇਵ ਸਿੰਘ ਬਰਾੜ (647-621-8413), ਤਾਰਾ ਸਿੰਘ ਗਰਚਾ (905-794-2235), ਮੁਹਿੰਦਰ ਸਿੰਘ ਮੋਹੀ (426-659-1232), ਸੁਰਿੰਦਰ ਸਿੰਘ ਪਾਮਾ (647-949-6738), ਹਰੀ ਸਿੰਘ(647-515-4752), ਪੀ. ਐੱਸ. ਸਚਦੇਵਾ (647-709-6115) ਅਤੇ ਹਰਪ੍ਰੀਤ ਸਿੰਘ (702-937-7491) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Dr. Randhawa Dentistry
Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies

- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!




FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

Mayfield Rd
Mcvean Dr
Squire Ellis Dr
Gore Rd
Countryside Dr

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਓ
SPECIAL DISCOUNT FOR CONTRACTORS



Custom Kitchen & Vanities ● Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

BEST CANADIAN TRUCK & FORKLIFT TRAINING CENTRE
Registered as a Private Career College Under the Private Career Colleges Act. 2005



* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients

**SPECIAL** Forklift Re-Certification Only $69

Cell: 416-670-3173
Tell: 905-799-7333
Open 7 Days
27-B Edvac Drive, Brampton, ON L6S 5X8



Karnail Singh

Elect
# Harpreet Gill
Ward 1 Toronto District School Board Trustee

- Improved school safety
- Restoring school infrastructure
- Building stronger partnerships
- Introducing new programs

Let's Empower to Change our community

Advance Voting: October 10-14, 10am-7pm Locations: North Kipling Community Centre (2 Rowntree Road) and West Acres Seniors Centre (65 Hinton Road)



Education: Honors Bachelor of Health Sciences, Western University and Master of Management, Schulich School of Business

VoteHarpreetGill
@voteforgill
@voteforgill

Harpreet Gill
647-655-1706

Born and raised in Etobicoke North by two working class parents, Harpreet currently resides in this community. Over the years, she has worked with many individuals and organizations in our community to strengthen it. Her priorities are towards building a better community and creating better opportunities for youth.

Elect Harpreet Gill on October 22nd, 2018

info@voteforgill.com

www.voteforgill.com



Elect
Martin Singh ☒
for City Councillor



Contact Us
martin@martinsingh.ca 416-937-4166
www.yourbramptonteam.com

- ਮਾਰਟਿਨ ਸਿੰਘ ਇੱਕ ਅਜਿਹੀ ਬਹੁ-ਮੁਖੀ ਸ਼ਖਸੀਅਤ ਹਨ ਕਿ ਆਪਣੇ ਕਿਤੇ ਕਾਰੋਬਾਰ, ਸਮਾਜ ਸੇਵਾ, ਰਾਜਨੀਤੀ ਤੋ ਇਲਾਵਾ ਦੇਸ਼ ਦੀ ਸਰੱਖਿਆ ਪ੍ਰਤੀ ਪੂਰੀ ਸਿੱਦਤ ਨਾਲ ਸਮਰਪਿਤ ਹਨ। ਕੈਨੇਡੀਅਨ ਆਰਮ ਫੋਜ ਰਿਜਰਵ ਵਿੱਚ ਕੈਪਟਨ ਦੀਆਂ ਸੇਵਾਂਵਾਂ ਨਿਭਾ ਚੁੱਕੇ ਹਨ ਅਤੇ ਹੁਣ ਬ੍ਰੇਪਟਨ ਵਿੱਚ ਸਥਿਤ ਹਨ 557 ਲਾਰਨ ਸਕਾਟਜ਼ ਰੌਯਲ ਕੈਨੇਡਿਅਨ ਆਰਮੀ ਕਡੇਟ ਕੋਰ ਵਿੱਚ ਆਰਮੀ ਅਫਸਰ ਵਜ਼ੋ ਆਪਣੀਆਂ ਸੇਵਾਵਾਂ ਦੇ ਰਹੇ ਹਨ।
- ਮਾਰਟਿਨ ਸਿੰਘ ਨੇ ਸੁਬਾਈ ਅਤੇ ਕੌਮੀ ਪੱਥਰ ਉਤੇ ਮੁਨਾਫੇ-ਰਹਿਤ ਕਈ ਬੋਰਤਾਂ ਦੇ ਵੱਖ-ਵੱਖ ਪਦਾਂ ਉਤੇ ਸੇਵਾਵਾਂ ਪ੍ਰਦਾਨ ਕੀਤੀਆਂ।
- ਮਾਰਟਿਨ ਸਿੰਘ ਜਨਤਕ ਟੇਕਸ ਦੇ ਸਦਉਪਯੋਗ ਦੇ ਪੱਕੇ ਹਾਸੀ ਹਨ। ਉਹ ਜਨਤਕ ਪਨ ਨੂੰ ਜਨਤਾ ਦੀ ਭਲਾਈ, ਬਰੈਂਪਟਨ ਦੇ ਵਿਕਾਸ ਅਤੇ ਕਾਰੋਬਾਰੀ ਖੇਤਰਾਂ ਵਿੱਚ ਇਮਾਨਦਾਰੀ ਨਾਲ ਲਗਾਉਣ ਦੇ ਹਾਸੀ ਹਨ। ਬ੍ਰੇਪਟਨ ਨਿਵਾਸੀਆਂ ਨੂੰ ਵਧੀਆ ਰੋਜਗਾਰ ਵਧੀਆ ਸਿਆਹੀ ਜੀਵਨ ਅਤੇ ਸਰੱਖਿਆ ਮੁੱਹਈਆ ਕਰਨ ਦੇ ਮੁੱਦਈ ਹਨ।
- ਮਾਰਟਿਨ ਸਿੰਘ ਨੇ ਡਲਹੌਸੀ ਯੂਨੀਵਰਸਿਟੀ ਤੋਂ ਕਮਿਸਟਰੀ, ਕੇਮੀਕਲ ਇੰਜਨੀਅਰਿੰਗ ਅਤੇ ਫਾਰਮੇਸੀ ਦੇ ਵਿਸ਼ਿਆਂ ਵਿੱਚ ਡਿਗਰੀਆਂ ਹਾਸਲ ਕੀਤੀ ਇਸ ਤੋਂ ਇਲਾਵਾ, ਮਾਰਟਿਨ ਨੇ ਸੇਂਟ ਮੇਰੀ ਯੂਨੀਵਰਸਿਟੀ ਤੋਂ ਐਮ.ਬੀ.ਐ ਦੀ ਡਿਗਰੀ ਵੀ ਕੀਤੀ

Martin Singh for City Councillor






LIGHT SPEED Logistics Inc.

"Always There For You"

Web: www.lslinc.com
Email: safedrivers@lslinc.com

NOW HIRING

**Owner Operators:**
- US Team(ON to Midwest) (Loaded/Empty) $1.80*
- US Team(Open Board)..................... $1.73*
- US Single(ON to Midwest)............... $1.70*
- US Single(Open Board)................... $1.63*
- Canadian Team........................... $1.66*
- Canadian Singles(AB to BC)........... $1.91*
- Canadian Singles(Open Board)..... $1.56*
- Hourly Waiting Pay
- Paid Meat Inspection

*Rates are based on the current fuel surcharge.

**Company Drivers**(Up to):
- US Single(ON to Midwest)............... $0.62
- US Single(Open Board)................... $0.54
- US Team............................................ $0.66
- Canadian Team............................. $0.62
- Canadian Singles(AB to BC)......... $0.56
- Canadian Singles(Open Board).... $0.50
- Hourly Waiting Pay
- Paid Meat Inspection

Plus Paid: Plates, Permits, HVUT, Insurance, Practical Miles, FCA Fuel Surcharge Program, Tolls, Satellite, Transponder/E-Z Pass

Cell: 416.768.5441 Off: 905.696.0700 Ext#3
6015 Kestrel Rd, Mississauga, ON L5T 1S8

# ਫਿਲਮੀ ਇੰਟਰਵਿਊ



## ਖੁਦ ਨੂੰ ਸਿੱਧ ਕਰਨਾ ਹੈ : ਕਿਆਰਾ ਅਡਵਾਨੀ

ਸਾਲ 2014 ਵਿੱਚ ਆਈ ਫਿਲਮ 'ਫਗਲੀ' ਨਾਲ ਫਿਲਮ ਨਗਰੀ ਵਿੱਚ ਕਦਮ ਰੱਖਣ ਵਾਲੀ ਕਿਆਰਾ ਅਡਵਾਨੀ ਨੂੰ ਪਹਿਲੀ ਵਾਰ ਪਛਾਣ ਕ੍ਰਿਕਟਰ ਮਹਿੰਦਰ ਸਿੰਘ ਧੋਨੀ 'ਤੇ ਬਣੀ ਫਿਲਮ 'ਚ ਕਿਰਦਾਰ ਨਿਭਾਉਣ ਨਾਲ ਮਿਲੀ। ਉਸ ਤੋਂ ਬਾਅਦ ਉਸ ਨੂੰ 'ਤੂ ਚੀਜ਼ ਬੜੀ ਹੈ ਮਸਤ ਮਸਤ' ਗਾਣੇ ਨਾਲ ਚੰਗੀ ਫੈਨ ਫਾਲੋਇੰਗ ਮਿਲੀ। ਉਸ ਦੀ ਫਿਲਮ 'ਮਸ਼ੀਨ' ਖਾਸ ਨਹੀਂ ਚੱਲੀ, ਪਰ 'ਲਸਟ ਸਟੋਰੀਜ਼' ਵਿੱਚ ਕੰਮ ਕਰ ਕੇ ਛਾ ਗਈ। ਪੇਸ਼ ਹਨ ਉਸ ਨਾਲ ਗੱਲਬਾਤ ਦੇ ਮੁੱਖ ਅੰਸ਼ :

* ਤੁਸੀਂ ਅੱਜ ਤੱਕ ਦੇ ਫਿਲਮੀ ਸਫਰ ਬਾਰੇ ਕੀ ਕਹੋਗੇ?

– ਇਹੀ ਕਿ ਹਰ ਫਿਲਮ ਤੋਂ ਮੈਨੂੰ ਕੁਝ ਨਾ ਕੁਝ ਸਿੱਖਣ ਨੂੰ ਮਿਲਿਆ ਹੈ। ਇਸ ਹਾਲਤ ਵਿੱਚ ਕਹਿ ਸਕਦੀ ਹਾਂ ਕਿ ਫਿਲਮ ਨਗਰੀ 'ਚ ਅੱਜ ਤੱਕ ਦਾ ਸਫਰ ਕਾਫੀ ਚੰਗਾ ਰਿਹਾ ਹੈ। ਜੋ ਫਿਲਮਾਂ ਮੈਂ ਕੀਤੀਆਂ, ਉਨ੍ਹਾਂ ਦਾ ਪ੍ਰਦਰਸ਼ਨ ਮਿ-ਲਆ-ਜੁਲਿਆ ਰਿਹਾ ਹੈ। ਮੈਂ ਆਉਂਦੇ ਸਮੇਂ 'ਚ ਉਮੀਦ ਕਰਦੀ ਹਾਂ ਕਿ ਉਹ ਵੀ ਚੰਗਾ ਰਹੇਗਾ ਕਿਉਂਕਿ ਮੇਰੇ ਕੋਲ ਕਈ ਚੰਗੀਆਂ ਫਿਲਮਾਂ ਹਨ। ਮੈਂ ਕਿਸਮਤ ਵਾਲੀ ਹਾਂ ਕਿ ਜਿਨ੍ਹਾਂ ਦੀਆਂ ਫਿਲਮਾਂ ਦੇਖ ਕੇ ਮੈਂ ਵੱਡੀ ਹੋਈ ਹਾਂ, ਉਨ੍ਹਾਂ ਨਾਲ ਕੰਮ ਕਰਨ ਦਾ ਮੈਨੂੰ ਮੌਕਾ ਮਿਲ ਰਿਹਾ ਹੈ। ਇੰਨਾ ਹੀ ਨਹੀਂ, ਹਰ ਫਿਲਮ ਦੇ ਨਾਲ ਮੈਂ ਖੁਦ ਨੂੰ ਸਿੱਧ ਕਰਨ ਦੀ ਕੋਸ਼ਿਸ਼ ਵੀ ਕਰ ਰਹੀ ਹਾਂ।

* ਐੱਮ ਐੱਸ ਧੋਨੀ ਦੀ ਬਾਇਓਪਿਕ ਤੋਂ ਇਲਾਵਾ ਤੁਹਾਡੀ ਕੋਈ ਵੀ ਫਿਲਮ ਨਹੀਂ ਚੱਲੀ। ਕੀ ਕਹੋਗੇ?

– ਮੈਨੂੰ ਉਸ ਹਿਸਾਬ ਨਾਲ ਹਾਲੇ ਸਫਲਤਾ ਨਹੀਂ ਮਿਲੀ, ਪਰ ਸੱਚ ਇਹ ਹੈ ਕਿ ਮੈਂ ਹਰ ਫਿਲਮ ਉਤੇ ਕਾਫੀ ਮਿਹਨਤ ਕਰਦੀ ਹਾਂ। ਇਹੀ ਕਾਰਨ ਹੈ ਕਿ ਜੇ ਮੇਰੀ ਕੋਈ ਫਿਲਮ ਨਾ ਚੱਲੀ ਤਾਂ ਇਸ ਦਾ ਮੈਨੂੰ ਬਹੁਤ ਜ਼ਿਆਦਾ ਬੁਰਾ ਨਹੀਂ ਲੱਗਦਾ। ਮੇਰਾ ਮੰਨਣਾ ਹੈ ਕਿ ਤੁਸੀਂ ਕਦੇ ਕਿਸੇ ਫਿਲਮ ਦੇ ਨਤੀਜੇ ਦਾ ਅੰਦਾਜ਼ਾ ਨਹੀਂ ਲਾ ਸਕਦੇ। ਮੇਰੀ ਪਿਛਲੀ ਫਿਲਮ 'ਮਸ਼ੀਨ' ਨੇ ਭਾਵੇਂ ਚੰਗਾ ਬਿਜ਼ਨਸ ਨਹੀਂ ਕੀਤਾ, ਪਰ ਇਹ ਫਿਲਮ ਅੱਜ ਵੀ ਮੇਰੇ ਦਿਲ ਦੇ ਨੇੜੇ ਹੈ।

* 'ਤੂੰ ਚੀਜ਼ ਬੜੀ ਹੈ ਮਸਤ ਮਸਤ' ਗਾਣੇ ਨਾਲ ਤੁਹਾਨੂੰ ਕਾਫੀ ਪਾਪੂਲੈਰਿਟੀ ਮਿਲੀ। ਕਿਹੋ ਜਿਹਾ ਲੱਗਾ?

– ਬਹੁਤ ਚੰਗਾ ਲੱਗਾ ਕਿਉਂਕਿ 'ਤੂ ਚੀਜ਼ ਬੜੀ ਹੈ ਮਸਤ ਮਸਤ' ਗਾਣੇ ਕਾਰਨ ਲੋਕ ਮੈਨੂੰ ਅੱਜ ਵੀ 'ਮਸਤ ਮਸਤ ਗਰਲ' ਕਹਿੰਦੇ ਹਨ ਅਤੇ ਜਦੋਂ ਵੀ ਕੋਈ ਮੈਨੂੰ ਇੰਝ ਬੁਲਾਉਂਦਾ ਹੈ, ਮੇਰੇ ਚਿਹਰੇ 'ਤੇ ਮੁਸਕੁਰਾਹਟ ਖਿੜ ਜਾਂਦੀ ਹੈ।

* ਨੈੱਟਫਲਿਕਸ ਦੀ ਫਿਲਮ 'ਲਸਟ ਸਟੋਰੀਜ਼' ਵਿੱਚ ਕੰਮ ਕਰਨ ਦਾ ਤਜਰਬਾ ਕਿਹੋ ਜਿਹਾ ਰਿਹਾ?

– ਅਨੋਖਾ, ਕਿਉਂਕਿ ਇਸ ਬਾਲੀਵੁੱਡ ਐਂਤੋਲਾਜੀ ਨੂੰ ਅਨੁਰਾਗ ਕਸ਼ਯਪ, ਦਿਬਾਕਰ ਬੈਨਰਜੀ, ਜ਼ੋਇਆ ਅਖਤਰ ਤੇ ਕਰਣ ਜੌਹਰ ਨੇ ਆਪੋ-ਆਪਣੀਆਂ ਕਹਾਣੀਆਂ ਨਾਲ ਸਜਾਇਆ ਹੈ। ਮੈਂ ਇਸ ਵਿੱਚ ਕਰਣ ਜੌਹਰ ਦੀ ਕਹਾਣੀ 'ਚ ਮੇਘਾ ਨਾਂਅ ਦੀ ਕੁੜੀ ਦਾ ਕਿਰਦਾਰ ਨਿਭਾਇਆ। ਮੇਰਾ ਇਹ ਕਿਰਦਾਰ ਮੇਰੀਆਂ ਪਿਛਲੀਆ ਫਿਲਮਾਂ ਦੇ ਸਾਰੇ ਕਿਰਦਾਰਾਂ ਤੋਂ ਕਾਫੀ ਵੱਖਰਾ ਹੈ। ਇਸ ਨੂੰ ਨਿਭਾਉਂਦੇ ਸਮੇਂ ਮੈਂ ਵੀ ਆਪਣੇ ਅਭਿਨੈ ਦਾ ਖੁੱਲ੍ਹ ਕੇ ਪ੍ਰਦਰਸ਼ਨ ਕੀਤਾ, ਕਿਉਂਕਿ ਮੇਰੇ ਸਾਹਮਣੇ ਕਿਸ ਖਾਸ ਸੱਚੇ 'ਚ ਢਲਣ ਦੀ ਮਜਬੂਰੀ ਨਹੀਂ ਸੀ, ਜਿਸ ਦਾ ਮੈਂ ਭਰਪੂਰ ਫਾਇਦਾ ਉਠਾਇਆ।

* ਕਰਣ ਜੌਹਰ ਦੀ ਫਿਲਮ 'ਕਲੰਕ' ਵਿੱਚ ਵਰੁਣ ਧਵਨ ਨਾਲ ਸਪੈਸ਼ਲ ਨੰਬਰ ਕਰਨ ਬਾਰੇ ਦੱਸੋ?

– ਵਰੁਣ ਧਵਨ ਨਾਲ ਮੇਰੇ ਇਸ ਸਪੈਸ਼ਲ ਨੰਬਰ ਨੂੰ ਬਹੁਤ ਵੱਡੇ ਪੱਧਰ 'ਤੇ ਸ਼ੂਟ ਕੀਤਾ ਗਿਆ ਹੈ। ਮੈਨੂੰ ਆਸ ਹੈ ਕਿ ਲੋਕ ਉਸ ਗਾਣੇ ਨੂੰ ਪਸੰਦ ਕਰਨਗੇ। ਉਂਝ ਮੈਂ ਦੱਸ ਦਿਆਂ ਕਿ ਇਸ ਗਾਣੇ ਲਈ ਮੈਂ ਬਹੁਤ ਮਿਹਨਤ ਕੀਤੀ ਹੈ ਕਿਉਂਕਿ ਵਰੁਣ ਦੀ ਐਨਰਜੀ ਨੂੰ ਮੈਚ ਕਰਨਾ ਸੌਖਾ ਨਹੀਂ ਸੀ। 'ਕਲੰਕ' ਫਿਲਮ ਮੇਰੇ ਲਈ ਖਾਸ ਹੈ। ਇਸ ਵਿੱਚ ਮੈਂ ਆਪਣੀ ਜਨਰੇਸ਼ਨ ਦੇ ਕਲਾਕਾਰਾਂ ਦੇ ਨਾਲ-ਨਾਲ ਸੀਨੀਅਰ ਜਨਰੇਸ਼ਨ ਦੇ ਕਲਾਕਾਰਾਂ ਨਾਲ ਵੀ ਕੰਮ ਕਰ ਰਹੀ ਹਾਂ।

* ਤੁਹਾਡੀ ਫਿਲਮ 'ਗੁੱਡ ਨਿਊਜ਼' ਦੀ ਬੜੀ ਚਰਚਾ ਹੈ। ਕੁਝ ਇਸ ਬਾਰੇ ਦੱਸੋ?

– ਮੇਰੀ ਅਗਲੀ ਹਿੰਦੀ ਫਿਲਮ ਦਾ ਨਾਂਅ ਹੈ 'ਗੁੱਡ ਨਿਊਜ਼', ਪਰ ਮੈਂ ਇਸ ਫਿਲਮ ਲਈ ਉਤਸ਼ਾਹਤ ਹੋਣ ਦੇ ਨਾਲ-ਨਾਲ ਥੋੜ੍ਹੀ ਡਰੀ ਹੋਈ ਹਾਂ ਕਿਉਂਕਿ ਫਿਲਮ ਵਿੱਚ ਅਕਸ਼ੈ ਕੁਮਾਰ, ਕਰੀਨਾ ਕਪੂਰ ਖਾਨ ਤੇ ਦਿਲਜੀਤ ਦੁਸਾਂਝ ਵਰਗੇ ਕਲਾਕਾਰ ਵੀ ਹਨ। ਉਂਝ 'ਗੁੱਡ ਨਿਊਜ਼' ਪਰਵਾਰਕ ਕਾਮੇਡੀ ਹੈ, ਜਿਸ ਵਿੱਚ ਕਰੀਨਾ ਤੇ ਅਕਸ਼ੈ ਵਿਆਹੁਤਾ ਜੋੜੇ ਦੀ ਭੂਮਿਕਾ 'ਚ ਹਨ, ਜੋ ਇੱਕ ਬੱਚਾ ਚਾਹੁੰਦੇ ਹਨ।

## ਕਦੇ ਸਮਝੌਤਾ ਨਹੀਂ ਕਰਦੀ : ਨਿਮਰਤ ਕੌਰ



ਫਿਲਮ 'ਲੰਚ ਬਾਕਸ' ਵਿੱਚ ਆਪਣੇ ਦਮਦਾਰ ਅਭਿਨੈ ਨਾਲ ਦਰਸ਼ਕਾਂ ਅਤੇ ਸਮੀਖਿਅਕਾਂ ਦਾ ਦਿਲ ਜਿੱਤਣ ਵਾਲੀ ਨਿਮਰਤ ਕੌਰ ਨੇ ਸਿੱਧ ਕਰ ਦਿੱਤਾ ਹੈ ਕਿ ਗਲੈਮਰ ਰਹਿਤ ਪਰਸਨੈਲਿਟੀ ਦੇ ਹੁੰਦਿਆਂ ਵੀ ਸਿਰਫ ਆਪਣੇ ਟੇਲੈਂਟ ਦੇ ਦਮ 'ਤੇ ਉੱਚਾ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ। ਇਹ ਗੱਲ ਉਸ ਨੇ ਅਕਸ਼ੈ ਕੁਮਾਰ ਦੇ ਆਪੋਜ਼ਿਟ ਕਮਰਸ਼ੀਅਲ ਫਿਲਮ 'ਏਅਰਲਿਫਟ' ਅਤੇ ਵੈੱਬ ਸੀਰੀਜ਼ 'ਦਿ ਟੈਸਟ ਕੇਸ' ਰਾਹੀਂ ਸਿੱਧ ਕੀਤੀ। ਪੇਸ਼ ਹਨ ਉਸ ਨਾਲ ਗੱਲਬਾਤ ਦੇ ਅੰਸ਼ :

* ਕੋਈ ਫਿਲਮ ਸਾਈਨ ਕਰਦੇ ਸਮੇਂ ਸਭ ਤੋਂ ਮਹੱਤਵ ਪੂਰਨ ਚੀਜ਼ ਕੀ ਹੁੰਦੀ ਹੈ?

– ਮੇਰੇ ਲਈ ਸਕ੍ਰਿਪਟ ਸਭ ਤੋਂ ਵੱਧ ਜ਼ਰੂਰੀ ਹੁੰਦੀ ਹੈ ਅਤੇ ਮੈਂ ਇਸ 'ਤੇ ਕਦੇ ਸਮਝੌਤਾ ਨਹੀਂ ਕਰਦੀ। ਮੇਰੇ ਲਈ ਫਿਲਮ ਦੀ ਕਹਾਣੀ ਦਿਲ ਨੂੰ ਛੂਹ ਲੈਣ ਵਾਲੀ ਹੋਣੀ ਚਾਹੀਦੀ ਹੈ। ਇਸ ਗੱਲ ਦਾ ਕੋਈ ਮਹੱਤਵ ਨਹੀਂ ਕਿ ਮੇਰਾ ਰੋਲ ਫਿਲਮ ਵਿੱਚ ਕਿੰਨਾ ਹੈ। ਮੈਂ ਕਿਸੇ ਵੀ ਫਿਲਮ ਦੀ ਕਹਾਣੀ ਨੂੰ ਇੱਕ ਦਰਸ਼ਕ ਵਜੋਂ ਸੁਣਦੀ ਹਾਂ ਅਤੇ ਉਦੋਂ ਇਸ ਨੂੰ ਚੁਣਦੀ ਹਾਂ, ਜਦੋਂ ਇਹ ਮੈਨੂੰ ਆਕਰਸ਼ਿਤ ਕਰੇ।

* ਕੀ ਤੁਹਾਨੂੰ ਨਹੀਂ ਲੱਗਦਾ ਕਿ ਤੁਹਾਨੂੰ ਜੋ ਰੋਲ ਆਫਰ ਕੀਤੇ ਗਏ, ਉਨ੍ਹਾਂ ਵਿੱਚ ਤੁਸੀਂ ਸਟੀਰੀਓ ਟਾਈਪ ਹੋ ਰਹੇ ਹਨ?

–ਨਹੀਂ, ਮੈਂ ਅਜਿਹਾ ਨਹੀਂ ਮੰਨਦੀ। ਇਹ ਸਾਡੇ ਪ੍ਰੋਫੈਸ਼ਨ ਦਾ ਹਿੱਸਾ ਹੈ ਅਤੇ ਅਜਿਹਾ ਹੁੰਦਾ ਹੀ ਹੈ। ਮੈਨੂੰ ਇਹ ਵੀ ਲੱਗਦਾ ਹੈ ਕਿ ਇਹ ਇੱਕ ਐਕਟਰ ਵਜੋਂ ਖੁਦ ਨੂੰ ਸਥਾਪਤ ਕਰਨ ਦਾ ਤਰੀਕਾ ਵੀ ਹੈ ਸਟੀਰੀਓ ਟਾਈਪ ਹੋਣ 'ਚ ਕੁਝ ਗਲਤ ਵੀ ਨਹੀਂ ਹੈ। ਜਦੋਂ ਇੱਕ ਖਾਸ ਤਰੀਕੇ ਨਾਲ ਤੁਸੀਂ ਖੁਦ ਨੂੰ ਸਥਾਪਤ ਕਰ ਲੈਂਦੇ ਹੋ ਤੇ ਲੋਕ ਤੁਹਾਨੂੰ ਦੇਖਣ ਦੇ ਆਦੀ ਹੋ ਜਾਂਦੇ ਹਨ, ਉਦੋਂ ਤੁਸੀਂ ਕੁਝ ਨਵਾਂ ਕਰਨ ਲਈ ਆਪਣੀ ਉਸ ਇਮੇਜ ਨੂੰ ਤੋੜ ਸਕਦੇ ਹੋ।

* 'ਦਿ ਟੈਸਟ ਕੇਸ' ਤੋਂ ਬਾਅਦ ਕੀ ਤੁਸੀਂ ਡਿਜੀਟਲ ਮੀਡੀਆ 'ਚ ਕੁਝ ਹੋਰ ਕਰਨ ਜਾ ਰਹੇ ਹੋ?

– ਡਿਜੀਟਲ ਮੀਡੀਆ 'ਚ ਮੈਂ ਕੁਝ ਹੋਰ ਕੰਮ ਕਰਨਾ ਚਾਹਾਂਗੀ। ਮੈਨੂੰ ਆਸ ਹੈ ਕਿ ਛੇਤੀ ਹੀ ਮੈਨੂੰ ਕੁਝ ਐਕਸਾਈਟਿੰਗ ਕੰਮ ਕਰਨ ਨੂੰ ਮਿਲੇਗਾ।

* ਜੇ ਤੁਹਾਨੂੰ ਆਫਰ ਮਿਲੇ ਤਾਂ ਕੀ ਤੁਸੀਂ ਕੋਈ ਹਾਰਡਕੋਰ ਕਮਰਸ਼ੀਅਲ ਫਿਲਮ ਕਰਨਾ ਚਾਹੋਗੇ?

– ਯਕੀਨਨ ਮੈਂ ਅਜਿਹੀ ਫਿਲਮ ਕਰਨਾ ਚਾਹਾਂਗੀ ਕਿਉਂਕਿ ਮੈਂ ਉਸੇ ਤਰ੍ਹਾਂ ਦੇ ਸਿਨੇਮਾ ਨੂੰ ਦੇਖਦੇ ਹੋਈ ਵੱਡੀ ਹੋਈ ਹਾਂ।

* ਕੀ ਤੁਸੀਂ ਖੁਦ ਨੂੰ ਇੱਕ ਐਕਸੀਡੈਂਟਲ ਅਦਾਕਾਰਾ ਮੰਨਦੇ ਹੋ ਜਾਂ ਅਭਿਨੈ 'ਚ ਆਉਣਾ ਸੋਚਿਆ-ਸਮਝਿਆ ਫੈਸਲਾ ਸੀ?

–ਮੇਰਾ ਪਾਲਣ ਪੋਸਣ ਇੱਕ ਫੌਜੀ ਪਰਵਾਰ ਵਿੱਚ ਹੋਇਆ ਸੀ, ਇਸ ਲਈ ਸਾਡੇ ਪਰਵਾਰ 'ਚ ਐਕਟਿੰਗ ਬਾਰੇ ਕਿਸੇ ਨੇ ਕਦੇ ਸੋਚਿਆ ਵੀ ਨਹੀਂ ਸੀ। ਇਸ ਲਈ ਮੈਂ ਸਭ ਤੋਂ ਪਹਿਲਾਂ ਆਪਣੇ ਸਾਹਮਣੇ ਮੰਨਣਾ ਸੀ ਕਿ ਮੈਂ ਐਕਟਰ ਬਣਨਾ ਹੈ ਤੇ ਉਸ ਤੋਂ ਬਾਅਦ ਸਾਰਿਆਂ ਨੂੰ ਕਹਿਣ ਦੀ ਹਿੰਮਤ ਦਿਖਾਉਣੀ ਸੀ। ਉਦੋਂ ਤੋਂ ਮੈਂ ਜ਼ਿੰਦਗੀ ਮੇਰੇ ਪ੍ਰਤੀ ਇੰਨੀ ਦਿਆਲੂ ਰਹੀ ਕਿ ਮੇਰੇ ਵਿੱਚ ਇਹ ਗੱਲ ਕਹਿਣ ਦੀ ਹਿੰਮਤ ਆ ਗਈ ਕਿ ਮੈਂ ਐਕਟਰ ਬਣ ਕੇ ਆਪਣੀ ਰੋਜ਼ੀ-ਰੋਟੀ ਕਮਾਵਾਂਗੀ। ਇਸੇ ਗੱਲ ਨੇ ਮੈਨੂੰ ਮੁੰਬਈ ਆਉਣ ਲਈ ਮਜਬੂਰ ਕੀਤਾ।

# ਕਹਾਣੀ

# ਨੂਰਾਂ ਬਨਾਮ ਨਰਿੰਦਰ ਕੌਰ

-ਪ੍ਰੋ. ਕਿਰਪਾਲ ਸਿੰਘ ਯੋਗੀ

ਅਗਸਤ 1947 ਦਾ ਦੂਜਾ ਹਫਤਾ ਬੀਤਣ ਵਾਲਾ ਸੀ। ਇਕ ਪਾਸੇ ਦਿੱਲੀ ਵਿੱਚ ਆਜ਼ਾਦੀ ਦਾ ਜਸ਼ਨ ਮਨਾਉਣ ਦੀਆਂ ਤਿਆਰੀਆਂ ਜ਼ੋਰ ਸ਼ੋਰ ਨਾਲ ਚੱਲ ਰਹੀਆਂ ਸਨ ਤੇ ਦੂਜੇ ਪਾਸੇ ਪੰਜਾਬ ਬਰਬਾਦੀ ਦਾ ਮੰਜ਼ਰ ਪੇਸ਼ ਕਰ ਰਿਹਾ ਸੀ। ਉਧਰਲੇ ਪੰਜਾਬ ਤੋਂ ਉਜੜ ਕੇ ਆਏ ਹਿੰਦੂ ਸਿੱਖਾਂ ਦੀ ਦਰਦਨਾਕ ਹਾਲਤ ਵੇਖ ਕੇ ਸੰਵੇਦਨਸ਼ੀਲ ਲੋਕਾਂ ਦੇ ਦਿਲ ਕੰਬ ਰਹੇ ਸਨ। ਰਫਿਊਜੀ ਕੈਂਪਾਂ ਵਿੱਚ ਲੁੱਟੇ ਪੁੱਟੇ, ਥੱਕੇ ਟੁੱਟੇ, ਅੱਧਮੋਏ ਤੇ ਬਿਮਾਰ ਲੋਕ ਜ਼ਿੰਦਗੀ ਦੀ ਜੰਗ ਲੜ ਰਹੇ ਸਨ। ਉਧਰੋਂ ਉਜੜ ਕੇ ਆਏ ਕੁਝ ਪਰਵਾਰ ਮੁਸਲਮਾਨਾਂ ਦੇ ਛੱਡੇ ਹੋਏ ਅੱਧ ਸੜੇ ਮਕਾਨਾਂ ਵਿੱਚ ਸ਼ਰਨ ਲੈ ਰਹੇ ਸਨ। ਦੋਵੇਂ ਪਾਸਿਉਂ ਕਾਫਲਿਆਂ ਦਾ ਆਉਣਾ ਜਾਣਾ ਜਾਰੀ ਸੀ। ਰੱਜੇ ਪੁੱਜੇ ਲੋਕ ਪਹਿਲਾਂ ਹੀ ਟਰੱਕਾਂ, ਬੱਸਾਂ ਜਾਂ ਰੇਲ ਗੱਡੀਆਂ ਰਾਹੀਂ ਸੁਰੱਖਿਅਤ ਜਾ ਚੁੱਕੇ ਸਨ, ਪਰ ਗਰੀਬ ਲੋਕਾਂ ਪਾਸ ਕਾਫਲਿਆਂ ਨਾਲ ਜਾਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਉਪਰੋਂ ਸਿਤਮ ਜ਼ਰੀਫੀ ਇਹ ਕਿ ਰਾਤ ਬਰਾਤੇ ਜਾ ਰਹੇ ਕਾਫਲਿਆਂ ਦੀ ਵੀ ਰਾਹ ਵਿੱਚ ਲੁੱਟ ਮਾਰ ਕੀਤੀ ਜਾਂਦੀ ਸੀ।

ਬਦਲੇ ਦੀ ਬੇਮੁਹਾਰੀ ਭਾਵਨਾ ਦੇ ਅਧੀਨ ਸਾਡੇ ਕਈ ਸਿਰਫਿਰੇ ਲੋਕ ਕਾਫਲਿਆਂ ਵਿੱਚੋਂ ਨੌਜਵਾਨ ਔਰਤਾਂ ਨੂੰ ਉਧਾਲ ਕੇ ਲਿਆ ਰਹੇ ਸਨ ਤੇ ਕਈ ਮਨਚਲੇ ਸ਼ੌਕੀਆ ਜਾਂ ਵੇਖਾ ਵੇਖੀ ਇਸ ਘਿਨੌਣੇ ਕੰਮ ਵੱਲ ਰੁਚਿਤ ਹੋ ਰਹੇ ਸਨ। ਇਸੇ ਕਿਸਮ ਦੀ ਅਨੋਖੀ ਘਟਨਾ ਉਨ੍ਹਾਂ ਦਿਨਾਂ ਵਿੱਚ ਮੇਰੇ ਵੱਡੇ ਭਰਾ ਦੇ ਦੋਸਤ ਸੁਖਦੇਵ ਸਿੰਘ ਉਰਫ ਸੁੱਖਾ ਦੇ ਘਰ ਵਾਪਰੀ।

ਸੁੱਖਾ ਜਾਤ ਦਾ ਜੁਲਾਹਾ ਸੀ ਤੇ ਤਰਨ ਤਾਰਨ ਦੇ ਨੰਗੇ ਪੈਰਾਂ ਵਾਲੇ ਚੌਕ ਵਿੱਚ ਸਥਿਤ ਇਕ ਖੱਡੀਆਂ ਦੇ ਕਾਰਖਾਨੇ ਵਿੱਚ ਕੰਮ ਕਰਦਾ ਸੀ। ਮੇਰੀ ਉਮਰ ਉਦੋਂ ਪੰਦਰਾਂ ਸਾਲ ਸੀ। ਉਹ ਭਾਵੇਂ ਮੇਰੇ ਤੋਂ ਸੱਤ ਅੱਠ ਸਾਲ ਵੱਡਾ ਸੀ, ਪਰ ਮੇਰੇ ਨਾਲ ਖੁੱਲ੍ਹੀਆਂ ਗੱਲਾਂ ਕਰ ਲੈਂਦਾ ਸੀ। ਉਸ ਦੇ ਪਿਤਾ ਸ਼ੰਗਾਰਾ ਸਿੰਘ ਨੇ ਨੂਰਦੀ ਅੱਡੇ ਨੇੜੇ ਆਪਣੇ ਘਰ ਵਿੱਚ ਖੱਡੀ ਲਾਈ ਹੋਈ ਸੀ ਤੇ ਖੇਸ ਚਾਦਰਾਂ ਬੁਣਨ ਦਾ ਚੰਗਾ ਕੰਮ ਕਰ ਲੈਂਦਾ ਸੀ। ਕਾਫਲਿਆਂ ਵਿੱਚੋਂ ਉਧਾਲ ਕੇ ਲਿਆਂਦੀਆਂ ਔਰਤਾਂ ਬਾਰੇ ਜਾਣ ਕੇ ਉਸ ਦੇ ਮਨ ਵਿੱਚ ਹਲਚਲ ਹੋਣ ਲੱਗੀ। ਸੁੱਖੇ ਦੀ ਮਾਂ ਮਰੀ ਨੂੰ ਦਸ ਸਾਲ ਹੋ ਚੁੱਕੇ ਸਨ ਅਤੇ ਚੁੱਲ੍ਹੇ ਚੌਂਕੇ ਦਾ ਕੰਮ ਸ਼ੰਗਾਰਾ ਸਿੰਘ ਆਪ ਹੀ ਕਰਦਾ ਸੀ। ਉਹ ਅਕਸਰ ਸੋਚਦਾ ਰਹਿੰਦਾ ਕਿ ਘਰ ਵਿੱਚ ਇਕ ਜ਼ਨਾਨੀ ਹੋਣੀ ਬਹੁਤ ਜ਼ਰੂਰੀ ਹੈ। ਪੰਜਾਹ ਸਾਲ ਦੀ ਉਮਰ ਵਿੱਚ ਉਸ ਨੂੰ ਦੂਜੇ ਵਿਆਹ ਦੀ ਕੋਈ ਆਸ ਨਹੀਂ ਸੀ। ਸੁੱਖੇ ਦਾ ਕਾਰਜ ਉਹ ਅਜੇ ਦੋ ਤਿੰਨ ਸਾਲ ਠਹਿਰ ਕੇ ਕਰਨਾ ਚਾਹੁੰਦਾ ਸੀ। ਉਸ ਵਾਸਤੇ ਇਕੋ ਇਕ ਸੁਨਹਿਰੀ ਮੌਕਾ ਸੀ ਕਿ ਕਿਸੇ ਕਾਫਲੇ ਵਿੱਚੋਂ ਮੁਸਲਮਾਨ ਔਰਤ ਉਧਾਲ ਕੇ ਲੈ ਆਵੇ ਤੇ ਇੰਜ ਆਪਣਾ ਘਰ ਵੀ ਵਸਾ ਲਵੇ।

ਇਕ ਦਿਨ ਜਦੋਂ ਸ਼ੰਗਾਰਾ ਸਿੰਘ ਨੂੰ ਸੂਹ ਮਿਲੀ ਕਿ ਰਾਤ ਨੂੰ ਨੇੜਲੀ ਸੜਕ ਤੋਂ ਕਾਫਲਾ ਲੰਘਣਾ ਹੈ ਤਾਂ ਆਪਣੇ ਦੋ ਧਾੜਵੀ ਸਾਥੀਆਂ ਨਾਲ ਤਿਆਰ ਹੋ ਕੇ ਨਿਸ਼ਚਿਤ ਟਿਕਾਣੇ ਪਹੁੰਚ ਗਿਆ। ਸਾਥੀਆਂ ਦੀ ਮਨਸ਼ਾ ਸਿਰਫ ਸਾਮਾਨ ਅਤੇ ਜ਼ੇਵਰ ਆਦਿ ਲੁੱਟਣ ਦੀ ਸੀ ਤੇ ਉਨ੍ਹਾਂ ਨੂੰ ਸ਼ੰਗਾਰਾ ਸਿੰਘ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉਸ ਦੇ ਮਤਲਬ ਦੀ ਕੋਈ ਜ਼ਨਾਨੀ ਉਧਾਲਣ ਵਿੱਚ ਉਸ ਦੀ ਮਦਦ ਜ਼ਰੂਰ ਕਰਨਗੇ। ਕਾਫਲਿਆਂ ਦੇ ਨਾਲ ਭਾਵੇਂ ਸੁਰੱਖਿਆ ਕਰਮਚਾਰੀ ਤਾਇਨਾਤ ਹੁੰਦੇ ਸਨ, ਪਰ ਰਫਿਊਜੀਆਂ ਦੇ ਗੱਡਿਆਂ ਦੀ ਗਿਣਤੀ ਮੁਤਾਬਕ ਉਨ੍ਹਾਂ ਦੀ ਗਿਣਤੀ ਘੱਟ ਹੁੰਦੀ ਸੀ। ਇਹੀ ਕਾਰਨ ਸੀ ਕਿ ਕਾਫਲਿਆਂ ਉਤੇ ਨਿਕੇ ਮੋਟੇ ਹਮਲੇ ਹੋਣੇ ਨਿੱਤ ਦਾ ਵਰਤਾਰਾ ਸੀ। ਸ਼ੰਗਾਰਾ ਸਿੰਘ ਦੇ ਸਾਥੀ ਤਜਰਬੇਕ-ਾਰ ਬੰਦੇ ਸਨ ਕਿਉਂਕਿ ਉਹ ਪਹਿਲਾਂ ਵੀ ਦੋ ਤਿੰਨ ਵਾਰ ਲੁੱਟ ਮਾਰ ਕਰ ਚੁੱਕੇ ਸਨ। ਉਨ੍ਹਾਂ ਦੀ ਅਗਵਾਈ ਵਿੱਚ ਸ਼ੰਗਾਰਾ ਸਿੰਘ ਇਕ ਜ਼ਨਾਨੀ ਉਧਾਲ ਕੇ ਲੈ ਆਇਆ। ਉਹ ਦੋਵੇਂ ਲੁੱਟ ਦਾ ਸਾਮਾਨ ਲੈ ਕੇ ਆਪੋ ਆਪਣੇ ਘਰਾਂ ਨੂੰ ਚਲੇ ਗਏ ਤੇ ਸ਼ੰਗਾਰਾ ਸਿੰਘ ਇਕ ਜੇਤੂ ਵਾਂਗ ਆਪਣੇ ਘਰ ਪਹੁੰਚ ਗਿਆ। ਉਧਾਲੀ ਹੋਈ ਔਰਤ ਨੂੰ ਉਸ ਨੇ ਵਿਹੜੇ ਵਿੱਚ ਪਈ ਮੰਜੀ 'ਤੇ ਲਿਟਾ ਦਿੱਤਾ। ਉਸ ਦੀ ਸ਼ਕਲ ਸੂਰਤ ਬਾਰੇ ਉਸ ਨੂੰ ਕੁਝ ਪਤਾ ਨਹੀਂ ਸੀ। ਇੰਨਾ ਕੁ ਅੰਦਾਜ਼ਾ ਸੀ ਕਿ ਉਹ ਕੋਈ ਛੋਟੀ ਉਮਰ ਦੀ ਜਵਾਨ ਕੁੜੀ ਹੈ। ਸਾਰਾ ਰਸਤਾ ਉਸ ਨੂੰ ਉਹ ਆਪਣੇ ਮੋਢਿਆਂ 'ਤੇ ਚੁੱਕ ਕੇ ਲਿਆਇਆ ਸੀ। ਰੋਂਦੀ ਕੁਰਲਾਉਂਦੀ ਤੇ ਬਿਨ ਪਾਣੀ ਮੱਛੀ ਵਾਂਗ ਤੜਫਦੀ ਉਹ ਪੈਦਲ ਚੱਲਣ ਦੇ ਸਮਰੱਥ ਵੀ ਨਹੀਂ ਸੀ। ਗਿੱਚੀ ਘੁੱਟਣ ਦਾ ਡਰਾਵਾ ਦੇ ਕੇ ਸ਼ੰਗਾਰਾ ਸਿੰਘ ਨੇ ਉਸ ਦਾ ਰੋਣਾ ਕੁਰਲਾਉਣਾ ਬੰਦ ਕਰਾ ਦਿੱਤਾ ਸੀ। ਆਖਰ ਨਿਢਾਲ ਹੋ ਕੇ ਉਸ ਨੂੰ ਸ਼ੰਗਾਰਾ ਸਿੰਘ ਦੇ ਮੋਢਿਆਂ 'ਤੇ ਲਾਸ਼ ਵਾਂਗ ਲਟਕਣਾ ਪਿਆ।

ਦੂਜੀ ਮੰਜੀ 'ਤੇ ਲੇਟਿਆ ਸੁੱਖਾ ਆਪਣੇ ਪਿਤਾ ਦਾ ਇਹ ਕੌਤਕ ਵੇਖ ਕੇ ਹੈਰਾਨ ਵੀ ਹੋਇਆ ਤੇ ਖੁਸ਼ ਵੀ। ਖੁਸ਼ੀ ਦਾ ਕਾਰਨ ਇਹ ਸੀ ਕਿ ਬਰਾਂਡੇ ਵਿੱਚ ਜਗਦੇ ਬਲਬ ਦੀ ਰੌਸ਼ਨੀ ਵਿੱਚ ਜਦੋਂ ਉਸ ਨੇ ਉਸ ਜਨਾਨੀ ਦੇ ਸਮੁੱਚੇ ਸਰੀਰ ਅਤੇ ਚਿਹਰੇ ਵੱਲ ਗੌਰ ਨਾਲ ਵੇਖਿਆ ਤਾਂ ਉਸ ਨੂੰ ਉਹ ਇਕ ਅਤਿ ਖੂਬਸੂਰਤ ਤੇ ਜਵਾਨ ਕੁੜੀ ਨਜ਼ਰ ਆਈ। ਇਕਦਮ ਉਸ ਦੇ ਮਨ ਵਿੱਚ ਆਇਆ, 'ਇਹ ਤਾਂ ਮੇਰੇ ਹਾਣ ਦੀ ਐ।' ਨਾਲ ਉਸ ਨੇ ਸੋਚਿਆ, 'ਚੱਲੋ ਭਾਪੇ ਦੀ ਵਹੁਟੀ ਨਾ ਸਹੀ, ਨੂੰਹ ਹੀ ਸਹੀ। ਸਵਾਲ ਘਰ ਵਸਾਉਣ ਦਾ ਹੀ ਸੀ, ਸੋ ਵੱਸ ਜਾਵੇਗਾ। ਭਾਪੇ ਨੂੰ ਚੁੱਲ੍ਹੇ ਚੌਂਕੇ ਵਿੱਚ ਹੱਥ ਨਹੀਂ ਲੂਹਣੇ ਪੈਣਗੇ। ਨੂੰਹ ਦੀਆਂ ਪੱਕੀਆਂ ਖਾਵੇਗਾ।'

ਉਹ ਕੁੜੀ ਮੰਜੀ 'ਤੇ ਲੇਟੀ-ਲੇਟੀ ਲਾਚਾਰੀ ਦੀ ਹਾਲਤ ਵਿੱਚ ਹਟਕੋਰੇ ਭਰ ਰਹੀ ਸੀ। ਵੇਲਾ ਭਾਵੇਂ ਰਾਤ ਦਸ ਵਜੇ ਦਾ ਸੀ ਤੇ ਕੁਝ ਲੋਕ ਸੌਂ ਚੁੱਕੇ ਸਨ, ਪਰ ਇਸ ਘਟਨਾ ਦੀ ਖਬਰ ਮੁਹੱਲੇ ਵਿੱਚ ਫੈਲ ਚੁੱਕੀ ਸੀ। ਸ਼ੰਗਾਰਾ ਸਿੰਘ ਦੀ ਵੱਡੀ ਭੈਣ ਪਰਸਿੰਨੀ ਤੇ ਭਵਵੱਈਆ ਸੇਵਾ ਸਿੰਘ ਨੇੜੇ ਰਹਿੰਦੇ ਸਨ। ਇਹ ਖਬਰ ਜਦੋਂ ਉਨ੍ਹਾਂ ਤੱਕ ਪੁੱਜੀ ਤਾਂ ਦੋਵੇਂ ਜੀਅ ਫੌਰੀ ਸ਼ੰਗਾਰਾ ਸਿੰਘ ਵੱਲ ਤੁਰ ਪਏ। ਸੇਵਾ ਸਿੰਘ ਸਾਧੂ ਸੁਭਾਅ ਬੰਦਾ ਸੀ, ਪਰ ਪਰਸਿੰਨੀ ਧੜੱਲੇਦਾਰ ਤੇ ਬਾਅਸੂਲ ਔਰਤ ਸੀ। ਆਉਂਦਿਆਂ ਹੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਕਹਿਣ ਲੱਗੀ, 'ਭਰਾ ਸ਼ੰਗਾਰਿਆ, ਤੂੰ ਚੰਗਾ ਕੰਮ ਨਹੀਂ ਕੀਤਾ।' ਕਹਿਣਾ ਤਾਂ ਉਹ ਹੋਰ ਵੀ ਬਹੁਤ ਕੁਝ ਚਾਹੁੰਦੀ ਸੀ, ਪਰ ਵਕਤ ਦੀ ਨਜ਼ਾਕਤ ਨੂੰ ਸਮਝਦਿਆਂ ਉਸ ਨੇ ਹੋਰ ਕੁਝ ਕਹਿਣਾ ਮੁਨਾਸਬ ਨਾ ਸਮਝਿਆ। ਕੁਝ ਇਧਰ ਉਧਰ ਦੀਆਂ ਗੱਲਾਂ ਕਰਨ ਤੋਂ ਬਾਅਦ ਉਸ ਨੇ ਫਿਲਹਾਲ ਮੌਕੇ ਨੂੰ ਸੰਭਾਲਣ ਵਾਸਤੇ ਆਪਣਾ ਫੈਸਲਾ ਸੁਣਾ ਦਿੱਤਾ, 'ਇਹ ਕੁੜੀ ਰਾਤ ਏਥੇ ਨਹੀਂ ਸੌਂਵੇਗੀ। ਇਹਨੂੰ ਮੈਂ ਆਪਣੇ ਨਾਲ ਲੈ ਜਾਨੀ ਆਂ। ਤੁਸੀਂ ਪਿਉ ਪੁੱਤ ਸੌਂ ਜਾਉ। ਬਾਕੀ ਗੱਲਾਂ ਸਵੇਰੇ ਕਰਾਂਗੇ।' ਪਰਸਿੰਨੀ ਨੇ ਕੁੜੀ ਨੂੰ ਦਿਲਾਸਾ ਦਿੰਦਿਆਂ ਪਿਆਰ ਨਾਲ ਉਸ ਦੇ ਸਿਰ 'ਤੇ ਹੱਥ ਫੇਰਿਆ ਤੇ ਮੱਥਾ ਚੁੰਮਿਆ। ਕੁਝ ਗੱਲਾਂ ਵੀ ਉਸ ਦੇ ਕੰਨ ਵਿੱਚ ਕੀਤੀਆਂ। ਕੁੜੀ ਨੇ ਪਾਸਾ ਪਰਤਿਆ। ਉਠਣ ਦੀ ਤਾਕਤ ਉਸ ਦੇ ਸਰੀਰ ਵਿੱਚ ਨਹੀਂ ਸੀ। ਪਰਸਿੰਨੀ ਨੇ ਆਸਰਾ ਦੇ ਕੇ ਉਠਾਇਆ ਤੇ ਬਾ-ਹਿਫਾਜ਼ਤ ਆਪਣੇ ਘਰ ਵੱਲ ਨੂੰ ਲੈ ਤੁਰੀ। ਰਾਹ ਵਿੱਚ ਕੁੜੀ ਨੇ ਪਰਸਿੰਨੀ ਨੂੰ ਆਪਣਾ ਨਾਂ ਨੂਰਾਂ ਦੱਸਿਆ। ਘਰ ਪਹੁੰਚ ਕੇ ਸਭ ਤੋਂ ਪਹਿਲਾਂ ਨੂਰਾਂ ਦਾ ਮੂੰਹ ਹੱਥ ਧੁਆਇਆ। ਫਿਰ ਨਲਕੇ ਦਾ ਠੰਢਾ ਪਾਣੀ ਲੈ ਕੇ ਦੁੱਧ ਦੀ ਕੱਚੀ ਲੱਸੀ ਬਣਾ ਕੇ ਪਿਲਾਈ। ਪੀੜ੍ਹੀ 'ਤੇ ਬੈਠੀ ਨੂਰਾਂ ਹੌਲੀ-ਹੌਲੀ ਲੱਸੀ ਦੇ ਦੋ ਗਿਲਾਸ ਪੀ ਗਈ। ਲੱਸੀ ਨੇ ਉਸ ਦੇ ਸਰੀਰ ਵਿੱਚ ਸ਼ਕਤੀ ਦਾ ਇੰਨਾ ਕੁ ਸੰਚਾਰ ਕੀਤਾ ਕਿ ਉਸ ਦੇ ਮੁਰਦਾ ਚਿਹਰੇ 'ਤੇ ਜਿਵੇਂ ਜੀਵਨ ਰੇਖਾ ਉਭਰ ਆਈ ਹੋਵੇ। ਪਰਸਿੰਨੀ ਨੇ ਉਸ ਨਾਲ ਹੌਲੀ-ਹੌਲੀ ਕਈ ਗੱਲਾਂ ਕੀਤੀਆਂ। ਉਸ ਦੇ ਮਾਪਿਆਂ ਬਾਰੇ ਪੁੱਛਿਆ ਤੇ ਨਾਲ ਸਮਝਾਇਆ ਕਿ ਜੋ ਕੁਝ ਹੋ ਚੁੱਕਾ ਹੈ, ਉਸ ਨੂੰ ਹਾਲ ਦੀ ਘੜੀ ਭੁੱਲ ਜਾਵੇ। ਹੋਰ ਕੋਈ ਚਾਰਾ ਵੀ ਨਹੀਂ। ਪਰਸਿੰਨੀ ਨੇ ਰੋਟੀ ਆਦਿ ਖੁਆਉਣ ਵਾਸਤੇ ਕਾਫੀ ਤਰਲੇ ਕੀਤੇ, ਪਰ ਇਸ ਵੇਲੇ ਰੋਟੀ ਨੂੰ ਨੂਰਾਂ ਦੀ ਵੱਢੀ ਰੂਹ ਨਹੀਂ ਸੀ ਕਰਦੀ। ਰਾਤ ਦੇ ਯਾਰਾਂ ਵੱਜ ਚੁੱਕੇ ਸਨ। ਪਰਸਿੰਨੀ ਤੇ ਨੂਰਾਂ ਵਿਹੜੇ ਵਿੱਚ ਡੱਠੀਆਂ ਮੰਜੀਆਂ 'ਤੇ ਲੇਟ ਗਈਆਂ ਤੇ ਸੇਵਾ ਸਿੰਘ ਸੌਣ ਵਾਸਤੇ ਉਪਰ ਛੱਤ 'ਤੇ ਚਲਾ ਗਿਆ। ਨੂਰਾਂ ਦੇ ਸਰੀਰ ਅਤੇ ਮਨ ਦੋਵਾਂ ਨੂੰ ਆਰਾਮ ਦੀ ਲੋੜ ਸੀ। ਸਾਉਣ ਮਹੀਨੇ ਦੀ ਠੰਢੀ-ਠੰਢੀ ਹਵਾ ਵੀ ਰੁਮਕਣ ਲੱਗੀ। ਨਿੱਕੀਆਂ-ਨਿੱਕੀਆਂ ਗੱਲਾਂ ਕਰਦਿਆਂ ਜਲਦੀ ਹੀ ਦੋਵਾਂ ਦੀ ਅੱਖ ਲੱਗ ਗਈ।

ਸਵੇਰੇ ਤੜਕੇ ਉਠ ਕੇ ਪਰਸਿੰਨੀ ਨੇ ਸਭ ਤੋਂ ਪਹਿਲਾਂ ਆਪਣੀ ਵਿਆਹੀ ਜਾ ਚੁੱਕੀ ਧੀ ਦੇ ਕੱਪੜਿਆਂ ਦੀ ਫੋਲਾ ਫਾਲੀ ਕਰਕੇ ਨੂਰਾਂ ਵਾਸਤੇ ਦੋ ਤਿੰਨ ਚੰਗੇ ਜਿਹੇ ਸੂਟ ਕੱਢੇ। ਨੂਰਾਂ ਨਹਾ ਧੋ ਕੇ, ਨਵਾਂ ਸੂਟ ਪਾ ਕੇ ਤੇ ਕੰਘੀ ਵਾਹ ਕੇ ਜਦੋਂ ਪੀੜ੍ਹੀ 'ਤੇ ਬੈਠੀ ਤਾਂ ਪਰਸਿੰਨੀ ਨੇ ਉਸ ਨੂੰ ਘੁੱਟ ਕੇ ਜੱਫੀ ਪਾ ਲਈ। ਉਸ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਨੂਰਾਂ ਦੀ ਥਾਂ ਉਸ ਦੀ ਵਿਆਹੀ ਜਾ ਚੁੱਕੀ ਧੀ ਲਾਜੋ ਉਸ ਦੇ ਸਾਹਮਣੇ ਬੈਠੀ ਹੋਵੇ। ਸੇਵਾ ਸਿੰਘ ਇਹ ਦ੍ਰਿਸ਼ ਵੇਖ ਕੇ ਭਾਵੁਕ ਹੋ ਗਿਆ। ਨੂਰਾਂ ਵੀ ਆਪਣੇ ਆਪ ਨੂੰ ਕੁਝ ਹੱਦ ਤਕ ਚਿੰਤਾ ਮੁਕਤ ਮਹਿਸੂਸ ਕਰ ਰਹੀ ਸੀ। ਰਹੀ ਕਸਰ ਪਰਸਿੰਨੀ ਨੇ ਸਮਝਾ ਕੇ ਪੂਰੀ ਕਰ ਦਿੱਤੀ, 'ਵੇਖ ਧੀਏ, ਤੇਰੇ ਮਾਪੇ ਤਾਂ ਪਤਾ ਨਹੀਂ ਕਿੱਥੇ ਤੇ ਕਿਸ ਹਾਲਤ ਵਿੱਚ ਹੋਣਗੇ। ਹਾਲ ਦੀ ਘੜੀ ਤੂੰ ਸਾਨੂੰ ਆਪਣੇ ਮਾਪੇ ਸਮਝ ਲੈ। ਦੂਜੀ ਗੱਲ ਇਹ ਕਿ ਤੇਰੀ ਉਮਰ ਸੁਖ ਨਾਲ ਉਨੀਂ-ਵੀਹ ਵਰ੍ਹਿਆਂ ਦੀ ਲੱਗਦੀ ਐ। ਮੈਂ ਸੋਚਿਐ ਛੇਤੀ ਹੀ ਤੇਰਾ ਵਿਆਹ ਵੀ ਸੁੱਖੇ ਨਾਲ ਕਰ ਦਿਆਂਗੇ। ਏਸ ਹਾਲਤ ਵਿੱਚ ਕੁਆਰੀ ਕੁੜੀ ਦਾ ਓਪਰੇ ਘਰ ਬੈਠਣਾ ਮੁਨਾਸਬ ਨਹੀਂ ਹੁੰਦਾ। ਜਿੰਨੇ ਮੂੰਹ ਓਨੀਆਂ ਗੱਲਾਂ..। ਆਪਣਾ ਸੁੱਖਾ ਸੋਹਣਾ ਸੁਨੱਖਾ ਤੇ ਸਾਊ ਮੁੰਡਾ ਏ। ਤੂੰ ਘਰ ਸੰਭਾਲ ਲਵੇਂਗੀ ਤੇ ਮੇਰੇ ਭਰਾ ਸ਼ੰਗਾਰੇ ਦਾ ਵੀ ਚੁੱਲ੍ਹੇ ਚੌਂਕੇ ਤੋਂ ਛੁਟਕਾਰਾ ਹੋ ਜਾਊ, ਪਰ ਧੀਏ ਮੈਂ ਤੇਰੀ ਮਰਜ਼ੀ ਵੀ ਜਾਣਨਾ ਚਾਹੁੰਦੀ ਆਂ।'

ਨੂਰਾਂ ਨੇ ਆਪਣੇ ਆਪ ਨੂੰ ਸੰਭਾਲਦਿਆਂ ਤੇ ਝਿਜਕਦਿਆਂ ਕਹਿਣਾ ਸ਼ੁਰੂ ਕੀਤਾ, 'ਵੇਖ ਬੀਬੀ, ਮਰਜ਼ੀ ਮੇਰੀ ਉਹੀ ਹੋਊ ਜੋ ਤੇਰੀ ਐ, ਪਰ ਮੈਂ ਚਾਹੁੰਦੀ ਆਂ ਕਿ ਆਪਾਂ ਅਜੇ ਕੁਝ ਦਿਨ ਠਹਿਰ ਜਾਈਏ। ਮੈਂ ਜ਼ਰਾ ਆਪਣੇ ਆਪ ਨੂੰ ਚੰਗੀ ਤਰ੍ਹਾਂ ਸੰਭਾਲ ਲਵਾਂ। ਫੇਰ ਬੀਬੀ ਜਿੱਦਾਂ ਚਾਹੇਂਗੀ, ਓਦਾਂ ਈ ਹੋਊ।'

ਅਸਲ ਵਿੱਚ ਨੂਰਾਂ ਨੂੰ ਸਦਮੇ ਤੋਂ ਮੁਕਤ ਹੋ ਕੇ ਸਹਿਜ ਅਵਸਥਾ ਵਿੱਚ ਆਉਣ ਲਈ ਕੁਝ ਸਮਾਂ ਚਾਹੀਦਾ ਸੀ। ਸੋ, ਪਰਸਿੰਨੀ ਨੇ ਉਸ ਨਾਲ ਸਹਿਮਤ ਹੁੰਦਿਆਂ ਉਸ ਨੂੰ ਗਸਵੱਕੜੀ ਵਿੱਚ ਘੁੱਟ ਲਿਆ।

ਥੋੜ੍ਹੀ ਦੇਰ ਬਾਅਦ ਸ਼ੰਗਾਰਾ ਸਿੰਘ ਵੀ ਮੂੰਹ ਮੱਥਾ ਸਵਾਰ ਕੇ ਤੇ ਟੌਹਰ ਕੱਢ ਕੇ ਬੈਣ ਪਰਸਿੰਨੀ ਦੇ ਘਰ ਆ ਪੁੱਜਾ। ਇਉਂ ਜਾਪਦਾ ਸੀ ਜਿਵੇਂ ਮੁਕਲਾਵਾ ਲੈਣ ਆਇਆ ਹੋਵੇ। ਖੁੱਲ੍ਹ ਕੇ ਗੱਲ ਕਰਨ ਤੋਂ ਭਾਵੇਂ ਉਹ ਝਿਜਕਦਾ ਸੀ, ਪਰ ਆਨੇ ਬਹਾਨੇ ਆਪਣੀ ਮਿਹਨਤ ਦਾ ਮੁੱਲ ਵਸੂਲ ਕਰਨ ਵਾਸਤੇ ਆਪਣੀ ਭੈਣ ਤੇ ਭਣਵੱਈਏ ਅੱਗੇ ਤਰਲੇ ਮਿੰਨਤਾਂ ਕਰੀ ਜਾ ਰਿਹਾ ਸੀ। ਲੰਮੀ ਬਹਿਸ ਤੋਂ ਬਾਅਦ ਪਰਸਿੰਨੀ ਨੇ ਉਸ ਨੂੰ ਮਨਾ ਲਿਆ ਕਿ ਸਮਾਜ ਵਿੱਚ ਇੱਜ਼ਤ ਰੱਖਣ ਵਾਸਤੇ ਉਸ ਦਾ ਆਪਣੀ ਧੀ ਦੀ ਉਮਰ ਦੀ ਕੁੜੀ ਨਾਲ ਵਿਆਹ ਕਰਵਾਉਣ ਬਾਰੇ ਸੋਚਣਾ ਠੀਕ ਨਹੀਂ। ਸੇਵਾ ਸਿੰਘ ਨੇ ਉਸ ਨਾਲ ਇਹ ਵੀ ਵਾਅਦਾ ਕੀਤਾ ਕਿ ਜਲਦੀ ਹੀ ਕੋਈ ਲੋੜਵੰਦ ਵਿਧਵਾ ਲੱਭ ਕੇ ਉਸ ਨਾਲ ਉਹਦੀ ਚਾਦਰ ਪੁਆ ਦੇਵੇਗਾ।

ਕੁਝ ਦਿਨਾਂ ਬਾਅਦ ਜਦੋਂ ਨੂਰਾਂ ਦਾ ਮਾਨਸਿਕ ਤਣਾਉ ਕੁਝ ਘੱਟ ਹੋਇਆ ਤਾਂ ਸੇਵਾ ਸਿੰਘ ਤੇ ਪਰਸਿੰਨੀ ਨੇ ਫੈਸਲਾ ਕੀਤਾ ਕਿ ਹੋਰ ਕੁਝ ਦਿਨ ਠਹਿਰ ਕੇ ਨੇੜਲੇ ਗੁਰ-ਦੁਆਰੇ ਵਿੱਚ ਬਿਲਕੁਲ ਸਾਦੇ ਢੰਗ ਨਾਲ ਸੁਖਦੇਵ ਤੇ ਨੂਰਾਂ ਦਾ ਆਨੰਦ ਕਾਰਜ ਕਰਵਾ ਦਿੱਤਾ ਜਾਵੇ, ਨਾਲ ਨੂਰਾਂ ਦਾ ਨਾਮ ਬਦਲ ਕੇ ਨਰਿੰਦਰ ਕੌਰ ਰੱਖਿਆ ਜਾਵੇ। ਇਹ ਤਜਵੀਜ਼ ਜਦੋਂ ਸ਼ੰਗਾਰਾ ਸਿੰਘ ਅਤੇ ਸੁੱਖੇ ਅੱਗੇ ਰੱਖੀ ਤਾਂ ਪਿਉ ਪੁੱਤ ਦੋਵੇਂ ਸਹਿਮਤ ਹੋ ਗਏ। ਦੋ ਹਫਤਿਆਂ ਬਾਅਦ ਸੇਵਾ ਸਿੰਘ ਨੇ ਗੁਰਦੁਆਰੇ ਦੇ ਭਾਈ ਜੀ ਨੂੰ ਸਾਰਾ ਪ੍ਰੋਗਰਾਮ ਸਮਝਾ ਦਿੱਤਾ। ਪਰਸਿੰਨੀ ਨੇ ਨਰਿੰ-ਦਰ ਕੌਰ ਦੀਆਂ ਲਾਵਾਂ ਵਾਸਤੇ ਇਕ ਲਾਲ ਸੂਟ ਤੇ ਦੋ ਹੋਰ ਸੂਟ ਸਿਊਣ ਵਾਸਤੇ ਦਰਜ਼ੀ ਨੂੰ ਦੇ ਦਿੱਤੇ ਤੇ ਉਦਰ ਸ਼ੰਗਾਰਾ ਸਿੰਘ ਵੀ ਆਪਣੇ ਵਿੱਤ ਅਨੁਸਾਰ ਪੁੱਤਰ ਦੇ ਸਾਦ ਮੁਰਾਦੇ ਵਿਆਹ ਦੀ ਤਿਆਰੀ ਵਿੱਚ ਰੁੱਝ ਗਿਆ।

ਸਭ ਕੁਝ ਠੀਕ ਠਾਕ ਚੱਲ ਰਿਹਾ ਸੀ ਕਿ ਇਕ ਹੁੰਮਸ ਭਰੀ ਸ਼ਾਮ ਨੂੰ ਇਕ ਫੌਜੀ ਟਰੱਕ ਸੇਵਾ ਸਿੰਘ ਦੇ ਘਰ ਅੱਗੇ ਰੁਕਿਆ। ਕੁਝ ਫੌਜੀਆਂ ਤੇ ਪੰਜ ਛੇ ਔਰਤਾਂ ਤੋਂ ਇਲਾਵਾ ਤਰਨ ਤਾਰਨ ਦੇ ਦੋ ਤਿੰਨ ਮੋਹਤਬਰ ਬੰਦੇ ਵੀ ਉਸ ਵਿੱਚ ਸਵਾਰ ਸਨ। ਇਨ੍ਹਾਂ ਵਿੱਚ ਸੇਵਾ ਸਿੰਘ ਦਾ ਜਾਣੂੰ ਇਕ ਸੇਵਾਮੁਕਤ ਹੈਡਮਾਸਟਰ ਸੀ। ਸੇਵਾ ਸਿੰਘ ਦੀ ਘਬਰਾਹਟ ਦੂਰ ਕਰਨ ਲਈ ਉਸ ਨੇ ਸਮਝਾਇਆ, 'ਇਹ ਪਾਕਿਸਤਾਨ ਸਰਕਾਰ ਦੇ ਰਿਕਵਰੀ ਵਿਭਾਗ ਦੇ ਅਧਿਕਾਰੀ ਨੇ ਤੇ ਏਧਰ ਰਹਿ ਗਈਆਂ ਮੁਸਲਮਾਨ ਔਰਤਾਂ ਨੂੰ ਪਾਕਿਸਤਾਨ ਲਿਜਾਣਾ ਇਨ੍ਹਾਂ ਦੀ ਡਿਊਟੀ ਐ। ਇਨ੍ਹਾਂ ਮਜ਼ਲੂਮ ਔਰਤਾਂ ਦੀ ਮੁਕੰਮਲ ਲਿਸਟ ਇਨ੍ਹਾਂ ਕੋਲ ਮੌਜੂਦ ਐ। ਦੋਵਾਂ ਮੁਲਕਾਂ ਦਰਮਿ-ਆਨ ਹੋਏ ਸਮਝੌਤੇ ਮੁਤਾਬਕ ਸਾਡੇ ਮੁਲਕ ਦੇ ਰਿਕਵਰੀ ਮਹਿਕ-ਮੇ ਦੇ ਅਫਸਰ ਵੀ ਉਧਰੋਂ ਸਾਡੀਆਂ ਧੀਆਂ ਭੈਣਾਂ ਨੂੰ ਲਿਸਟ ਮੁਤਾਬਕ ਲੱਭ ਕੇ ਏਧਰ ਲਿਆ ਰਹੇ ਨੇ।'

ਰਿਕਵਰੀ ਅਫਸਰ ਵੀ ਕੋਈ ਭਲਾ ਲੋਕ ਸੀ। ਉਸ ਨੇ ਬੜੀ ਅਧੀਨਗੀ ਨਾਲ ਸੇਵਾ ਸਿੰਘ ਨੂੰ ਬੇਨਤੀ ਕੀਤੀ, 'ਤੁਸੀਂ ਹੋਰ ਦੇਰੀ ਨਾ ਕਰੋ ਤੇ ਨੂਰਾਂ ਨਾਮ ਦੀ ਕੁੜੀ ਨੂੰ ਸਾਡੇ ਹਵਾਲੇ ਕਰ ਦਿਉ।'

ਘਰ ਦੇ ਸਾਰੇ ਜੀਅ ਟਰੱਕ ਦੇ ਨੇੜੇ ਪਹੁੰਚ ਗਏ। ਸ਼ੰਗਾਰਾ ਸਿੰਘ ਬੁੱਤ ਬਣਿਆ ਖੜਾ ਸੀ। ਸੁੱਖਾ ਮਾਯੂਸ ਤੇ ਲਾਚਾਰ ਸਿਰ ਸੁੱਟੀ ਖੜਾ ਸੀ ਤੇ ਨੂਰਾਂ ਪਰਸਿੰਨੀ ਦੀ ਗਲਵਕੜੀ ਵਿੱਚ ਸਿਸਕੀਆਂ ਭਰ ਰਹੀ ਸੀ। ਰਿਕਵਰੀ ਅਫਸਰ ਸੇਵਾ ਸਿੰਘ ਨੂੰ ਬੇਨਤੀ ਕਰ ਰਿਹਾ ਸੀ ਕਿ ਕੁੜੀ ਨੂੰ ਜਲਦੀ ਉਸ ਦੇ ਹਵਾਲੇ ਕੀਤਾ ਜਾਵੇ।

ਓੜਕ ਪਰਸਿੰਨੀ ਨੇ ਹੌਸਲਾ ਕਰਕੇ ਰਿਕਵਰੀ ਅਫਸਰ ਨੂੰ ਆਪਣੇ ਕੋਲ ਬੁਲਾਇਆ ਤੇ ਬੜੇ ਜਜ਼ਬਾਤੀ ਰਉਂ ਵਿੱਚ ਕਹਿਣ ਲੱਗੀ, 'ਵੇਖ ਭਰਾਵਾ, ਤੁਹਾਡੀ ਅਮਾਨਤ ਤੁਹਾਡੇ ਹਵਾਲੇ ਕਰਨ ਵਿੱਚ ਮੈਨੂੰ ਕੋਈ ਉਜਰ ਨਹੀਂ, ਪਰ ਨਾਲ ਇਕ ਗੱਲ ਹੋਰ ਵੀ ਤੈਨੂੰ ਦੱਸ ਦਿਆਂ ਕਿ ਇਹ ਕੁੜੀ ਬਿਲਕੁਲ ਸੱਚੀ ਸੁੱਚੀ ਐ। ਇਹਦੇ ਮਾਪਿਆਂ ਨੂੰ ਦੱਸ ਦੇਈਂ ਕਿ ਇਹਦੀ ਇੱਜ਼ਤ ਨੂੰ ਮੈਂ ਕਿਸੇ ਕਿਸਮ ਦਾ ਦਾਗ ਨਹੀਂ ਲੱਗਣ ਦਿੱਤਾ।' ਇਸ ਕਰੁਣਾਮਈ ਸਥਿਤੀ ਵਿੱਚ ਰਿਕਵਰੀ ਅਫਸਰ ਦੀਆਂ ਅੱਖਾਂ ਨਮ ਹੋ ਗਈਆਂ। ਪਰਸਿੰਨੀ ਨੂੰ ਝੁਕ ਕੇ ਸਲਾਮ ਕਰਦਾ ਹੋਇਆ ਉਹ ਨੂਰਾਂ ਨੂੰ ਲੈ ਕੇ ਟਰੱਕ 'ਤੇ ਸਵਾਰ ਹੋ ਗਿਆ।

# ELECT ETOBICOKE NORTH
CITY COUNCILLOR WARD 1

ਪਿਛਲੇ 18 ਸਾਲਾਂ ਤੋ Etobicoke ਵਿੱਚ ਹੀ ਰਹਿ ਰਿਹਾ ਹਾਂ ਤੇ ਮੈ ਜਨਤਾ ਦੀ ਆਵਾਜ ਬਣਕੇ ਇਨ੍ਹਾਂ ਮੁਦਿਆਂ ਨੂੰ ਪਹਿਲ ਦੇਵਾਗਾਂ

## I'm Advocating for :
- Improve Community Safety
- Transparency & Accountability
- Increase Facilities for Seniors
- Crime Prevention
- Road Safety & Transit
- Improved Healthcare
- Infrastructure



"ETOBICOKE FIRST"

SHIRISH **PATEL**

Cell: **647-296-5681** vote**forshirish.ca**

Strong **Voice.** Strong **Communities.**



# RE-ELECT MARTIN MEDEIROS
BRAMPTON REGIONAL COUNCILLOR FOR WARDS 3 & 4

**Delivered Results 2014–2018**

- Member of the Blue Ribbon Panel that finally brought Brampton's first university
- Focus on crime and safety such as supporting the addition of 37 police officers and coordination of stakeholders for a safer city
- Lead role in the largest restructuring and modernization of Brampton City Hall to improve customer service and eliminate high salaries and excessive bureaucracy
- Delivered Brampton 2040 Vision, a plan for a modern, sustainable, well-planned urban city, including revitalization of our downtown
- Led the charge to build Brampton's first homeless youth shelter, affordable transit pilot project and developed a 10 year Housing Strategy as the Chair of Human Services at Peel Region



My top priority since taking office in 2014 has been to effect change and restore residents' confidence in City Hall.

I will continue to tackle issues such as: fighting gridlock, creating jobs, improving public transit, reducing crime, better healthcare and building a culture at city hall of respect for hard-earned taxpayer dollars. I will continue to advocate on your behalf as we work to **Move Brampton Forward.**

VOTE MEDEIROS 8975 McLAUGHLIN RD. S UNIT 9 martinmedeiros.ca OCTOBER 22, 2018

vote@martinmedeiros.ca 647.956.5319 ReelectMartinMedeiros medeiros_martin vote_martin_medeiros



# KHALSA COMMUNITY SCHOOL
**69 Maitland Street, Brampton, ON, L6S 3B5**

**Tel: 905-791-1750 Fax: 905-458-9133**

www.khalsacommunityschool.com

## OPEN HOUSE FOR KINDERGARTEN

**SATURDAY, OCTOBER 20, 2018**

**FROM 11.00 A.M. – 3.00 P.M.**

**REGISTRATION OPEN FOR J.K. – GRADE 12**

**FULL DAY PROGRAMME FOR J.K. & S.K.**

**GRADE 1 – 12 (Limited Seats Only)**

**PLEASE CALL 905-791-1750**

2019 – 2020 ਦੇ ਸੈਸ਼ਨ ਲਈ

ਜੇ. ਕੇ. ਤੋਂ ਗ੍ਰੇਡ 12 ਦੀ ਰਜਿਸਟ੍ਰੇਸ਼ਨ ਸ਼ੁਰੂ ਹੈ।

ਜੇ. ਕੇ. ਅਤੇ ਐੱਸ. ਕੇ. ਲਈ ਫੁੱਲ ਡੇ ਪ੍ਰੋਗਰਾਮ

ਗ੍ਰੇਡ 1 – 12 (ਸੀਟਾਂ ਸੀਮਤ ਹੀ ਹਨ)

ਹੋਰ ਜਾਣਕਾਰੀ ਲਈ 905-791-1750 ਤੇ ਸੰਪਰਕ ਕਰ ਸਕਦੇ ਹੋ।



ਰਿਜਨਲ ਕੌਂਸਲਰ, ਵਾਰਡ 9 ਅਤੇ 10

22 ਅਕਤੂਬਰ ਨੂੰ ਚੁਣੋ

# ਗੁਰਪ੍ਰੀਤ ਸਿੰਘ ਢਿੱਲੋਂ
ਪਰਖੀ ਹੋਈ ਲੀਡਰਸ਼ਿਪ



- ਨੌਕਰੀਆਂ ਪੈਦਾ ਕਰਨ ਵਾਲੇ
- ਯੂਨੀਵਰਸਿਟੀ ਦੀ ਮਨਜ਼ੂਰੀ
- ਜੁਰਮ ਘਟਾਉਣ ਲਈ ਪਹਿਲ-ਕਦਮੀ
- ਟੈਕਸ-ਦਰਾਂ ਦੀ ਸੁਰੱਖਿਆ
- LRT ਲਈ ਜੱਦੋ-ਜਹਿਦ
- ਟੈਕਸੀ ਇੰਡਸਟਰੀ ਦੇ ਹੱਕ ਵਿਚ ਖੜੇ ਹੋਣ ਵਾਲੇ

gurpreetsinghdhillon.com | info@gurpreetsinghdhillon.com | 905-781-1010 | @gurpreet brampton | @gurpreet dhillon

Top 1% Ranked In Broker

Call For a Quick & Free Home Evaluation
www.BramptonQuickHomeEvaluation.com

Urgently Need New Listing in Brampton/GTA Call Jag Today To Sell Your Property For Top $$$ & Accurate Price

(**2016,2015,2014,2013 **(2009,2008) 2012,2011,2010)**RE/MAX International (2010) **(2014)


RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH
GUARANTEED*
OR HE'LL BUY IT!*


www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com

Visit us at: www.jagaujla.com






BRAMPTON $729,905
ਬਵੇਰਡ/ਜੇਮਜ਼ ਪੋਟਰ
ਬਹੁਤ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਐਂਡ 3 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਘਰ, unspoiled ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ ਸਹੂਲਤਾਂ ਦੇ ਨੇੜੇ।




BRAMPTON $869,905
ਬਰੈਮਲੀ, ਸੈਂਡਲਵੁਡ
ਬਹੁਤ ਸੋਹਣਾ ਅਤੇ ਸਾਫ ਸੁਥਰਾ 4+2 ਬੈਡਰੂਮ ਐਂਡ 4 ਵਾਸ਼ਰੂਮ ਸੈਮੀ ਡਿਟੈਚ ਡਬਲ ਸਟੋਰੀ ਘਰ, ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, ਮਾਸਟਰ ਬੈਡਰੂਮ ਨੂੰ 5 ਪੀਸ ਈਨ ਸੂਟ, ਅਪਗ੍ਰੇਡਿਡ ਕਿਚਨ, ਡਬਲ ਡੋਰ ਗਰਾਜ਼, ਕਿਚਨ ਨੂੰ ਬੈਕ ਸਪਲੈਸ਼, ਸਟਨਲੈਸ ਸਟੀਲ ਅਪਲਾਇੰਸਿਸ, ਆਦਿ ਸਹੂਲਤਾਂ ਦੇ ਨੇੜੇ।



BRAMPTON $1,098,905
ਜੇਮਜ਼ ਪੋਟਰ/ਬੋਣੀ ਬਰੇਸ
ਬਹੁਤ ਸੋਹਣਾ 4+1 ਬੈਡਰੂਮ ਐਂਡ 5 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, 3359 ਸਕੇਅਰ ਫੁੱਟ ਵਿੱਚ, ਫਿਨਿਸ਼ਡ ਬੈਸਮੈਂਟ, ਹਾਰਡਵੂਡ ਫਲੋਰ, ਮਾਸਟਰ ਬੈਡਰੂਮ 5 ਪੀਸ ਈਨਸੂਟ,ਓਕ ਸਟੇਅਰਕੇਸ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।



BRAMPTON $1,489,905
ਗੋਰਵੇ & ਕੰਟਰੀਸਾਇਡ
ਬਹੁਤ ਸੋਹਣਾ ਅਤੇ ਸਾਫ ਸੁਥਰਾ 4 + 2 ਬੈਡਰੂਮ ਐਂਡ 5 ਵਾਸ਼ਰੂਮ ਘਰ, ਫੀਨਿਸ਼ਡ ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, ਗਰਾਜ ਨੂੰ ਡਬਲ ਡੋਰ ਏਨਟਰੀ, ਕਿਚਨ ਨੂੰ ਬੇਕ ਸਪਲੈਸ਼, ਸਟੇਨਲੈਸ ਸਟੀਲ ਅਪਲਾਇੰਸਿਸ, ਡਬਲ ਡੋਰ ਏਨਟਰੀ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।



BRAMPTON $1,798,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਸੋਹਣਾ 5+1 ਬੈਡਰੂਮ ਐਂਡ 5 ਵਾਸ਼ਰੂਮ ਆਫ਼ਿਸ +3 ਕਾਰ ਗਰਾਜ, + 7 ਕਾਰਾਂ ਦੀ ਬਾਹਰ ਪਾਰਕਿੰਗ, 10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ, 90 ਪੋਟ ਲਾਈਟਸ, ਸਮੂਥ ਸੀਲਿੰਗ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।



Offering 3 Acres of Land
GUELPH $1,250,000
ਗੋਲਫ, 540 ਯਾਰਕ ਰੋਡ
540 ਯਾਰਕ ਰੋਡ ਪ੍ਰਾਪਰਟੀ ਵਿੱਚ ਤੁਸੀ ਵਾਹੀਕਲ/ ਆਟੋ, ਗੇਸ ਬਾਰ, ਕਾਰ ਵਾਸ਼, ਸਟਰੋਰੇਜ ਆਦਿ ਦਾ ਕਾਰੋਬਾਰ ਕਰ ਸਕਦੇ ਹੋ। ਤਿੰਨ ਏਕੜ ਦੀ ਖਾਲੀ ਜ਼ਮੀਨ। ਹਾਈ ਟਰੇਫਿਕ ਅਤੇ ਵਿਕਾਸਸ਼ੀਲ ਏਰੀਆ, ਪਰਾਈਮ ਲੋਕੇਸ਼ਨ, ਜੋਨਜ਼ ਵਿੱਚ ਬਦਲਾਓ ਆ ਸਕਦੇ ਹਨ । ਗੋਲਫ ਇੰਨੋਵੈਸ਼ਨ ਡਿਸਟ੍ਰੀਕ ਵਲੋਂ ਅਪਰੂਵਡ ਜ਼ਮੀਨ। ਇੰਵੇਸਟਰਾਂ ਅਤੇ ਬਿਲਡਰਾਂ ਲਈ ਵਧੀਆ ਮੋਕਾ।



IFS
INTERSTATE FREIGHT SYSTEMS INC.
A/Z ਡਰਾਈਵਰ ਤੇ ਡਿਸਪੈਚਰ ਦੀ ਲੋੜ

USA, Montreal, Montreal Local, Within Ontario ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ

- 2 ਸਾਲ ਦਾ Experience, USA ਵਾਸਤੇ ਫਾਸਟ ਕਾਰਡ (Fast Card) ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ



New Drivers are welcome

Please Send Resume at: careers@interstatefreightsystem.com
416-452-0677, 647-448-3500 (Monday to Friday | 10am to 5pm)



REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799* upto 100% Deductible Paid*

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com





Grand Upholstery Ltd
Sofa Company Originality in Every Piece
Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com



ELECT City of Brampton
Regional Councillor Wards 7 & 8

PAT FORTINI

MY PRIORITIES ARE TO CONTINUE ADVOCATING FOR:

- ☑ Crime Prevention & Safety
- ☑ Accountability & Transparency
- ☑ Infrastructure ☑ University
- ☑ LRT & Transit ☑ Job Creation
- ☑ Health Care & Community Leadership
- ☑ Our Senior Community

TOGETHER Let's Move Brampton Into The Future



VISIT US AT OUR CAMPAIGN OFFICE
25 KINGS CROSS ROAD (at Knightsbridge & Kings Cross)
CAMPAIGN OFFICE 905-497-7220
CELL PHONE 416-804-2510
PatFortini Pat_Fortini www.patfortini.ca

LEADERSHIP • EXPERIENCE • COMMITMENT



ELECT ☑ Brampton City Councillor Candidate Ward 7 & 8

Harveen DHALIWAL

- ☑ Community Safety
- ☑ Accountability & Transprancy
- ☑ Infrastructure
- ☑ LRT & Transit
- ☑ University
- ☑ Local Job Creation
- ☑ Our Senior Community
- ☑ Creating Better Neighbourhoods for our Families and Friends.
- ☑ Improve our Parks and Recreational Facilities



Educational Background:
Bachelor of Arts at University of Toronto
Masters in Public Administration at Pace University, New York

VISIT US AT OUR CAMPAIGN OFFICE
260 Queen Street East, Brampton ON L6V 1B9
Campaign Office: 437-235-1708 Cell: 647-999-4432
E : electharveendhaliwal@gmail.com
W : www.harveendhaliwal.com • f : HarveenDhaliwal

Working Together For A Better Future....
ON OCTOBER 22ND ELECT HARVEEN DHALIWAL